ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 189| 20 August to 26 August, 2025 | Ph.: (510) 240-5949 | Email: asrtimes@gmail.com





# ਕਿਵੇਂ ਰੁਕੇਗੀ ਰੂਸ-ਯੂਕ੍ਰੇਨ ਜੰਗ?

## ਟਰੰਪ ਵੱਲੋਂ ਪੂਤਿਨ ਅਤੇ ਜ਼ੇਲੈਂਸਕੀ ਨਾਲ ਮੀਟਿੰਗਾਂ ਤੋਂ ਬਾਅਦ ਜੰਗ ਰੁਕਣ ਦੇ ਬਣੇ ਆਸਾਰ

**ਜਗਮੋਹਨ ਸਿੰਘ 'ਲੱਕੀ'**

ਸੋਵੀਅਤ ਸੰਘ ਦੀ ਹੋਂਦ ਵੇਲੇ ਰੂਸ ਵਾਂਗ ਯੂਕ੍ਰੇਨ ਵੀ ਇਸ ਦਾ ਮੁੱਖ ਹਿੱਸਾ ਹੁੰਦਾ ਸੀ ਪਰ 1991 ਵਿੱਚ ਸੋਵੀਅਤ ਸੰਘ ਦੇ ਪਤਨ ਤੋਂ ਬਾਅਦ ਯੂਕ੍ਰੇਨ ਵੱਖਰਾ ਦੇਸ਼ ਬਣ ਗਿਆ। ਸ਼ੁਰੂ ਵਿੱਚ ਯੂਕ੍ਰੇਨ ਅਤੇ ਰੂਸ ਦੇ ਸੰਬੰਧ ਨਜ਼ਦੀਕੀ ਸਨ ਅਤੇ ਦੋਵਾਂ ਦੇਸ਼ਾਂ ਵਿਚਾਲੇ ਮਿੱਤਰਤਾਪੂਰਨ ਸਬੰਧ ਸਨ ਪਰ ਹੋਲੀ ਹੋਲੀ ਅਮਰੀਕਾ ਤੇ ਹੋਰਨਾਂ ਪੱਛਮੀ ਮੁਲਕਾਂ ਵੱਲੋਂ ਯੂਕ੍ਰੇਨ ਵਿੱਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਗਈਆਂ ਅਤੇ ਯੂਕ੍ਰੇਨ ਦੀ ਸਹਾਇਤਾ ਨਾਲ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਵੱਲੋਂ ਰੂਸ ਨੂੰ ਘੇਰਨ ਦਾ ਯਤਨ ਕੀਤਾ ਗਿਆ। ਰੂਸ ਵੀ ਤੁਰੰਤ ਇਸ ਸਥਿਤੀ ਨੂੰ ਭਾਂਪ ਗਿਆ ਅਤੇ ਉਸ ਨੇ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਦੀਆਂ ਯੂਕ੍ਰੇਨ ਵਿੱਚ ਸਰਗਰਮੀਆਂ ਦਾ ਸਖ਼ਤ ਵਿਰੋਧ ਕੀਤਾ, ਜਿਥੋਂ ਹੀ ਇਸ ਜੰਗ ਦਾ ਮੁੱਢ ਬੱਝਿਆ। ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਦੋਵਾਂ ਦੇਸ਼ਾਂ ਨੂੰ ਕੀਤੀਆਂ ਜਾ ਰਹੀਆਂ ਸ਼ਾਂਤੀ ਦੀਆਂ ਅਪੀਲਾਂ ਦੇ ਬਾਵਜੂਦ ਇਹ ਜੰਗ ਅਜੇ ਜਾਰੀ ਹੈ।



ਰੂਸ ਵੱਲੋਂ 24 ਫ਼ਰਵਰੀ 2022 ਨੂੰ ਯੂਕ੍ਰੇਨ ਉੱਤੇ ਹਮਲਾ ਕਰਨ ਤੋਂ ਬਾਅਦ ਸ਼ੁਰੂ ਹੋਈ 'ਰੂਸ ਅਤੇ ਯੂਕ੍ਰੇਨ ਜੰਗ' ਅਜੇ ਵੀ ਜਾਰੀ ਹੈ, ਭਾਵੇਂ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਜੰਗ ਨੂੰ ਰੋਕਣ ਲਈ ਉਚੇਚੇ ਯਤਨ ਵੀ ਕੀਤੇ ਜਾ ਰਹੇ ਹਨ, ਪਰ ਇਹਨਾਂ ਯਤਨਾਂ ਨੂੰ ਅਜੇ ਤੱਕ ਬੂਰ ਨਹੀਂ ਪਿਆ। ਪਿਛਲੇ ਦਿਨੀਂ 'ਅਲਾਸਕਾ' ਵਿੱਚ ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਰੂਸ ਦੇ ਰਾਸ਼ਟਰਪਤੀ ਪੂਤਿਨ ਵਿਚਾਲੇ ਰੂਸ-ਯੂਕ੍ਰੇਨ ਜੰਗ ਰੋਕਣ ਸਬੰਧੀ ਹੋਈ ਅਹਿਮ ਮੀਟਿੰਗ ਵੀ ਬੇਨਤੀਜਾ ਰਹੀ, ਹੁਣ ਦੋਵਾਂ ਆਗੂਆਂ ਵਿਚਾਲੇ ਅਗਲੀ ਮੀਟਿੰਗ ਮਾਸਕੋ ਵਿਖੇ ਹੋਣ ਦੀ ਸੰਭਾਵਨਾ ਹੈ। ਰੂਸ ਦੇ ਰਾਸ਼ਟਰਪਤੀ ਪੂਤਿਨ ਨਾਲ ਮੀਟਿੰਗ ਤੋਂ ਬਾਅਦ ਵਾਈਟ ਹਾਊਸ ਵਿਖੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਯੂਕ੍ਰੇਨ ਦੇ ਰਾਸ਼ਟਰਪਤੀ ਜੇਲੈਂਸਕੀ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੇ ਚੰਗੇ ਨਤੀਜੇ ਨਿਕਲਣ ਦੀ ਆਸ ਕੀਤੀ ਜਾ ਰਹੀ ਹੈ ਅਤੇ ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਜਲਦੀ ਹੀ ਟਰੰਪ ਦੀ ਵਿਚੋਲਗੀ ਵਿੱਚ ਪੂਤਿਨ ਅਤੇ ਜੇਲੈਂਸਕੀ ਵਿਚਾਲੇ ਮੀਟਿੰਗ ਹੋਵੇਗੀ।

ਰੂਸ ਅਤੇ ਯੂਕ੍ਰੇਨ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਹਨ ਪਰ ਜੰਗ ਕਾਰਨ ਇਹਨਾਂ ਦੋਵਾਂ ਦੇਸ਼ਾਂ ਦੀ ਕੁਦਰਤੀ ਸੁੰਦਰਤਾ ਨੂੰ ਗ੍ਰਹਿਣ ਲੱਗ ਗਿਆ ਹੈ। ਦੋਵਾਂ ਦੇਸ਼ਾਂ ਦੀ ਹਵਾ ਵਿੱਚ ਰੰਗ ਬਿਰੰਗੇ ਫੁੱਲਾਂ ਤੇ ਪੌਦਿਆਂ ਦੀਆਂ ਸੁੰਗਧੀਆਂ ਦੀ ਥਾਂ ਹੁਣ ਬਾਰੂਦ ਦੀ ਮੁਸ਼ਕ ਰਲ ਗਈ ਹੈ। ਇਸ ਜੰਗ ਦਾ ਸ਼ਿਕਾਰ ਦੋਵਾਂ ਦੇਸ਼ਾਂ ਦੇ ਨਿਰਦੋਸ਼ ਲੋਕ ਹੀ ਨਹੀਂ ਹੋਏ, ਸਗੋਂ ਦੋਵਾਂ ਦੇਸ਼ਾਂ ਦੇ ਪੰਛੀ ਤੇ ਜਾਨਵਰ ਵੀ ਹੋਏ ਹਨ। ਦੋਵਾਂ ਦੇਸ਼ਾਂ ਦੇ ਅਨੇਕਾਂ ਪੰਛੀ ਇਸ ਜੰਗ ਵਿੱਚ ਬੇਦੋਸ਼ੇ ਮਾਰੇ ਗਏ ਹਨ, ਜਿਹੜੇ ਬੱਚ ਗਏ, ਉਹ ਦੂਰ ਕਿਧਰੇ ਉਡਾਰੀ ਮਾਰ ਗਏ। ਇਸ ਜੰਗ ਕਾਰਨ ਦੋਵਾਂ ਦੇਸ਼ਾਂ ਦੇ ਆਲੀਸ਼ਾਨ ਇਮਾਰਤਾਂ ਵਾਲੇ ਸੋਹਣੇ ਸੋਹਣੇ ਅਨੇਕਾਂ ਸ਼ਹਿਰ ਮਲਬੇ ਦੇ ਢੇਰ ਬਣ ਗਏ ਹਨ। ਜੰਗ ਵਾਲੇ ਖੇਤਰ 'ਚ ਹਰ ਪਾਸੇ ਮੌਤ ਦਾ ਤਾਂਡਵ ਵੇਖਣ ਨੂੰ ਮਿਲ ਰਿਹਾ ਹੈ ਅਤੇ ਜ਼ਖ਼ਮੀਆਂ ਦੀ ਕੁਰਲਾਹਟ ਸੁਣਾਈ ਦੇ ਰਹੀ ਹੈ। ਇਸ ਦੇ ਬਾਵਜੂਦ ਦੋਵੇਂ ਦੇਸ਼ ਇਸ ਜੰਗ ਨੂੰ ਜਾਰੀ ਰੱਖਣ ਲਈ ਅੜੇ ਹੋਏ ਹਨ।

ਰੂਸ-ਯੂਕ੍ਰੇਨ ਜੰਗ ਵਿੱਚ ਦੋਵਾਂ ਦੇਸ਼ਾਂ ਦੇ ਹਜ਼ਾਰਾਂ ਨਾਗਰਿਕ ਮਾਰੇ ਜਾ ਚੁੱਕੇ ਹਨ ਪਰ ਦੋਵੇਂ ਦੇਸ਼ ਆਪਣੇ ਮ੍ਰਿਤਕ ਨਾਗਰਿਕਾਂ ਦੀ ਸਹੀ ਗਿਣਤੀ ਨੂੰ ਛੁਪਾ ਰਹੇ ਹਨ। ਅੰਤਰਰਾਸ਼ਟਰੀ ਮੀਡੀਆ ਅਨੁਸਾਰ ਹੁਣ ਤੱਕ ਯੁੱਧ ਵਿੱਚ 4.75 ਲੱਖ ਸੈਨਿਕ ਅਤੇ ਨਾਗਰਿਕ ਮਾਰੇ ਗਏ ਹਨ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਫਰਵਰੀ 2025 ਦੇ ਸ਼ੁਰੂ ਵਿੱਚ ਕਿਹਾ ਸੀ ਕਿ ਇਸ ਜੰਗ ਵਿੱਚ ਉਨ੍ਹਾਂ ਦੇ 45,000 ਸੈਨਿਕ ਮਾਰੇ ਗਏ ਸਨ, ਜਦੋਂ ਕਿ 3.90 ਲੱਖ ਰੂਸੀ ਸੈਨਿਕ ਮਾਰੇ ਗਏ ਸਨ। ਇਸੇ ਤਰ੍ਹਾਂ, ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਨਿਗਰਾਨੀ ਮਿਸ਼ਨ ਦੇ ਅਨੁਸਾਰ, ਇਸ ਜੰਗ ਵਿੱਚ 40,000 ਨਾਗਰਿਕ ਮਾਰੇ ਗਏ ਹਨ ਅਤੇ 62,000 ਤੋਂ ਵੱਧ ਜ਼ਖਮੀ ਹੋਏ ਹਨ।

ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਦੇ ਅਨੁਸਾਰ, 2024 ਦੇ ਅੰਤ ਤੱਕ 63 ਲੱਖ ਯੂਕ੍ਰੇਨੀ ਸ਼ਰਨਾਰਥੀ ਯੂਰਪ ਵਿੱਚ ਸਨ। 12 ਲੱਖ ਜਰਮਨੀ ਵਿੱਚ, 9 ਲੱਖ ਪੋਲੈਂਡ ਵਿੱਚ ਅਤੇ 3.9 ਲੱਖ ਚੈੱਕ ਗਣਰਾਜ ਵਿੱਚ ਰਹਿ ਰਹੇ ਹਨ। ਇਸੇ ਤਰ੍ਹਾਂ, 12 ਲੱਖ ਯੂਕ੍ਰੇਨੀ ਸ਼ਰਨਾਰਥੀ ਰੂਸ ਵਿੱਚ ਵੀ ਰਹਿ ਰਹੇ ਹਨ।

ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਜੰਗ ਨੂੰ ਰੋਕਣ ਲਈ ਆਲਮੀ ਪੱਧਰ 'ਤੇ ਬਹੁਤ ਯਤਨ ਹੋ ਰਹੇ ਹਨ। ਇਸ ਜੰਗ ਨੂੰ ਰੋਕਣ ਲਈ ਸਭ ਤੋਂ ਜ਼ਿਆਦਾ ਸਰਗਰਮ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਹਨ।

(**ਬਾਕੀ ਸਫ਼ਾ 30 'ਤੇ**)

## ਜੰਗ ਦੇ ਮੁੱਖ ਕਾਰਨਾਂ ਨੂੰ ਖ਼ਤਮ ਕਰਨ ਦੀ ਲੋੜ: ਪੂਤਿਨ




'ਅਲਾਸਕਾ' ਵਿਖੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨਾਲ ਮੀਟਿੰਗ ਤੋਂ ਬਾਅਦ ਸਾਂਝੀ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਰੂਸ ਦੇ ਰਾਸ਼ਟਰਪਤੀ ਪੂਤਿਨ ਨੇ ਕਿਹਾ ਕਿ ਉਨ੍ਹਾਂ ਦੀ ਚਰਚਾ ਦਾ ਕੇਂਦਰੀ ਮੁੱਦਾ ਯੂਕ੍ਰੇਨ ਜੰਗ ਸੀ।

ਉਨ੍ਹਾਂ ਕਿਹਾ, 'ਸਥਾਈ ਅਤੇ ਲੰਬੇ ਸਮੇਂ ਦੇ ਸਮਝੌਤੇ ਲਈ ਸਾਨੂੰ ਜੰਗ ਦੇ ਮੁੱਖ ਕਾਰਨਾਂ ਨੂੰ ਖਤਮ ਕਰਨ ਦੀ ਜ਼ਰੂਰਤ ਹੈ।' ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ 'ਕਾਰਨਾਂ' ਤੋਂ ਉਨ੍ਹਾਂ ਦਾ ਮਤਲਬ ਕਿਸ ਗੱਲ ਤੋਂ ਹੈ। ਨਾਲ ਹੀ ਉਨ੍ਹਾਂ ਇਹ ਵੀ ਕਹਿ ਦਿੱਤਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਯੂਕ੍ਰੇਨੀ ਅਤੇ ਯੂਰਪੀ ਇਸ ਸ਼ਾਂਤੀ ਪ੍ਰਕਿਰਿਆ ਵਿੱਚ 'ਰੁਕਾਵਟ ਨਹੀਂ ਪਾਉਣਗੇ' ਪੂਤਿਨ ਨੇ ਟਰੰਪ ਨਾਲ ਆਪਣੇ ਸਬੰਧਾਂ ਨੂੰ 'ਕਾਰੋਬਾਰੀ' ਦੱਸਿਆ ਅਤੇ ਟਰੰਪ ਦੇ ਇਸ ਦਾਅਵੇ ਨਾਲ ਸਹਿਮਤੀ ਪ੍ਰਗਟਾਈ ਕਿ ਜੇਕਰ ਉਹ 2020 ਦੀਆਂ ਚੋਣਾਂ ਤੋਂ ਬਾਅਦ ਵੀ ਅਹੁਦੇ 'ਤੇ ਬਣੇ ਰਹਿੰਦੇ ਤਾਂ ਜੰਗ ਸ਼ੁਰੂ ਨਾ ਹੁੰਦੀ।

## ਸਾਡੇ ਲਈ ਅੱਗੇ ਵਧਣ ਲਈ ਬਹੁਤ ਵਧੀਆ ਮੌਕਾ: ਟਰੰਪ

ਅਮਰੀਕਾ ਦੇ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਇਸ ਮੀਟਿੰਗ ਨੂੰ ਸਾਰਥਿਕ ਕਰਾਰ ਦਿੰਦਿਆਂ ਕਿਹਾ ਕਿ ਉਹ ਇਸ ਮਾਮਲੇ 'ਚ 'ਕੁਝ ਅੱਗੇ' ਵਧੇ ਹਨ ਪਰ ਡੀਲ ਨਹੀਂ ਹੋ ਸਕੀ ਅਤੇ ਕੁਝ ਚੀਜ਼ਾਂ 'ਤੇ ਫੈਸਲਾ ਅਜੇ ਬਾਕੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਡੇ ਕੋਲ ਅੱਗੇ ਵਧਣ ਲਈ 'ਬਹੁਤ ਵਧੀਆ ਮੌਕਾ' ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਉਹ ਹੁਣ ਇਸ ਮਾਮਲੇ 'ਚ ਜ਼ੇਲੇਂਸਕੀ ਸਣੇ ਨਾਟੋ ਸਹਿਯੋਗੀਆਂ ਅਤੇ ਹੋਰਾਂ ਨਾਲ ਵੀ ਗੱਲ ਕਰਨਗੇ ਕਿਉਂਕਿ 'ਆਖਰਕਾਰ' ਇਹ ਉਨ੍ਹਾਂ 'ਤੇ ਨਿਰਭਰ ਕਰਦਾ ਹੈ ਅਤੇ ਉਨ੍ਹਾਂ ਨੂੰ ਸਹਿਮਤ ਹੋਣਾ ਪਵੇਗਾ।

ਟਰੰਪ ਨੇ ਕਿਹਾ ਕਿ ਉਹ ਲੋਕਾਂ ਨੂੰ ਮਰਦੇ ਹੋਏ ਨਹੀਂ ਦੇਖਣਾ ਚਾਹੁੰਦੇ ਅਤੇ ਨਾ ਹੀ ਪੂਤਿਨ ਅਜਿਹਾ ਚਾਹੁੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ 'ਮੇਰਾ ਹਮੇਸ਼ਾ ਰਾਸ਼ਟਰਪਤੀ ਪੂਤਿਨ ਨਾਲ ਇੱਕ ਸ਼ਾਨਦਾਰ ਰਿਸ਼ਤਾ ਰਿਹਾ ਹੈ।" ਫਿਰ ਉਨ੍ਹਾਂ ਨੇ ਪੂਤਿਨ ਨੂੰ ਉਨ੍ਹਾਂ ਦੇ ਪਹਿਲੇ ਨਾਮ ਵਲਾਦੀਮੀਰ ਨਾਲ ਸੰਬੋਧਨ ਕੀਤਾ।

## ਰੂਸ ਨਾਲ ਸਮਝੌਤੇ 'ਚ ਯੂਕ੍ਰੇਨ ਦੀ ਸੁਰੱਖਿਆ ਗਰੰਟੀ ਯਕੀਨੀ ਬਣਾਈ ਜਾਵੇ : ਜ਼ੇਲੈਂਸਕੀ



ਯੂਕ੍ਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਆਪਣੇ ਅਮਰੀਕੀ ਹਮਰੁਤਬਾ ਡੋਨਲਡ ਟਰੰਪ ਤੇ ਯੂਰੋਪੀਅਨ ਆਗੂਆਂ ਨਾਲ ਮੁਲਾਕਾਤ ਤੋਂ ਬਾਅਦ ਕਿਹਾ ਕਿ ਕੀਵ ਦੀ ਸੁਰੱਖਿਆ ਨਾਲ ਜੁੜੀਆਂ ਜ਼ਾਮਨੀਆਂ ਬਾਰੇ 10 ਦਿਨਾਂ ਅੰਦਰ ਕੰਮ ਕੀਤੇ ਜਾਣ ਦੀ ਸੰਭਾਵਨਾ ਹੈ। ਜ਼ੇਲੈਂਸਕੀ ਨੇ ਆਗੂਆਂ ਨਾਲ ਬੈਠਕਾਂ ਮਗਰੋਂ ਪ੍ਰੈੱਸ ਬ੍ਰੀਫਿੰਗ ਦੌਰਾਨ ਕਿਹਾ, "ਸੁਰੱਖਿਆ ਗਾਰੰਟੀਆਂ ਸ਼ਾਇਦ ਸਾਡੇ ਭਾਈਵਾਲਾਂ ਵੱਧਲੋਂ 'ਖੋਲ੍ਹੀਆਂ' ਜਾਣਗੀਆਂ, ਅਤੇ ਹੋਰ ਵੇਰਵੇ ਸਾਹਮਣੇ ਆਉਣਗੇ।

ਇਹ ਸਭ ਕੁਝ ਅਗਲੇ ਹਫ਼ਤੇ ਤੋਂ 10 ਦਿਨਾਂ ਅੰਦਰ ਰਸਮੀ ਤੌਰ 'ਤੇ ਦਸਤਾਵੇਜ਼ੀ ਰੂਪ ਵਿੱਚ ਲਾਗੂ ਹੋ ਜਾਵੇਗਾ।"ਟਰੰਪ ਨੇ ਜ਼ੇਲੈਂਸਕੀ ਨੂੰ ਦੱਸਿਆ ਕਿ ਰੂਸ ਨਾਲ ਜੰਗ ਖਤਮ ਕਰਨ ਲਈ ਅਮਰੀਕਾ ਕਿਸੇ ਵੀ ਸਮਝੌਤੇ ਵਿੱਚ ਯੂਕ੍ਰੇਨ ਦੀ ਸੁਰੱਖਿਆ ਗਰੰਟੀ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ, ਹਾਲਾਂਕਿ ਕਿਸੇ ਵੀ ਸਹਾਇਤਾ ਦੀ ਹੱਦ ਤੁਰੰਤ ਸਪੱਸ਼ਟ ਨਹੀਂ ਸੀ। ਯੂਕ੍ਰੇਨੀ ਸਦਰ ਨੇ ਕਿਹਾ, "ਇਹ ਅਹਿਮ ਹੈ ਕਿ ਅਮਰੀਕਾ ਸਪੱਸ਼ਟ ਸੰਕੇਤ ਭੇਜ ਰਿਹਾ ਹੈ ਕਿ ਉਹ ਤਾਲਮੇਲ ਬਣਾਉਣ ਵਿੱਚ ਮਦਦ ਕਰਨ ਵਾਲੇ ਦੇਸ਼ਾਂ ਵਿੱਚੋਂ ਇੱਕ ਹੋਵੇਗਾ ਅਤੇ ਯੂਕ੍ਰੇਨ ਲਈ ਸੁਰੱਖਿਆ ਗਾਰੰਟੀਆਂ ਵਿੱਚ ਵੀ ਇੱਕ ਭਾਈਵਾਲ ਹੋਵੇਗਾ।"

## ਕੈਨੇਡਾ ਵਿੱਚ ਬੇਰੁਜ਼ਗਾਰੀ ਦਾ ਸੰਕਟ

# ਪੰਜਾਬੀ ਵਿਦਿਆਰਥੀਆਂ ’ਤੇ ਗਹਿਰਾ ਅਸਰ

## ਆਤਮਹੱਤਿਆਵਾਂ ’ਚ ਵਾਧਾ: ਮਾਨਸਿਕ ਸਿਹਤ ’ਤੇ ਬੇਰੁਜ਼ਗਾਰੀ ਦੀ ਮਾਰ

## ਪੀ.ਆਰ. ਦੀਆਂ ਮੁਸ਼ਕਿਲਾਂ ਅਤੇ ਲੱਖਾਂ ਪੰਜਾਬੀ ਵਿਦਿਆਰਥੀ ਪੰਜਾਬ ਪਰਤੇ

## ਕੀ ਕੈਨੇਡਾ ਹੁਣ ਸੁਰੱਖਿਅਤ ਵਿਕਲਪ ਹੈ? ਕੀ ਹਨ ਵਿਦੇਸ਼ੀ ਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕੇ?

ਕੈਨੇਡਾ, ਜੋ ਕਦੇ ਪੰਜਾਬੀ ਵਿਦਿਆਰਥੀਆਂ ਲਈ ਸੁਪਨਿਆਂ ਦਾ ਦੇਸ਼ ਸੀ, ਹੁਣ ਬੇਰੁਜ਼ਗਾਰੀ ਅਤੇ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ। ਕੈਨੇਡੀਅਨ ਅਖ਼ਬਾਰਾਂ ਜਿਵੇਂ ਕਿ ਸੀ.ਬੀ.ਸੀ. ਅਤੇ ਗਲੋਬ ਐਂਡ ਮੇਲ ਮੁਤਾਬਕ, 2025 ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀ ਅਤੇ ਪੰਜਾਬੀ ਮੂਲ ਦੇ ਲੋਕਾਂ ਉੱਤੇ ਇਸ ਸੰਕਟ ਦਾ ਭਾਰੀ ਅਸਰ ਪਿਆ ਹੈ। ਪਿਛਲੇ ਸਾਲਾਂ ਵਿੱਚ, ਕੈਨੇਡਾ ਨੇ ਲੱਖਾਂ ਵਿਦਿਆਰਥੀਆਂ ਨੂੰ ਸਟੱਡੀ ਵੀਜ਼ੇ ਜਾਰੀ ਕੀਤੇ, ਪਰ ਹੁਣ ਨੀਤੀਆਂ ਵਿੱਚ ਬਦਲਾਅ ਨੇ ਉਨ੍ਹਾਂ ਨੂੰ ਮੁਸੀਬਤ ਵਿੱਚ ਪਾ ਦਿੱਤਾ ਹੈ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ, ਬਹੁਤੇ ਪੰਜਾਬੀ ਵਿਦਿਆਰਥੀ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਹਨ, ਜਿੱਥੇ ਰੁਜ਼ਗਾਰ ਦੀ ਘਾਟ ਅਤੇ ਮਹਿੰਗਾਈ ਨੇ ਉਨ੍ਹਾਂ ਨੂੰ ਮਾਨਸਿਕ ਤਣਾਅ ਵਿੱਚ ਧੱਕ ਦਿੱਤਾ ਹੈ। ਗੁਰੂ ਨਾਨਕ ਸਿੱਖ ਸੈਂਟਰ ਗੁਰਦੁਆਰੇ ਦੇ ਮੈਂਬਰ ਬਲਕਰਨ ਸਿੰਘ ਗਿੱਲ ਨੇ ਕਿਹਾ ਕਿ ਇਹ ਅਰਥਵਿਵਸਥਾ ਵਿੱਚ ਮੰਦੀ ਦੇ ਸੰਕੇਤ ਹਨ, ਜਿਸ ਨਾਲ ਨੌਕਰੀਆਂ ਘਟ ਰਹੀਆਂ ਹਨ। ਪੰਜਾਬੀ ਭਾਈਚਾਰੇ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ, ਕਿਉਂਕਿ ਉਹ ਜ਼ਿਆਦਾਤਰ ਨਿਰਮਾਣ, ਸੇਵਾ ਅਤੇ ਵਿਦਿਅਕ ਖੇਤਰਾਂ ਵਿੱਚ ਕੰਮ ਕਰਦੇ ਹਨ। ਟੋਰਾਂਟੋ ਅਤੇ ਬਰੈਂਪਟਨ ਵਰਗੇ ਸ਼ਹਿਰਾਂ ਵਿੱਚ, ਜਿੱਥੇ ਪੰਜਾਬੀਆਂ ਦੀ ਵੱਡੀ ਗਿਣਤੀ ਹੈ, ਵਿਦਿਆਰਥੀਆਂ ਨੂੰ ਪਾਰਟ-ਟਾਈਮ ਜੌਬ ਵੀ ਨਹੀਂ ਮਿਲ ਰਹੇ। ਇਸ ਨਾਲ ਉਨ੍ਹਾਂ ਦੇ ਖਰਚੇ ਪੂਰੇ ਕਰਨੇ ਮੁਸ਼ਕਿਲ ਹੋ ਗਏ ਹਨ।

ਗਲੋਬ ਐਂਡ ਮੇਲ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟੈਰਿਫ਼ ਨੀਤੀਆਂ ਅਤੇ ਅਮਰੀਕੀ ਵਪਾਰ ਯੁੱਧ ਨੇ ਕੈਨੇਡੀਅਨ ਉਦਯੋਗਾਂ ਨੂੰ ਨੁਕਸਾਨ ਪਹੁੰਚਾਇਆ ਹੈ, ਜਿਸ ਨਾਲ ਨੌਕਰੀਆਂ ਘਟੀਆਂ ਹਨ। ਵਿਦਿਆਰਥੀਆਂ ਨੂੰ ਘਰ ਦਾ ਕਿਰਾਇਆ, ਖਾਣਾ ਅਤੇ ਪੜ੍ਹਾਈ ਦੇ ਖਰਚੇ ਚੁੱਕਣੇ ਪੈ ਰਹੇ ਹਨ, ਪਰ ਰੁਜ਼ਗਾਰ ਨਾ ਮਿਲਣ ਨਾਲ ਉਹ ਗਰੀਬੀ ਦੇ ਕੰਢੇ ਉੱਤੇ ਪਹੁੰਚ ਗਏ ਹਨ। ਇੱਕ ਪੰਜਾਬੀ ਵਿਦਿਆਰਥੀ ਨੇ ਸੀ.ਬੀ.ਸੀ. ਨੂੰ ਦੱਸਿਆ ਕਿ ‘ਇੱਥੇ ਕੰਮ ਨਹੀਂ ਮਿਲ ਰਿਹਾ, ਅਸੀਂ ਭੁੱਖੇ ਮਰਨ ਵਾਲੇ ਹਾਂ।’ ਇਸ ਸੰਕਟ ਨੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਉੱਤੇ ਬੁਰਾ ਅਸਰ ਪਾਇਆ ਹੈ, ਜਿਸ ਨਾਲ ਡਿਪਰੈਸ਼ਨ ਅਤੇ ਚਿੰਤਾ ਵਧ ਰਹੀ ਹੈ। ਕੈਨੇਡੀਅਨ ਮੈਂਟਲ ਹੈਲਥ ਰਿਪੋਰਟਾਂ ਮੁਤਾਬਕ, ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਮਾਨਸਿਕ ਸਿਹਤ ਸਮੱਸਿਆਵਾਂ 20% ਵਧੀਆਂ ਹਨ। ਪੰਜਾਬੀ ਭਾਈਚਾਰੇ ਨੂੰ ਇਸ ਨਾਲ ਵੱਡਾ ਨੁਕਸਾਨ ਹੋ ਰਿਹਾ ਹੈ ਕਿਉਂਕਿ ਉਹ ਜ਼ਿਆਦਾਤਰ ਵਿਦਿਆਰਥੀ ਵੀਜ਼ੇ ਉੱਤੇ ਆਏ ਹਨ ਅਤੇ ਨੌਕਰੀ ਨਾ ਮਿਲਣ ਨਾਲ ਉਨ੍ਹਾਂ ਦੇ ਸੁਪਨੇ ਟੁੱਟ ਰਹੇ ਹਨ। ਓਂਟਾਰੀਓ ਵਿੱਚ ਕਾਲਜਾਂ ਨੇ ਵੀਜ਼ਾ ਪਾਬੰਦੀਆਂ ਨਾਲ 10 ਹਜ਼ਾਰ ਸਟਾਫ਼ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ, ਜਿਸ ਨਾਲ ਵਿਦਿਅਕ ਖੇਤਰ ਵਿੱਚ ਵੀ ਸੰਕਟ ਵਧਿਆ ਹੈ।




ਇਹ ਸਥਿਤੀ ਪੰਜਾਬੀ ਵਿਦਿਆਰਥੀਆਂ ਨੂੰ ਵਾਪਸ ਪੰਜਾਬ ਵੱਲ ਮੋੜ ਰਹੀ ਹੈ।

**ਬੇਰੁਜ਼ਗਾਰੀ ਕਾਰਨ ਆਤਮ-ਹੱਤਿਆਵਾਂ ਵਿੱਚ ਵਾਧਾ**

ਕੈਨੇਡਾ ਵਿੱਚ ਬੇਰੁਜ਼ਗਾਰੀ ਅਤੇ ਆਰਥਿਕ ਤਣਾਅ ਨੇ ਪੰਜਾਬੀ ਵਿਦਿਆਰਥੀਆਂ ਵਿੱਚ ਆਤਮਹੱਤਿਆਵਾਂ ਨੂੰ ਵਧਾ ਦਿੱਤਾ ਹੈ। ਨਿਊ ਕੈਨੇਡੀਅਨ ਮੀਡੀਆ ਦੀ ਰਿਪੋਰਟ ਮੁਤਾਬਕ, ਬ੍ਰਿਟਿਸ਼ ਕੋਲੰਬੀਆ ਵਿੱਚ ਘੱਟੋ-ਘੱਟ 47 ਭਾਰਤੀ ਵਿਦਿਆਰਥੀ ਡਰੱਗ ਓਵਰਡੋਜ਼ ਅਤੇ ਆਤਮ-ਹੱਤਿਆ ਨਾਲ ਮਰ ਚੁੱਕੇ ਹਨ। ਇਹ ਅੰਕੜੇ 2023 ਤੋਂ 2025 ਤੱਕ ਦੇ ਹਨ ਅਤੇ ਜ਼ਿਆਦਾਤਰ ਪੰਜਾਬੀ ਮੂਲ ਦੇ ਵਿਦਿਆਰਥੀ ਹਨ। ਸੀ.ਬੀ.ਸੀ. ਨੇ ਵੀ ਰਿਪੋਰਟ ਕੀਤਾ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਡਿਸਕ੍ਰਿਮੀਨੇਸ਼ਨ ਅਤੇ ਐਕਸਪਲਾਇਟੇਸ਼ਨ ਨੇ ਮਾਨਸਿਕ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਯੌਰਕ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਨੇ ਪੰਜਾਬੀ ਵਿਦਿਆਰਥੀਆਂ ਨਾਲ ਇੰਟਰਵਿਊਜ਼ ਵਿੱਚ ਪਾਇਆ ਕਿ ਉਨ੍ਹਾਂ ਨੂੰ ਨੀਚੇ ਪੱਧਰ ਦੀਆਂ ਨੌਕਰੀਆਂ ਅਤੇ ਘੱਟ ਤਨਖਾਹ ਨਾਲ ਗੁਜ਼ਾਰਾ ਕਰਨਾ ਪੈ ਰਿਹਾ ਹੈ, ਜਿਸ ਨਾਲ ਡਿਪਰੈਸ਼ਨ ਵਧ ਰਿਹਾ ਹੈ। ਕੈਨੇਡੀਅਨ ਮੈਂਟਲ ਹੈਲਥ ਐਸੋਸੀਏਸ਼ਨ ਦੀ 2024 ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੂਸਾਈਡ ਰੇਟ ਵਿੱਚ ਵਾਧਾ ਹੋਇਆ ਹੈ, ਖਾਸ ਕਰਕੇ ਨੌਜਵਾਨਾਂ ਵਿੱਚ। ਭਾਰਤੀ ਵਿਦਿਆਰਥੀਆਂ ਵਿੱਚ ਇਹ ਅੰਕੜਾ ਅਲਾਰਮਿੰਗ ਹੈ, ਜਿੱਥੇ ਬੇਰੁਜ਼ਗਾਰੀ ਅਤੇ ਫ਼ਾਈਨੈਂਸ਼ਲ ਸਟ੍ਰੈੱਸ ਮੁੱਖ ਕਾਰਨ ਹਨ। ਡੇਲੀ ਪਾਇਨੀਅਰ ਨੇ ਕਿਹਾ ਕਿ ਇਮੀਗ੍ਰੇਸ਼ਨ ਨੀਤੀਆਂ ਦੇ ਬਦਲਾਅ ਨਾਲ ਵਿਦਿਆਰਥੀਆਂ ਵਿੱਚ ਨਿਰਾਸ਼ਾ ਵਧੀ ਹੈ। ਪੰਜਾਬੀ ਭਾਈਚਾਰੇ ਵਿੱਚ ਇਹ ਸਮੱਸਿਆ ਵੱਡੀ ਹੈ ਕਿਉਂਕਿ ਉਨ੍ਹਾਂ ਨੇ ਵੱਡੇ ਲੋਨ ਲੈ ਕੇ ਕੈਨੇਡਾ ਆਉਣਾ ਹੁੰਦਾ ਹੈ ਅਤੇ ਨੌਕਰੀ ਨਾ ਮਿਲਣ ਨਾਲ ਪਰਿਵਾਰ ਨੂੰ ਵਾਪਸ ਪੈਸੇ ਭੇਜਣੇ ਮੁਸ਼ਕਿਲ ਹੋ ਜਾਂਦੇ ਹਨ। ਕੈਨੇਡੀਅਨ ਅਖ਼ਬਾਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਨੀਤੀਆਂ ਨਾ ਬਦਲੀਆਂ ਤਾਂ ਇਹ ਅੰਕੜਾ ਹੋਰ ਵਧੇਗਾ। ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਸੇਵਾਵਾਂ ਦੀ ਲੋੜ ਹੈ, ਪਰ ਬਹੁਤੇ ਉਸ ਤੱਕ ਪਹੁੰਚ ਨਹੀਂ ਕਰ ਪਾਉਂਦੇ। ਇਸ ਨਾਲ ਪੰਜਾਬੀ ਭਾਈਚਾਰੇ ਵਿੱਚ ਡੂੰਘੀ ਚਿੰਤਾ ਪੈਦਾ ਹੋਈ ਹੈ।

**ਵਿਦਿਆਰਥੀ ਪੰਜਾਬ ਵਾਪਸ ਪਰਤੇ ਅਤੇ ਪੀ.ਆਰ. ਦੀ ਮੁਸ਼ਕਿਲ**

2024-2025 ਵਿੱਚ ਲੱਖਾਂ ਪੰਜਾਬੀ ਵਿਦਿਆਰਥੀ ਕੈਨੇਡਾ ਤੋਂ ਵਾਪਸ ਪੰਜਾਬ ਪਰਤੇ ਹਨ। ਟ੍ਰਿਬਿਊਨ ਅਤੇ ਹਿੰਦੁਸਤਾਨ ਟਾਈਮਜ਼ ਮੁਤਾਬਕ, ਕੈਨੇਡਾ ’ਚ ਇਮੀਗ੍ਰੇਸ਼ਨ ਕੱਟ ਨਾਲ 7 ਲੱਖ ਵਿਦਿਆਰਥੀਆਂ ਨੂੰ ਵਾਪਸ ਜਾਣਾ ਪੈ ਸਕਦਾ ਹੈ। ਸੀ.ਬੀ.ਸੀ. ਨੇ ਰਿਪੋਰਟ ਕੀਤਾ ਕਿ ਭਾਰਤੀ ਵਿਦਿਆਰਥੀਆਂ ਵਿੱਚ ਕੈਨੇਡਾ ਪੜ੍ਹਨ ਦਾ ਰੁਝਾਨ 41% ਘਟਿਆ ਹੈ। ਪੰਜਾਬ ਤੋਂ 1.36 ਲੱਖ ਵਿਦਿਆਰਥੀ 2024 ਵਿੱਚ ਵਿਦੇਸ਼ ਗਏ, ਪਰ ਬਹੁਤੇ ਵਾਪਸ ਆ ਰਹੇ ਹਨ ਕਿਉਂਕਿ ਨੌਕਰੀ ਨਹੀਂ ਮਿਲ ਰਹੀ। ਟੋਰਾਂਟੋ ਸਟਾਰ ਨੇ ਕਿਹਾ ਕਿ ਪੰਜਾਬੀ ਪਰਿਵਾਰਾਂ ਨੇ ਜ਼ਮੀਨਾਂ ਵੇਚ ਕੇ ਬੱਚੇ ਭੇਜੇ, ਪਰ ਹੁਣ ਉਨ੍ਹਾਂ ਦੇ ਸੁਪਨੇ ਟੁੱਟ ਰਹੇ ਹਨ। ਪੀ.ਆਰ. ਮੁਸ਼ਕਿਲ ਹੋਣ ਦਾ ਮੁੱਖ ਕਾਰਨ ਨੀਤੀ ਬਦਲਾਅ ਹੈ। ਕੈਨੇਡਾ ਨੇ 2025 ਵਿੱਚ ਪੀ.ਆਰ. ਨੂੰ 5 ਲੱਖ ਤੋਂ ਘਟਾ ਕੇ 3.95 ਲੱਖ ਕਰ ਦਿੱਤਾ ਹੈ। ਇੰਟਰਨੈਸ਼ਨਲ ਵਿਦਿਆਰਥੀਆਂ ਲਈ ਸਟੱਡੀ ਪਰਮਿਟ 10% ਘਟਾਏ ਗਏ ਹਨ ਅਤੇ ਸਕੂਲ ਬਦਲਣ ਲਈ ਨਵਾਂ ਵੀਜ਼ਾ ਚਾਹੀਦਾ ਹੈ। ਹਾਊਸਿੰਗ ਕ੍ਰਾਈਸਿਸ ਅਤੇ ਜੌਬ ਮਾਰਕੀਟ ਨੇ ਸਰਕਾਰ ਨੂੰ ਸਖ਼ਤ ਨੀਤੀਆਂ ਅਪਣਾਉਣ ਲਈ ਮਜਬੂਰ ਕੀਤਾ ਹੈ। ਗਲੋਬ ਐਂਡ ਮੇਲ ਨੇ ਕਿਹਾ ਕਿ ਇਹ ਬਦਲਾਅ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਨਿਸ਼ਚਿਤਤਾ ਵਿੱਚ ਧੱਕ ਦਿੰਦੇ ਹਨ। ਪੰਜਾਬੀ ਵਿਦਿਆਰਥੀਆਂ ਲਈ ਪੀਆਰ ਹੁਣ ਅਸੰਭਵ ਜਿਹਾ ਹੋ ਗਿਆ ਹੈ ਕਿਉਂਕਿ ਪੋਸਟ-ਗ੍ਰੈਜੂਏਟ ਵਰਕ ਪਰਮਿਟ ਵਿੱਚ ਬਦਲਾਅ ਹੋਏ ਹਨ। ਬਹੁਤੇ ਵਿਦਿਆਰਥੀ ਵੀਜ਼ਾ ਐਕਸਪਾਇਰ ਹੋਣ ਤੋਂ ਬਾਅਦ ਵਾਪਸ ਪਰਤ ਰਹੇ ਹਨ।

## ਕੀ ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡਾ ਜਾਣਾ ਚਾਹੀਦਾ?



ਹੁਣ ਸਵਾਲ ਉੱਠਦਾ ਹੈ ਕਿ ਕੀ ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡਾ ਜਾਣਾ ਚਾਹੀਦਾ ਹੈ? ਕੈਨੇਡੀਅਨ ਅਖ਼ਬਾਰਾਂ ਮੁਤਾਬਕ, ਮੌਜੂਦਾ ਸਥਿਤੀ ਵਿੱਚ ਨਹੀਂ, ਕਿਉਂਕਿ ਰੁਜ਼ਗਾਰ ਅਤੇ ਪੀ.ਆਰ. ਮੁਸ਼ਕਿਲ ਹਨ। ਵਿਕਲਪ ਵਜੋਂ ਆਸਟ੍ਰੇਲੀਆ, ਜਰਮਨੀ, ਯੂ.ਕੇ., ਨਿਊਜ਼ੀਲੈਂਡ ਅਤੇ ਆਇਰਲੈਂਡ ਵਧੀਆ ਹਨ। ਆਸਟ੍ਰੇਲੀਆ ਵਿੱਚ ਪੋਸਟ-ਸਟੱਡੀ ਵਰਕ ਰਾਈਟਸ ਚੰਗੇ ਹਨ ਅਤੇ ਰੁਜ਼ਗਾਰ ਠੀਕ ਹੈ। ਜਰਮਨੀ ਵਿੱਚ ਐਸ.ਟੀ.ਐਮ. ਪ੍ਰੋਗਰਾਮਾਂ ਨਾਲ ਜੌਬ ਪ੍ਰਾਸਪੈਕਟਸ ਮਜ਼ਬੂਤ ਹਨ ਅਤੇ ਸੈਟਲਮੈਂਟ ਆਸਾਨ ਹੈ। ਯੂ.ਐਸ.ਏ. ਅਤੇ ਯੂ.ਕੇ. ਵਿੱਚ ਵੀ ਭਾਰਤੀ ਵਿਦਿਆਰਥੀ ਸੈਟਲ ਹੋ ਸਕਦੇ ਹਨ। ਕੈਨੇਡਾ ਵਰਗੇ ਸੰਕਟ ਤੋਂ ਬਚਣ ਲਈ ਇਹ ਦੇਸ਼ ਵਧੀਆ ਵਿਕਲਪ ਹਨ। ਗਲੋਬਲ ਸਿਟੀਜ਼ਨ ਸਲਿਊਸ਼ਨਜ਼ ਨੇ ਕਿਹਾ ਕਿ ਆਇਰਲੈਂਡ ਆਈ.ਟੀ. ਅਤੇ ਫ਼ਾਈਨੈਂਸ ਵਿੱਚ ਚੰਗੀਆਂ ਮੌਕੇ ਦਿੰਦਾ ਹੈ। ਪੰਜਾਬੀ ਵਿਦਿਆਰਥੀਆਂ ਨੂੰ ਇਨ੍ਹਾਂ ਦੇਸ਼ਾਂ ਵੱਲ ਵੇਖਣਾ ਚਾਹੀਦਾ ਜਿੱਥੇ ਰੁਜ਼ਗਾਰ ਅਤੇ ਸੈਟਲਮੈਂਟ ਦੇ ਮੌਕੇ ਵਧੇਰੇ ਹਨ। ਇਹ ਨੀਤੀਆਂ ਅਤੇ ਅਰਥਵਿਵਸਥਾ ਉੱਤੇ ਨਿਰਭਰ ਕਰਦਾ ਹੈ, ਪਰ ਕੈਨੇਡਾ ਵਿੱਚ ਮੌਜੂਦਾ ਸੰਕਟ ਨੇ ਵਿਦਿਆਰਥੀਆਂ ਨੂੰ ਸੋਚਣ ਲਈ ਮਜਬੂਰ ਕੀਤਾ ਹੈ।

# ਕੈਨੇਡਾ ’ਚ ਜੁਲਾਈ ਮਹੀਨੇ 40 ਹਜ਼ਾਰ ਤੋਂ ਵੱਧ ਲੋਕਾਂ ਨੇ ਆਪਣੀਆਂ ਨੌਕਰੀਆਂ ਗੁਆਈਆਂ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ’ਚ ਰੁਜ਼ਗਾਰ ਸੰਕਟ ਵਧਦਾ ਜਾ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਕੈਨੇਡਾ ਵਿੱਚ ਜੁਲਾਈ ਵਿੱਚ 40 ਹਜ਼ਾਰ ਤੋਂ ਵੱਧ ਲੋਕਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ। ਉੱਥੇ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਅੱਠ ਮਹੀਨਿਆਂ ਦੇ ਹੇਠਲੇ ਪੱਧਰ ’ਤੇ ਪਹੁੰਚ ਗਈ ਹੈ। ਬੇਰੁਜ਼ਗਾਰੀ ਦਰ 6.9 ਪ੍ਰਤੀਸ਼ਤ ’ਤੇ ਸਥਿਰ ਰਹੀ ਪਰ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਇਸਨੂੰ 7 ਪ੍ਰਤੀਸ਼ਤ ਦੇ ਅੰਕੜੇ ਨੂੰ ਪਾਰ ਕਰਨ ਵਿੱਚ ਬਹੁਤਾ ਸਮਾਂ ਨਹੀਂ ਲੱਗੇਗਾ। ਪੰਜਾਬੀ ਮੂਲ ਦੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਜਿਨ੍ਹਾਂ ਖੇਤਰਾਂ ਵਿੱਚ ਵਧੇਰੇ ਨੌਕਰੀਆਂ ਖੁੱਸੀਆਂ ਹਨ, ਉਨ੍ਹਾਂ ਨੂੰ ਪੰਜਾਬੀ ਭਾਈਚਾਰੇ ਦਾ ਗੜ੍ਹ ਮੰਨਿਆ ਜਾਂਦਾ ਹੈ। ਅਜਿਹਾ ਹੋਣ ਦੇ ਪਿੱਛੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਰਿਫ ਨੀਤੀ ਨੂੰ ਮੰਨਿਆ ਗਿਆ ਹੈ। ਟਰੰਪ ਦੇ ਟੈਰਿਫ ਦਾ ਅਸਰ ਪ੍ਰਮੁੱਖ ਉਦਯੋਗਾਂ ’ਤੇ ਪਿਆ ਹੈ।



ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਨੇ ਦਿਖਾਇਆ ਹੈ ਕਿ ਅਰਥਵਿਵਸਥਾ ਨੇ ਜੂਨ ਵਿੱਚ 83,000 ਨੌਕਰੀਆਂ ਪੈਦਾ ਕੀਤੀਆਂ ਪਰ ਜੁਲਾਈ ਵਿੱਚ 40,800 ਨੌਕਰੀਆਂ ਗੁਆ ਦਿੱਤੀਆਂ, ਜਿਸ ਨਾਲ ਉਸ ਲਾਭ ਦਾ ਲਗਭਗ ਅੱਧਾ ਹਿੱਸਾ ਖਤਮ ਹੋ ਗਿਆ। ਕੈਨੇਡੀਅਨ ਮਾਮਲਿਆਂ ਦੇ ਇੱਕ ਮਾਹਰ ਦਾ ਕਹਿਣਾ ਹੈ ਕਿ ਅੰਕੜੇ ਦੱਸਦੇ ਹਨ ਅਰਥਵਿਵਸਥਾ ਵਿੱਚ ਮੰਦੀ ਦੇ ਸੰਕੇਤ ਹਨ। ਸਭ ਤੋਂ ਵੱਧ ਨੌਕਰੀਆਂ ਸੂਚਨਾ, ਸੱਭਿਆਚਾਰ ਅਤੇ ਮਨੋਰੰਜਨ ਉਦਯੋਗ ਵਿੱਚ ਗਈਆਂ ਹਨ, ਜਿੱਥੇ 29,000 ਨੌਕਰੀਆਂ ਦੇ ਮੌਕੇ ਖ਼ਤਮ ਹੋ ਗਏ। ਉਸਾਰੀ ਖੇਤਰ ਨੂੰ ਵੀ ਭਾਰੀ ਨੁਕਸਾਨ ਹੋਇਆ। ਇਕੱਲੇ ਅਲਬਰਟਾ ਵਿੱਚ ਹੀ 17,000 ਨੌਕਰੀਆਂ ਖ਼ਤਮ ਹੋ ਗਈਆਂ ਅਤੇ ਸੂਬੇ ਦੇ ਨਿਰਮਾਣ ਖੇਤਰ ਵਿੱਚ 20,000 ਤੋਂ ਵੱਧ ਰੁਜ਼ਗਾਰ ਦੇ ਮੌਕੇ ਖਤਮ ਹੋ ਗਏ। ਨੌਕਰੀਆਂ ਦੇ ਨੁਕਸਾਨ ਦਾ ਸਭ ਤੋਂ ਵੱਡਾ ਕਾਰਨ 15 ਤੋਂ 24 ਸਾਲ ਦੀ ਉਮਰ ਦੇ ਲੋਕਾਂ ਵਿੱਚ ਰੁਜ਼ਗਾਰ ਦੇ ਪੱਧਰ ਵਿੱਚ ਗਿਰਾਵਟ ਹੈ ਅਤੇ 1998 ਤੋਂ ਬਾਅਦ ਪਹਿਲੀ ਵਾਰ ਇਸ ਉਮਰ ਸਮੂਹ ਦੇ ਸਿਰਫ 53.6 ਪ੍ਰਤੀਸ਼ਤ ਕਾਮੇ ਕੰਮ ਕਰ ਰਹੇ ਹਨ। ਜੁਲਾਈ ਵਿੱਚ 16 ਲੱਖ ਕਾਮਿਆਂ ਨੂੰ ਬੇਰੁਜ਼ਗਾਰ ਮੰਨਿਆ ਗਿਆ ਸੀ ਅਤੇ ਵਿਦਿਆਰਥੀਆਂ ਵਿੱਚ ਬੇਰੁਜ਼ਗਾਰੀ ਦਰ 17.4 ਪ੍ਰਤੀਸ਼ਤ ਦਰਜ ਕੀਤੀ ਗਈ ਸੀ।

**ਪੀ.ਆਰ ਫਾਈਲ ਨੂੰ ਕਲੀਅਰ ਕਰਨਾ ਅਸੰਭਵ**

ਕੈਨੇਡਾ ਵਿੱਚ ਪੰਜਾਬੀ ਮੂਲ ਦੇ ਵੱਡੀ ਗਿਣਤੀ ਵਿੱਚ ਲੋਕ ਸਟੱਡੀ ਵੀਜ਼ਿਆਂ ’ਤੇ ਹਨ। ਇਸ ਲਈ ਉਹ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਓਂਟਾਰੀਓ ਦੇ ਕਾਲਜਾਂ ਵਿੱਚ ਵਿਦਿਆਰਥੀ ਵੀਜ਼ਿਆਂ ’ਤੇ ਪਾਬੰਦੀ ਤੋਂ ਬਾਅਦ ਲਗਭਗ 10 ਹਜ਼ਾਰ ਕਾਲਜ ਫੈਕਲਟੀ ਅਤੇ ਸਹਾਇਕ ਸਟਾਫ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਜਾਂ ਉਨ੍ਹਾਂ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਓਂਟਾਰੀਓ ਪਬਲਿਕ ਸਰਵਿਸ ਇੰਪਲਾਈਜ਼ ਯੂਨੀਅਨ ਨੇ ਚਿਤਾਵਨੀ ਦਿੱਤੀ ਹੈ ਕਿ ਕਾਲਜ ਰੁਜ਼ਗਾਰ ਵਿੱਚ ਗਿਰਾਵਟ ਇੱਕ ਵੱਡੇ ਲੇਬਰ ਮਾਰਕੀਟ ਸੰਕਟ ਦਾ ਹਿੱਸਾ ਹੈ। ਕੈਨੇਡਾ ਵਿੱਚ ਓਂਟਾਰੀਓ ਵਿੱਚ ਟੋਰਾਂਟੋ, ਬਰੈਂਪਟਨ ਅਤੇ ਮਿਸੀਸਾਗਾ ਵਰਗੇ ਖੇਤਰ ਹਨ, ਜਿੱਥੇ ਪੰਜਾਬੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕੈਨੇਡਾ ਦੇ ਬੀਸੀ ਦੇ ਇਕ ਵਸਨੀਕ ਦਾ ਕਹਿਣਾ ਹੈ ਕਿ ਇੱਥੇ ਸਥਿਤੀ ਵਿਗੜਦੀ ਜਾ ਰਹੀ ਹੈ। ਵਿਦਿਆਰਥੀਆਂ ਕੋਲ ਕੰਮ ਨਹੀਂ ਹੈ। ਭਾਵੇਂ ਉਨ੍ਹਾਂ ਨੂੰ ਨੌਕਰੀ ਮਿਲ ਜਾਵੇ, ਪੀ.ਆਰ ਫਾਈਲ ਨੂੰ ਕਲੀਅਰ ਕਰਨਾ ਅਸੰਭਵ ਹੈ।



# ਪੰਜਾਬ ਮੁੜ ਆਇਆ ਹੜ੍ਹਾਂ ਦੀ ਮਾਰ ਹੇਠ

## ਅੱਧੀ ਦਰਜ਼ਨ ਜ਼ਿਲ੍ਹਿਆਂ 'ਚ ਹੜ੍ਹ ਦੇ ਪਾਣੀ ਨੇ ਮਚਾਇਆ ਕਹਿਰ

### ਹਰ ਸਾਲ ਆਉਂਦੇ ਹੜ੍ਹਾਂ ਤੋਂ ਕੁੱਝ ਨਹੀਂ ਸਿੱਖਿਆ ਮਨੁੱਖ ਨੇ

### ਹੜ੍ਹਾਂ ਸੰਬੰਧੀ ਡੀਬੇਟ ਅਤੇ ਵਿਚਾਰ ਚਰਚਾਵਾਂ ਦਾ ਵੀ ਆਇਆ ਹੜ੍ਹ

**ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ, ਸੰਗਰੂਰ, ਰੂਪਨਗਰ, ਜਲੰਧਰ, ਫ਼ਿਰੋਜ਼ਪੁਰ, ਤਰਨ ਤਾਰਨ ਜ਼ਿਲ੍ਹਿਆਂ ਸਮੇਤ ਵੱਡੀ ਗਿਣਤੀ ਇਲਾਕਿਆਂ 'ਚ 1988, 1993, 2010, 2019 ਅਤੇ 2023 ਦੌਰਾਨ ਹੜ੍ਹਾਂ ਵੱਲੋਂ ਮਚਾਈ ਗਈ ਭਿਆਨਕ ਤਬਾਹੀ ਤੋਂ ਬਾਅਦ ਵੀ ਪੰਜਾਬ ਦੀਆਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਸਬਕ ਨਹੀਂ ਲਿਆ, ਜਿਸ ਕਾਰਨ ਇਸ ਸਮੇਂ ਵੀ ਪੰਜਾਬ ਦੇ ਅਨੇਕਾਂ ਇਲਾਕਿਆਂ 'ਚ ਹੜ੍ਹ ਦਾ ਪਾਣੀ ਕਹਿਰ ਢਾਅ ਰਿਹਾ ਹੈ। ਦੂਜੇ ਪਾਸੇ ਸਵਾਲ ਇਹ ਵੀ ਉੱਠਦਾ ਹੈ ਕਿ ਜਿੰਨੀ ਚੁਸਤੀ-ਫ਼ੁਰਤੀ ਹੁਣ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਦਿਖਾਈ ਜਾ ਰਹੀ ਹੈ, ਜੇ ਬਰਸਾਤਾਂ ਆਉਣ ਤੋਂ ਪਹਿਲਾਂ ਹੀ ਦਿਖਾਈ ਜਾਂਦੀ ਤਾਂ ਪੰਜਾਬ ਵਿੱਚ ਹੜ੍ਹਾਂ ਵਾਲੇ ਹਾਲਤ ਨਹੀਂ ਬਣਨੇ ਸਨ। ਪੰਜਾਬ 'ਚ ਹੜ੍ਹਾਂ ਦੀ ਮੌਜੂਦਾ ਸਥਿਤੀ ਲਈ ਸਰਕਾਰ ਦੇ ਨਾਲ- ਨਾਲ ਪ੍ਰਸ਼ਾਸਨ ਅਤੇ ਸਮਾਜ ਵੀ ਜਿੰਮੇਵਾਰ ਹਨ ਕਿਉਂਕਿ ਇਹਨਾਂ ਵਿਚੋਂ ਕਿਸੇ ਵੱਲੋਂ ਵੀ ਕਰੀਬ ਹਰ ਸਾਲ ਆਉਂਦੇ ਹੜ੍ਹਾਂ ਤੋਂ ਬਚਾਓ ਲਈ ਕੋਈ ਪੁਖ਼ਤਾ ਪ੍ਰਬੰਧ ਨਹੀਂ ਕੀਤੇ ਗਏ।**

ਪੰਜਾਬ ਦੇ ਅੱਧੀ ਦਰਜ਼ਨ ਜ਼ਿਲ੍ਹੇ ਇਸ ਸਮੇਂ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਤਰਨ ਤਾਰਨ, ਪਠਾਨਕੋਟ, ਹੁਸ਼ਿਆਰਪੁਰ, ਕਪੂਰਥਲਾ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਹੜ੍ਹਾਂ ਦੇ ਪਾਣੀ ਨੇ ਆਮ ਜਨ ਜੀਵਨ ਅਸਤ ਵਿਅਸਤ ਕਰ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਦੇ ਪਹਾੜਾਂ ਵਿੱਚ ਪਏ ਮੀਂਹ ਦਾ ਪਾਣੀ ਪੰਜਾਬ ਵਿੱਚ ਆ ਕੇ ਵੱਡੀ ਮਾਰ ਕਰ ਰਿਹਾ ਹੈ। ਹਰ ਸਾਲ ਅਜਿਹਾ ਹੁੰਦਾ ਹੈ ਪਰ ਇਸ ਵੱਡੀ ਸਮੱਸਿਆ ਦੇ ਹੱਲ ਲਈ ਕੋਈ ਠੋਸ ਉਪਰਾਲਾ ਅਜੇ ਤੱਕ ਨਹੀਂ ਕੀਤਾ ਗਿਆ। ਸਮੇਂ ਦੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਇਸ ਨੂੰ ਕੁਦਰਤੀ ਕਰੋਪੀ ਕਹਿਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਹੋ ਜਾਂਦੇ ਹਨ। ਸਰਕਾਰ ਅਤੇ ਪ੍ਰਸ਼ਾਸਨ ਉਦੋਂ ਹੀ ਜਾਗਦੇ ਹਨ, ਜਦੋਂ ਹੜ੍ਹਾਂ ਦਾ ਪਾਣੀ ਦਰਿਆਵਾਂ ਵਿੱਚ ਖਤਰੇ ਦੇ ਨਿਸ਼ਾਨ ਨੂੰ ਟੱਪ ਜਾਂਦਾ ਹੈ। ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਦੇ ਲੋਕ ਅਕਸਰ ਰੋਸ ਪ੍ਰਗਟ ਕਰਦੇ ਹਨ ਕਿ ਜੇ ਪ੍ਰਸ਼ਾਸਨ ਵੱਲੋਂ ਉਹਨਾਂ ਨੂੰ ਹੜ੍ਹਾਂ ਸਬੰਧੀ ਸਮੇਂ ਸਿਰ ਸੁਚੇਤ ਕੀਤਾ ਜਾਂਦਾ ਤਾਂ ਉਹ ਆਪਣੇ ਅਤੇ ਆਪਣੇ ਸਮਾਨ ਦੇ ਬਚਾਓ ਲਈ ਕੋਈ ਨਾ ਕੋਈ ਉਪਰਾਲਾ ਕਰ ਲੈਂਦੇ ਪਰ ਇੱਕਦਮ ਹੀ ਹੜ੍ਹਾਂ ਦਾ ਪਾਣੀ ਲੋਕਾਂ ਦੇ ਮਕਾਨਾਂ ਵਿੱਚ ਆਉਣ ਕਾਰਨ ਆਮ ਲੋਕਾਂ ਦਾ ਕਾਫ਼ੀ ਨੁਕਸਾਨ ਹੁੰਦਾ ਹੈ।

ਵੱਡੀ ਹੈਰਾਨੀ ਅਤੇ ਦੁੱਖ ਦੀ ਗੱਲ ਇਹ ਹੈ ਕਿ ਸਾਲ 1947, 1955, 1988, 1993 ਅਤੇ 2023 ਦੇ ਹੜ੍ਹਾਂ ਤੋਂ ਮਨੁੱਖ ਨੇ ਕੁੱਝ ਨਹੀਂ ਸਿੱਖਿਆ ਸਗੋਂ ਹੁਣ 2025 ਦੇ ਦੌਰਾਨ ਆਏ ਹੜ੍ਹਾਂ ਤੋਂ ਬਚਾਓ ਲਈ ਯੋਗ ਉਪਰਾਲੇ ਕਰਨ ਵਿੱਚ ਮਨੁੱਖ ਪੂਰੀ ਤਰ੍ਹਾਂ ਅਸਫ਼ਲ ਹੋ ਗਿਆ ਹੈ। ਵਿਡੰਬਨਾ ਇਹ ਹੈ ਕਿ ਇੱਕ ਪਾਸੇ ਹੜ੍ਹ ਦਾ ਪਾਣੀ ਕਹਿਰ ਬਣਿਆ ਹੋਇਆ ਹੈ, ਦੂਜੇ ਪਾਸੇ ਵੱਖ- ਵੱਖ ਨਿਊਜ਼ ਚੈਨਲਾਂ 'ਤੇ ਹੜ੍ਹਾਂ ਸਬੰਧੀ ਡੀਬੇਟ ਅਤੇ ਵਿਚਾਰ ਚਰਚਾ ਦਾ ਹੜ੍ਹ ਆਇਆ ਹੋਇਆ ਹੈ, ਜਿਸ ਵਿੱਚ ਹੜ੍ਹਾਂ ਦੀ ਮਾਰ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਤਸਵੀਰਾਂ ਦਿਖਾਉਣ 'ਤੇ ਜਿਆਦਾ ਜੋਰ ਹੁੰਦਾ ਹੈ। ਇਸ ਦੇ ਬਾਵਜੂਦ ਹੜ੍ਹਾਂ ਤੋਂ ਬਚਾਓ ਲਈ ਪੂਰੇ ਪ੍ਰਬੰਧ ਕਰਨ ਵਿੱਚ ਸਰਕਾਰ, ਪ੍ਰਸ਼ਾਸਨ ਬਿਲਕੁਲ ਫੇਲ੍ਹ ਹੋ ਗਏ ਹਨ। ਹੜ੍ਹਾਂ ਨੂੰ ਸਿਰਫ਼ ਕੁਦਰਤੀ ਆਫ਼ਤ ਕਹਿ ਕੇ ਨਹੀਂ ਸਰਨਾ, ਹੜ੍ਹਾਂ ਦੇ ਲਈ ਮਨੁੱਖਤਾ ਵੀ ਜ਼ਿੰਮੇਵਾਰ ਹੈ, ਜਿਸ ਵਿੱਚ ਲੈਂਡ ਸ਼ਾਰਕ ਵੀ ਜ਼ਿੰਮੇਵਾਰ ਹਨ। ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿੱਚ ਡਰੇਨਾਂ, ਬਰਸਾਤੀ ਨਦੀਆਂ ਅਤੇ ਚੋਆਂ ਨੂੰ ਸਾਫ ਅਤੇ ਡੂੰਘਾ ਕਰਨ ਲਈ ਕੁਝ ਨਹੀਂ ਕੀਤਾ ਗਿਆ। ਇਸ ਵਾਰ ਮਾਨਸੂਨ ਆਉਣ ਤੋਂ ਪਹਿਲਾਂ ਪੰਜਾਬ ਦੀ ਮੌਜੂਦਾ ਸਰਕਾਰ ਵੀ ਇਹ ਕੰਮ ਕਰਨ ਵਿੱਚ ਅਵੇਸਲੀ ਰਹੀ, ਜਿਸ ਕਾਰਨ ਪੰਜਾਬ ਨੂੰ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰਨਾ ਪਿਆ।



ਹੜ੍ਹ ਆਉਂਦੇ ਕਿਉਂ-ਕਿਵੇਂ ਹਨ? ਕੀ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ? ਜੇ ਆ ਹੀ ਗਏ ਤਾਂ ਕੀ ਕੀਤਾ ਜਾਵੇ ਕਿ ਨੁਕਸਾਨ ਘੱਟ ਤੋਂ ਘੱਟ ਹੋਵੇ? ਜਿਨ੍ਹਾਂ ਦੇ ਖੇਤਾਂ ਵਿੱਚ, ਜਿਨ੍ਹਾਂ ਦੇ ਘਰਾਂ ਵਿੱਚ ਹੜ੍ਹਾਂ ਦਾ ਸ਼ੂਕਦਾ ਪਾਣੀ ਆਣ ਵੜਦਾ ਹੈ ਉਹੀ ਜਾਣਦੇ ਹਨ ਉਨ੍ਹਾਂ 'ਤੇ ਕੀ ਬੀਤਦੀ ਹੈ। ਕੋਈ ਦੂਸਰਾ ਉਸ ਭੈੜੀ ਡਰਾਉਣੀ ਪੀੜ ਦੀ ਸ਼ਿੱਦਤ ਤੱਕ ਨਹੀਂ ਪਹੁੰਚ ਸਕਦਾ। ਇਹ ਠੀਕ ਹੈ ਕਿ ਪੰਜਾਬ ਦੀ ਧਰਤੀ ਬਹੁਤ ਉਪਜਾਊ ਹੈ। ਸਤਲੁਜ, ਬਿਆਸ ਤੇ ਰਾਵੀ ਦਰਿਆ ਇਸ ਦੀ ਜਿੰਦ ਜਾਨ ਹਨ ਪਰ ਜਦੋਂ ਹਿਮਾਚਲ ਪ੍ਰਦੇਸ਼ ਦੇ ਪਹਾੜੀ ਖੇਤਰਾਂ ਵਿੱਚ ਜ਼ੋਰਦਾਰ ਬਰਸਾਤ ਪੈਂਦੀ ਹੈ ਤਾਂ ਪੰਜਾਬ 'ਚ ਵਗਦੇ ਦਰਿਆਵਾਂ 'ਚ ਵੀ ਪਹਾੜਾਂ 'ਤੇ ਪਈ ਭਰਵੀਂ ਬਰਸਾਤ ਦਾ ਪਾਣੀ ਆ ਜਾਂਦਾ ਹੈ, ਜਿਸ ਕਾਰਨ ਪੰਜਾਬ 'ਚ ਵੀ ਹੜ੍ਹਾਂ ਵਰਗੇ ਹਾਲਾਤ ਪੈਦਾ ਹੋ ਜਾਂਦੇ ਹਨ। ਇਸ ਤੋਂ ਪਤਾ ਚੱਲ ਜਾਂਦਾ ਹੈ ਕਿ ਪਹਾੜਾਂ 'ਚ ਮਾਨਸੂਨ ਦੇ ਪਏ ਭਰਵੇਂ ਮੀਂਹ ਦਾ ਅਸਰ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਵੀ ਵੱਡੇ ਪੱਧਰ 'ਤੇ ਹੁੰਦਾ ਹੈ। ਪੰਜਾਬ ਦੇ ਵੱਡੀ ਗਿਣਤੀ ਇਲਾਕਿਆਂ 'ਚ ਇਸ ਸਮੇਂ ਝੋਨੇ ਦੀ ਫ਼ਸਲ ਬੀਜੀ ਹੋਈ ਹੈ, ਇਹ ਠੀਕ ਹੈ ਕਿ ਝੋਨੇ ਦੀ ਫ਼ਸਲ ਨੂੰ ਵਧੇਰੇ ਪਾਣੀ ਦੀ ਲੋੜ ਹੁੰਦੀ ਹੈ ਪਰ ਇਸ ਸਮੇਂ ਤਾਂ ਪੰਜਾਬ ਦੇ ਕਈ ਇਲਾਕਿਆਂ 'ਚ ਹੜ੍ਹਾਂ ਦੇ ਪਾਣੀ ਕਾਰਨ ਝੋਨੇ ਦੀ ਫ਼ਸਲ ਪਾਣੀ ਵਿੱਚ ਡੁੱਬ ਗਈ ਹੈ, ਜਿਸ ਕਾਰਨ ਇਹ ਫ਼ਸਲ ਖਰਾਬ ਹੋ ਗਈ ਹੈ।

ਧਰਤੀ 'ਤੇ ਸਭ ਤੋਂ ਵੱਧ ਹੜ੍ਹ ਨੀਦਰਲੈਂਡ ਵਿੱਚ ਆਉਂਦੇ ਹਨ। ਦੂਸਰਾ ਨੰਬਰ ਬੰਗਲਾਦੇਸ਼ ਦਾ ਹੈ। ਇਨ੍ਹਾਂ ਦੇਸ਼ਾਂ ਦੀ ਅੱਧੀ ਵਸੋਂ ਹਰ ਵੇਲੇ ਖ਼ਤਰੇ ਵਿੱਚ ਰਹਿੰਦੀ ਹੈ। ਨੀਦਰਲੈਂਡ ਵਿੱਚ ਹੜ੍ਹਾਂ ਦੀ ਰੋਕਥਾਮ ਵੱਡਾ ਮੁੱਦਾ ਹੈ ਪਰੰਤੂ ਵਿਕਾਸ ਤਹਿਤ ਹੋ ਰਹੀ ਉਸਾਰੀ ਰੋਕਥਾਮ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ। ਇਸ ਸਮੇਂ ਸਾਡੀ ਸੁੰਦਰਤਾ ਤੇ ਸਿਆਣਪ ਕੰਕਰੀਟ ਦੀਆਂ ਆਲੀਸ਼ਾਨ ਇਮਾਰਤਾਂ, ਨਕਲੀ ਪੌਦਿਆਂ/ ਦਰਖਤਾਂ ਅਤੇ ਬਿਜਲੀ ਦੀਆਂ ਜਗਮਗ ਕਰਦੀਆਂ ਲੜੀਆਂ ਤੱਕ ਸੀਮਿਤ ਹੋ ਕੇ ਰਹਿ ਗਈ ਹੈ, ਪਰ ਅਸਲੀ ਪੌਦੇ ਲਗਾਉਣ ਅਤੇ ਹੜ੍ਹਾਂ ਵਰਗੀਆਂ ਕੁਦਰਤੀ ਕਰੋਪੀਆਂ ਤੋਂ ਬਚਾਓ ਲਈ ਢੁਕਵੇਂ ਪ੍ਰਬੰਧ ਕਰਨ ਵਿੱਚ ਮਨੁੱਖ ਪੂਰੀ ਤਰ੍ਹਾਂ ਫ਼ੇਲ੍ਹ ਹੋ ਗਿਆ ਹੈ। ਜੇ ਸਰਕਾਰ ਅਤੇ ਪ੍ਰਸ਼ਾਸਨ ਹੜ੍ਹਾਂ ਤੋਂ ਬਚਾਓ ਲਈ ਗੰਭੀਰ ਹੁੰਦਾ ਤਾਂ ਬਰਸਾਤ ਦੇ ਪਾਣੀ ਦੀ ਧਰਤੀ ਹੇਠ ਨਿਕਾਸੀ ਲਈ ਬਰਸਾਤ ਦੇ ਮੌਸਮ ਤੋਂ ਪਹਿਲਾਂ ਹੀ ਢੁਕਵੇਂ ਪ੍ਰਬੰਧ ਕਰ ਲਏ ਜਾਂਦੇ। ਜੇ ਅੱਜ ਦੇ ਆਧੁਨਿਕ ਕਹਾਉਂਦੇ ਮਨੁੱਖ ਵੱਲੋਂ ਆਪਣੇ ਬਜ਼ੁਰਗਾਂ ਵੱਲੋਂ ਦਿੱਤੇ ਗਏ ਗਿਆਨ 'ਤੇ ਧਿਆਨ ਦਿੱਤਾ ਜਾਂਦਾ ਅਤੇ ਬਰਸਾਤੀ ਪਾਣੀ ਨੂੰ ਧਰਤੀ ਹੇਠਾਂ ਭੇਜਣ, ਟੋਭਿਆਂ ਤੇ ਛੱਪੜਾਂ ਵਿੱਚ ਸੰਭਾਲਣ ਦੇ ਯਤਨ ਕੀਤੇ ਜਾਂਦੇ ਤਾਂ ਸਥਿਤੀ ਏਨੀ ਭਿਅੰਕਰ ਨਹੀਂ ਸੀ ਹੋਣੀ। ਅਸਲ ਵਿੱਚ ਹਰ ਸਾਲ ਗਰਮੀਆਂ, ਬਰਸਾਤ ਅਤੇ ਠੰਡ ਵਿੱਚ ਵੀ 'ਮਰਨਾ' ਆਮ ਭਾਰਤੀਆਂ ਦੀ 'ਹੋਣੀ' ਬਣ ਗਿਆ ਹੈ। ਭਾਵੇਂ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੱਲੋਂ ਪੰਜਾਬ ਦੇ ਅਨੇਕਾਂ ਪਿੰਡਾਂ 'ਚ ਅਨੇਕਾਂ ਛੱਪੜਾਂ ਦੀ ਬਰਸਾਤਾਂ ਤੋਂ ਪਹਿਲਾਂ ਸਫ਼ਾਈ ਕਰਵਾਈ ਗਈ ਹੈ ਅਤੇ ਅਨੇਕਾਂ ਛੱਪੜਾਂ ਦੀ ਮੁੜ ਉਸਾਰੀ/ ਖੁਦਾਈ ਕਰਵਾਈ ਗਈ ਹੈ, ਪਰ ਇਹ ਉਪਰਾਲੇ ਵੀ ਭਰਵੀਂ ਬਰਸਾਤ ਅਤੇ ਪਹਾੜਾਂ ਤੋਂ ਦਰਿਆਵਾਂ ਰਾਹੀਂ ਆਉਂਦੇ ਬਰਸਾਤੀ ਪਾਣੀ ਅੱਗੇ ਅਜੇ ਘੱਟ ਹਨ।



ਬੇਸ਼ੱਕ ਬਰਸਾਤ ਪੈਣਾ ਇੱਕ ਕੁਦਰਤੀ ਵਰਤਾਰਾ ਹੈ, ਜਿਸ ਦੇ ਵੱਧ-ਘੱਟ ਪੈਣ ਨੂੰ ਕਾਬੂ ਕਰਨ ਦੇ ਹਾਲੇ ਮਨੁੱਖ ਸਮਰੱਥ ਨਹੀਂ ਹੈ ਅਤੇ ਨਾ ਹੀ ਹੜ੍ਹਾਂ ਨੂੰ ਆਉਣ ਤੋਂ ਪੂਰੀ ਤਰ੍ਹਾਂ ਰੋਕਿਆ ਹੀ ਜਾ ਸਕਦਾ ਹੈ। ਪਰ ਪੰਜਾਬ ਵਰਗੇ ਮੈਦਾਨੀ ਇਲਾਕਿਆਂ ਵਿੱਚ ਮਾਨਸੂਨ ਤੋਂ ਪਹਿਲਾਂ ਹੜ੍ਹਾਂ ਦੀ ਸੰਭਾਵਨਾ ਦੇ ਮੱਦੇਨਜ਼ਰ ਤਿਆਰੀ ਵਜੋਂ ਬਹੁਤ ਸਾਰੇ ਉਪਰਾਲੇ ਕੀਤੇ ਜਾ ਸਕਦੇ ਸਨ, ਜਿਨ੍ਹਾਂ ਨਾਲ ਹੜ੍ਹਾਂ ਦੀ ਮਾਰ ਘਟ ਸਕਦੀ ਸੀ। ਇਸ ਦੇ ਨਾਲ ਹੀ ਰਾਹਤ ਕਾਰਜ ਵੀ ਤਿਆਰ-ਬਰ-ਤਿਆਰ ਰਹਿਣੇ ਚਾਹੀਦੇ ਸਨ ਤਾਂ ਜੋ ਹੜ੍ਹ ਆਉਣ 'ਤੇ ਲੋਕਾਂ ਦੀ ਮਦਦ ਤੇ ਨੁਕਸਾਨ ਨੂੰ ਘਟਾਉਣ ਲਈ ਵੇਲੇ ਸਿਰ ਢੁੱਕਵੇਂ ਉਪਰਾਲੇ ਕੀਤੇ ਜਾ ਸਕਦੇ। ਪਰ ਪੰਜਾਬ ਵਿੱਚ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਇਸ ਕਾਰਜ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ। ਇਹ ਕਹਿਣਾ ਵੀ ਠੀਕ ਨਹੀਂ ਹੈ ਕਿ ਸਰਕਾਰ ਵੱਲੋਂ ਹੜ੍ਹਾਂ ਤੋਂ ਬਚਾਓ ਲਈ ਕੁਝ ਵੀ ਨਹੀਂ ਕੀਤਾ ਜਾਂਦਾ। ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੱਲੋਂ ਹੜ੍ਹਾਂ ਤੋਂ ਬਚਾਓ ਲਈ ਵਿਸ਼ੇਸ਼ ਯੋਜਨਾ ਉਲੀਕੀ ਗਈ ਹੈ। ਮੋਹਾਲੀ, ਲੁਧਿਆਣਾ, ਹੁਸ਼ਿਆਰਪੁਰ ਤੇ ਗੁਰਦਾਸਪੁਰ ਵਰਗੇ ਜ਼ਿਲ੍ਹਿਆਂ ਨੇ ਸਾਲ 2024 'ਚ ਹੜ੍ਹ ਗਾਈਡਬੁੱਕ ਜਾਰੀ ਕੀਤੀ, ਜਿਸ 'ਚ ਡਰੇਨਜ਼ ਸੁਧਾਰ ਦੀਆਂ ਯੋਜਨਾਵਾਂ ਸ਼ਾਮਲ ਹਨ। ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਦਰਿਆਵਾਂ ਤੇ ਨਹਿਰਾਂ ਦੀ ਸਮੇਂ ਸਮੇਂ 'ਤੇ ਸਫ਼ਾਈ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਮੌਸਮ ਵਿਭਾਗ ਨੇ ਅਗਾਊਂ ਚਿਤਾਵਨੀ ਪ੍ਰਣਾਲੀ ਨੂੰ ਮਜ਼ਬੂਤ ਬਣਾਇਆ ਹੈ। ਪੰਜਾਬ ਦੇ ਜੰਗਲਾਤ ਵਿਭਾਗ ਵੱਲੋਂ ਪਹਾੜੀ ਖੇਤਰਾਂ 'ਚ ਰੁੱਖਾਂ ਦੀ ਕਟਾਈ 'ਤੇ ਰੋਕ ਲਗਾਈ ਗਈ ਹੈ ਤੇ ਜੰਗਲੀ ਖੇਤਰਾਂ ਦੀ ਸੁਰੱਖਿਆ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ ਹੋਏ ਹਨ। ਜੇ ਸਰਕਾਰੀ ਤੇ ਗੈਰ ਸਰਕਾਰੀ ਪੱਧਰ 'ਤੇ ਸਮਾਜਿਕ ਸਹਿਯੋਗ ਨਾਲ ਸੰਭਾਵੀ ਹੜ੍ਹਾਂ ਤੋਂ ਬਚਾਓ ਲਈ ਪਹਿਲਾਂ ਹੀ ਮਜ਼ਬੂਤ ਪ੍ਰਬੰਧ ਕਰ ਲਏ ਜਾਣ ਤਾਂ ਹੜ੍ਹਾਂ ਦੌਰਾਨ ਹੁੰਦੀ ਤਬਾਹੀ ਨੂੰ ਘੱਟ ਕੀਤਾ ਜਾ ਸਕਦਾ ਹੈ। ਕੁਦਰਤੀ ਆਫ਼ਤਾਂ ਅੱਗੇ ਮਨੁੱਖ ਬੇਬਸ ਹੁੰਦਾ ਹੈ, ਪਰ ਮਨੁੱਖ ਵੱਲੋਂ ਪਹਿਲਾਂ ਤੋਂ ਹੀ ਅਜਿਹੇ ਢੁਕਵੇਂ ਪ੍ਰਬੰਧ ਅਤੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਕਿ ਹੜ੍ਹਾਂ ਵਰਗੀ ਕੁਦਰਤੀ ਕਰੋਪੀ ਤੋਂ ਬਚਾਓ ਹੋ ਸਕੇ।

### ਹੜ੍ਹਾਂ ਦੌਰਾਨ ਭਾਈਚਾਰਕ ਸਾਂਝ ਹੋਈ ਪਕੇਰੀ

ਪੰਜਾਬ ਦੇ ਕੁਝ ਇਲਾਕਿਆਂ ਵਿੱਚ ਆਏ ਹੜ੍ਹਾਂ ਦੌਰਾਨ ਰਾਹਤ ਦੀ ਖ਼ਬਰ ਏਨੀ ਕੁ ਹੈ ਕਿ ਹੜ੍ਹਾਂ ਦੇ ਕਹਿਰ ਮੌਕੇ ਪੰਜਾਬੀਆਂ ਨੇ ਆਪਣੀ ਭਾਈਚਾਰਕ ਸਾਂਝ ਨੂੰ ਹੋਰ ਪਕੇਰਾਂ ਕਰਦਿਆਂ ਇੱਕ ਦੂਜੇ ਦੀ ਸਹਾਇਤਾ ਖੁੱਲ ਕੇ ਕੀਤੀ ਹੈ। ਹੜ੍ਹਾਂ ਦੌਰਾਨ ਸੰਵੇਦਨਾ/ਸਹਾਇਤਾ ਦਾ ਹੜ੍ਹ ਸਭ ਨੂੰ ਸਕੂਨ ਦੇਣ ਵਾਲਾ ਹੈ। ਆਪਸੀ ਭਾਈਚਾਰੇ ਦੀਆਂ ਬਿਨਾਂ ਕਿਸੇ ਧਾਰਮਿਕ ਭੇਦਭਾਵ ਦੇ ਮਦਦ ਪਹੁੰਚਾਉਣ ਵਾਲੀਆਂ ਤੰਦਾਂ ਧਰਮ ਦੇ ਨਾਂਅ 'ਤੇ ਸਿਆਸਤ ਖੇਡਣ ਵਾਲਿਆਂ ਦੇ ਮੂੰਹ 'ਤੇ ਚਪੇੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਸੰਸਥਾਵਾਂ ਵੱਲੋਂ ਵੀ ਹੜ੍ਹ ਪ੍ਰਭਾਵਿਤ ਲੋਕਾਂ ਲਈ ਲੰਗਰ ਅਤੇ ਹੋਰ ਸਹਾਇਤਾ ਮੁਹੱਈਆ ਕਰਨ ਦੇ ਯਤਨ ਕੀਤੇ ਗਏ ਹਨ।

# ਅਮਰੀਕੀ ਅਰਥਵਿਵਸਥਾ ’ਤੇ ਮਹਿੰਗਾਈ ’ਚ ਵਾਧੇ ਦਾ ਪਿਆ ਪ੍ਰਭਾਵ

ਨਿਊਯਾਰਕ/ਏ.ਟੀ.ਨਿਊਜ਼: ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੀ ਇੱਕ ਰਿਪੋਰਟ ਮੁਤਾਬਕ ਥੋਕ ਕੀਮਤਾਂ ਜੁਲਾਈ ਵਿੱਚ ਉਮੀਦ ਤੋਂ ਕਿਤੇ ਜ਼ਿਆਦਾ ਵਧੀਆਂ ਹਨ। ਸੰਭਾਵੀ ਸੰਕੇਤ ਮੁਤਾਬਕ ਮੁਦਰਾਸਫੀਤੀ ਅਜੇ ਵੀ ਅਮਰੀਕੀ ਅਰਥਵਿਵਸਥਾ ਲਈ ਖ਼ਤਰਾ ਬਣੀ ਹੋਈ ਹੈ।

ਇਸ ਨਾਲ ਸਤੰਬਰ ਵਿੱਚ ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਿੱਚ ਕਟੌਤੀ ਦੀ ਸੰਭਾਵਨਾ ਪ੍ਰਭਾਵਿਤ ਹੋ ਸਕਦੀ ਹੈ। ਯੂ.ਐਸ. ਬਿਊਰੋ ਆਫ਼ ਲੇਬਰ ਸਟੈਟਿਸਟਿਕਸ (ਬੀ.ਐਲ.ਐਸ.) ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ, ਉਤਪਾਦਕ ਕੀਮਤ ਸੂਚਕਾਂਕ (ਪੀ.ਪੀ.ਆਈ.), ਜੋ ਅੰਤਿਮ ਮੰਗ ਵਾਲੀਆਂ ਚੀਜ਼ਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਨੂੰ ਮਾਪਦਾ ਹੈ, ਜੁਲਾਈ ਵਿੱਚ 0.9% ਵਧਿਆ, ਜਦੋਂ ਕਿ ਡਾਓ ਜੋਨਸ ਦਾ ਅਨੁਮਾਨ ਸਿਰਫ 0.2% ਸੀ।

ਭੋਜਨ ਅਤੇ ਊਰਜਾ ਕੀਮਤਾਂ ਨੂੰ ਛੱਡ ਕੇ, ਕੋਰ ਪੀ.ਪੀ.ਆਈ.0.3% ਦੇ ਅਨੁਮਾਨ ਦੇ ਮੁਕਾਬਲੇ 0.9% ਵਧਿਆ ਹੈ। ਭੋਜਨ, ਊਰਜਾ ਅਤੇ ਵਪਾਰ ਸੇਵਾਵਾਂ ਨੂੰ ਛੱਡ ਕੇ, ਸੂਚਕਾਂਕ 0.6% ਵਧਿਆ, ਜੋ ਕਿ ਮਾਰਚ 2022 ਤੋਂ ਬਾਅਦ ਸਭ ਤੋਂ ਵੱਡਾ ਮਹੀਨਾਵਾਰ ਵਾਧਾ ਹੈ। ਸਾਲਾਨਾ ਆਧਾਰ ’ਤੇ, ਹੈੱਡਲਾਈਨ ਪੀ.ਪੀ.ਆਈ. 3.3% ਵਧਿਆ, ਜਿਹੜਾ ਫਰਵਰੀ ਤੋਂ ਬਾਅਦ 12-ਮਹੀਨਿਆਂ ਦਾ ਸਭ ਤੋਂ ਵੱਡਾ ਵਾਧਾ ਹੈ ਅਤੇ ਫੈੱਡ ਦੇ 2% ਮਹਿੰਗਾਈ ਟੀਚੇ ਤੋਂ ਬਹੁਤ ਜ਼ਿਆਦਾ ਹੈ।



ਸੇਵਾਵਾਂ ਦੀ ਮਹਿੰਗਾਈ ਨੇ ਜੁਲਾਈ ਵਿੱਚ 1.1% ਵੱਧ ਕੇ ਮਾਰਚ 2022 ਤੋਂ ਬਾਅਦ ਸਭ ਤੋਂ ਵੱਡਾ ਲਾਭ ਪ੍ਰਾਪਤ ਕੀਤਾ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਲਾਗੂਕਰਨ ਵਿੱਚ ਚੱਲ ਰਹੇ ਵਿਕਾਸ ਦੇ ਵਿਚਕਾਰ, ਵਪਾਰ ਸੇਵਾਵਾਂ ਦੇ ਮਾਰਜਿਨ ਵਿੱਚ 2% ਦਾ ਵਾਧਾ ਹੋਇਆ।

ਇਸ ਤੋਂ ਇਲਾਵਾ, ਸੇਵਾਵਾਂ ਵਿੱਚ 30% ਵਾਧਾ ਮਸ਼ੀਨਰੀ ਅਤੇ ਉਪਕਰਣਾਂ ਦੀ ਥੋਕ ਵਿਕਰੀ ਵਿੱਚ 3.8% ਵਾਧੇ ਤੋਂ ਆਇਆ ਹੈ। ਨਾਲ ਹੀ, ਪੋਰਟਫੋਲੀਓ ਪ੍ਰਬੰਧਨ ਫੀਸਾਂ ਵਿੱਚ 5.8% ਦਾ ਵਾਧਾ ਹੋਇਆ ਅਤੇ ਏਅਰਲਾਈਨ ਯਾਤਰੀ ਸੇਵਾਵਾਂ ਦੀਆਂ ਕੀਮਤਾਂ ਵਿੱਚ 1% ਦਾ ਵਾਧਾ ਹੋਇਆ। ਰਿਲੀਜ਼ ਤੋਂ ਬਾਅਦ ਸਟਾਕ ਮਾਰਕੀਟ ਫਿਊਚਰਜ਼ ਡਿੱਗ ਗਏ।

ਹਾਲਾਂਕਿ ਪੀ.ਪੀ.ਆਈ., ਸੀ.ਪੀ.ਆਈ. ਨਾਲੋਂ ਘੱਟ ਧਿਆਨ ਖਿੱਚਦਾ ਹੈ, ਇਹ ਉਤਪਾਦਨ ਦੀ ਲਾਗਤ ਅਤੇ ਮੁੱਲ ਲੜੀ ਵਿੱਚ ਤਬਦੀਲੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ। ਸੀ.ਪੀ.ਆਈ. ਦੇ ਉਮੀਦ ਅਨੁਸਾਰ ਆਉਣ ਤੋਂ ਬਾਅਦ, ਬਾਜ਼ਾਰ ਲਗਭਗ ਨਿਸ਼ਚਿਤ ਸੀ ਕਿ ਫੈੱਡ ਸਤੰਬਰ ਵਿੱਚ ਵਿਆਜ ਦਰਾਂ ਵਿੱਚ ਕਟੌਤੀ ਕਰੇਗਾ, ਪਰ ਹੁਣ ਇਹ ਉਮੀਦ ਕਮਜ਼ੋਰ ਹੋ ਸਕਦੀ ਹੈ।

ਹਾਲਾਂਕਿ ਇਹ ਰਿਪੋਰਟਾਂ ਅਜਿਹੇ ਸਮੇਂ ਆਈਆਂ ਹਨ ਜਦੋਂ ਬੀ.ਐਲ.ਐਸ. ਡੇਟਾ ਸ਼ੁੱਧਤਾ ’ਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਸਾਬਕਾ ਬੀ.ਐਲ.ਐਸ. ਕਮਿਸ਼ਨਰ ਨੂੰ ਬਰਖਾਸਤ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਹ ਹੈਰੀਟੇਜ ਫਾਊਂਡੇਸ਼ਨ ਦੇ ਅਰਥਸ਼ਾਸਤਰੀ ਈ.ਜੇ. ਐਂਟੋਨੀ ਨੂੰ ਬਿਊਰੋ ਦੇ ਅਗਲੇ ਮੁਖੀ ਵਜੋਂ ਨਾਮਜ਼ਦ ਕਰਨ ਦਾ ਇਰਾਦਾ ਰੱਖਦੇ ਹਨ। (ਬਾਕੀ ਸਫ਼ਾ 31 ’ਤੇ)

# ਅਮਰੀਕਾ ’ਚ ਹੁਣ ਤਨਖਾਹ-ਆਧਾਰਿਤ ਚੋਣ ਪ੍ਰਣਾਲੀ ਰਾਹੀਂ ਜਾਰੀ ਕੀਤਾ ਜਾਵੇਗਾ ਐਚ-1ਬੀ ਵੀਜ਼ਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦਾ ਡੋਨਾਲਡ ਟਰੰਪ ਪ੍ਰਸ਼ਾਸਨ ਐਚ-1ਬੀ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਵਿੱਚ ਵੱਡੇ ਬਦਲਾਅ ਕਰਨ ਜਾ ਰਿਹਾ ਹੈ। ਇਹ ਵੀਜ਼ਾ, ਜੋ ਹੁਣ ਤੱਕ ਲਾਟਰੀ ਸਿਸਟਮ ਰਾਹੀਂ ਦਿੱਤਾ ਜਾਂਦਾ ਸੀ, ਹੁਣ ਤਨਖਾਹ-ਆਧਾਰਿਤ ਚੋਣ ਪ੍ਰਣਾਲੀ ਰਾਹੀਂ ਜਾਰੀ ਕੀਤਾ ਜਾਵੇਗਾ। ਵ੍ਹਾਈਟ ਹਾਊਸ ਦੇ ਸੂਚਨਾ ਅਤੇ ਰੈਗੂਲੇਟਰੀ ਮਾਮਲਿਆਂ ਦੇ ਦਫ਼ਤਰ ਨੇ ਇਸ ਸਬੰਧ ਵਿੱਚ ਇੱਕ ਪ੍ਰਸਤਾਵ ਲਿਆਂਦਾ ਹੈ। ਪਿਛਲੇ ਦਿਨੀਂ ਵਿਸ਼ੇਸ਼ ਕਿੱਤਿਆਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਐਚ-1ਬੀ ਵੀਜ਼ਾ ਦੀ ਵੰਡ ਵਿੱਚ ਵਿਆਪਕ ਬਦਲਾਅ ਕਰਨ ਵਾਲੇ ਨਿਯਮ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।ਇਹ ਕਦਮ ਡੋਨਾਲਡ ਟਰੰਪ ਪ੍ਰਸ਼ਾਸਨ ਦੀ ‘ਅਮਰੀਕੀ ਚੀਜ਼ਾਂ ਖਰੀਦੋ ਅਤੇ ਅਮਰੀਕੀਆਂ ਨੂੰ ਨੌਕਰੀ ’ਤੇ ਰੱਖੋ’ ਨੀਤੀ ਤਹਿਤ ਚੁੱਕਿਆ ਗਿਆ ਹੈ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਅਮਰੀਕਾ ਵਿੱਚ ਭਵਿੱਖ ਦੇ ਕੈਰੀਅਰ ਦੀਆਂ ਸੰਭਾਵਨਾਵਾਂ ਦੀ ਭਾਲ ਕਰ ਰਹੇ ਹਜ਼ਾਰਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਮੁਸ਼ਕਿਲਾਂ ਵਧ ਜਾਣਗੀਆਂ। ਹਾਲ ਹੀ ਵਿੱਚ ਗ੍ਰੈਜੂਏਟ ਹੋਏ ਵਿਦਿਆਰਥੀ ਵੀ ਇਸ ਤੋਂ ਪ੍ਰਭਾਵਿਤ ਹੋਣਗੇ। ਇਸਦਾ ਸਿੱਧਾ ਪ੍ਰਭਾਵ ਭਾਰਤ ਦੇ ਲੋਕਾਂ ’ਤੇ ਵੀ ਪਵੇਗਾ। ਜੇਕਰ ਟਰੰਪ ਪ੍ਰਸ਼ਾਸਨ ਇਸ ਬਦਲਾਅ ਨਾਲ ਅੱਗੇ ਵਧਦਾ ਹੈ, ਤਾਂ ਇਹ ਭਾਰਤੀ ਵਿਦਿਆਰਥੀਆਂ ਅਤੇ ਕੁਝ ਵਿਸ਼ਿਆਂ ਅਤੇ ਗੈਰ-ਸਟੀਮ




ਖੇਤਰਾਂ ਵਿੱਚ ਨਵੇਂ ਗ੍ਰੈਜੂਏਟਾਂ ’ਤੇ ਮਾੜਾ ਪ੍ਰਭਾਵ ਪਾ ਸਕਦਾ ਹੈ।

ਐਚ-1ਬੀ ਵੀਜ਼ਾ ਅਮਰੀਕੀ ਕੰਪਨੀਆਂ ਨੂੰ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਵਾਲੇ ਖਾਸ ਕਿੱਤਿਆਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨੌਕਰੀ ’ਤੇ ਰੱਖਣ ਦੀ ਆਗਿਆ ਦਿੰਦਾ ਹੈ। ਇਹ ਤਿੰਨ ਸਾਲਾਂ ਦੀ ਮਿਆਦ ਲਈ ਅਮਰੀਕਾ ਵਿੱਚ ਕੰਮ ਕਰਨ ਲਈ ਕੀਤਾ ਜਾ ਸਕਦਾ ਹੈ। ਵਰਤਮਾਨ ਵਿੱਚ ਇਸਦਾ ਸਾਲਾਨਾ ਸਲਾਟ 85,000 ਤੱਕ ਸੀਮਤ ਹੈ। ਹੁਣ ਤੱਕ ਹਰ ਸਾਲ ਨਵੇਂ ਗ੍ਰੈਜੂਏਟ ਅਤੇ ਤਜਰਬੇਕਾਰ ਪੇਸ਼ੇਵਰਾਂ ਨੂੰ ਲਾਟਰੀ ਪ੍ਰਕਿਰਿਆ ਤਹਿਤ ਚੁਣਿਆ ਜਾਂਦਾ ਹੈ। ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ.ਐਸ.) ਨੇ ਐਚ-1ਬੀ ਵੀਜ਼ਾ ਦੀ ਲਾਟਰੀ ਪ੍ਰਣਾਲੀ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਸੀ। ਇਸ ਸਾਲ ਦੁਬਾਰਾ ਰਾਸ਼ਟਰਪਤੀ ਬਣਨ ਤੋਂ ਬਾਅਦ ਟਰੰਪ ਨੇ ਫਿਰ ਇਸ ਦਿਸ਼ਾ ਵਿੱਚ ਕਦਮ ਚੁੱਕੇ ਹਨ। ਨਵੇਂ ਨਿਯਮ ਬਾਰੇ ਸਭ ਤੋਂ ਵੱਡੀ ਜਾਣਕਾਰੀ ਇਹ ਹੈ ਕਿ ਇਹ ਤਨਖਾਹ ’ਤੇ ਅਧਾਰਤ ਹੈ ਨਾ ਕਿ ਇੱਕ ਲਾਟਰੀ ਪ੍ਰਣਾਲੀ ਜੋ ਸਾਰਿਆਂ ਨੂੰ ਬਰਾਬਰ ਰੱਖਦੀ ਹੈ।

ਅਮਰੀਕਾ ਦੇ ਐਚ-1ਬੀ ਵੀਜ਼ਾ ਪ੍ਰੋਗਰਾਮ ਵਿੱਚ ਭਾਰਤੀਆਂ ਦਾ ਦਬਦਬਾ ਰਿਹਾ ਹੈ। ਭਾਰਤੀਆਂ ਨੂੰ ਐਚ-1ਬੀਵੀਜ਼ਾ ਦਾ 72 ਪ੍ਰਤੀਸ਼ਤ ਤੱਕ ਮਿਲਦਾ ਰਿਹਾ ਹੈ। ਇਸ ਤੋਂ ਬਾਅਦ 12 ਪ੍ਰਤੀਸ਼ਤ ਚੀਨੀ ਨਾਗਰਿਕ ਹਨ।2023 ਦੇ ਅੰਕੜਿਆਂ ਅਨੁਸਾਰ ਜ਼ਿਆਦਾਤਰ ਐਚ-1ਬੀ ਵੀਜ਼ਾ ਧਾਰਕ ਸਟੀਮ ਖੇਤਰਾਂ ਜਿਵੇਂ ਕਿ ਡੇਟਾ ਸਾਇੰਸ, ਏ.ਆਈ., ਮਸ਼ੀਨ ਲਰਨਿੰਗ ਅਤੇ ਸਾਈਬਰ ਸੁਰੱਖਿਆ ਵਿੱਚ ਕੰਮ ਕਰਦੇ ਹਨ। ਇਨ੍ਹਾਂ ਵਿੱਚੋਂ 65 ਪ੍ਰਤੀਸ਼ਤ ਕੰਪਿਊਟਰ ਨਾਲ ਸਬੰਧਿਤ ਨੌਕਰੀਆਂ ਵਿੱਚ ਹਨ।

# ਨਵੀਂ ਦਿੱਲੀ ਅਤੇ ਵਾਸ਼ਿੰਗਟਨ ਵਿਚਾਲੇ ਹਨ ਇਤਿਹਾਸਕ ਸਬੰਧ: ਮਾਰਕੋ ਰੂਬੀਓ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ‘ਮਿਲ ਕੇ ਕੰਮ ਕਰਦੇ ਹੋਏ’ ਅੱਜ ਦੀਆਂ ਆਧੁਨਿਕ ਚੁਣੌਤੀਆਂ ਦਾ ਸਾਹਮਣਾ ਕਰਨਗੇ ਅਤੇ ਦੋਵਾਂ ਦੇਸ਼ਾਂ ਲਈ ਇੱਕ ਉੱਜਵਲ ਭਵਿੱਖ ਯਕੀਨੀ ਬਣਾਉਣਗੇ। ਉਨ੍ਹਾਂ ਨਵੀਂ ਦਿੱਲੀ ਅਤੇ ਵਾਸ਼ਿੰਗਟਨ ਵਿਚਕਾਰ ‘ਇਤਿਹਾਸਕ ਸਬੰਧਾਂ’ ਨੂੰ ‘ਮਹੱਤਵਪੂਰਨ ਅਤੇ ਦੂਰਗਾਮੀ’ ਦੱਸਿਆ।



ਆਪਣੇ ਸੰਦੇਸ਼ ਵਿੱਚ ਰੂਬੀਓ ਨੇ ਕਿਹਾ, ‘ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਅਤੇ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਵਿਚਕਾਰ ਇਤਿਹਾਸਕ ਸਬੰਧ ਮਹੱਤਵਪੂਰਨ ਅਤੇ ਦੂਰਗਾਮੀ ਹਨ। ਇਕੱਠੇ ਕੰਮ ਕਰਦੇ ਹੋਏ ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਅੱਜ ਦੀਆਂ ਆਧੁਨਿਕ ਚੁਣੌਤੀਆਂ ਦਾ ਸਾਹਮਣਾ ਕਰਨਗੇ ਅਤੇ ਦੋਵਾਂ ਦੇਸ਼ਾਂ ਲਈ ਇੱਕ ਉੱਜਵਲ ਭਵਿੱਖ ਨੂੰ ਯਕੀਨੀ ਬਣਾਉਣਗੇ।’ ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ‘ਇੱਕ ਵਧੇਰੇ ਸ਼ਾਂਤੀਪੂਰਨ, ਖੁਸ਼ਹਾਲ ਅਤੇ ਸੁਰੱਖਿਅਤ ਹਿੰਦ-ਪ੍ਰਸ਼ਾਂਤ ਖੇਤਰ ਲਈ ਸਾਡੇ ਸਾਂਝੇ ਦ੍ਰਿਸ਼ਟੀਕੋਣ’ ਦੁਆਰਾ ਇੱਕਜੁੱਟ ਹਨ ਅਤੇ ਭਾਰਤ ਅਤੇ ਅਮਰੀਕਾ ਵਿਚਕਾਰ ਭਾਈਵਾਲੀ ਉਦਯੋਗਾਂ ਵਿੱਚ ਫੈਲੀ ਹੋਈ ਹੈ, ਨਵੀਨਤਾ ਨੂੰ ਉਤਸ਼ਾਹਿਤ ਕਰਦੀ ਹੈ, ਮਹੱਤਵਪੂਰਨ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਂਦੀ ਹੈ ਅਤੇ ਪੁਲਾੜ ਤੱਕ ਫੈਲਦੀ ਹੈ। ਰੂਬੀਓ ਨੇ ਇਹ ਵੀ ਜ਼ੋਰ ਦਿੱਤਾ ਕਿ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਸਿਰਫ ਆਰਥਿਕ ਜਾਂ ਤਕਨੀਕੀ ਖੇਤਰ ਤੱਕ ਸੀਮਤ ਨਹੀਂ ਹੈ। ਇਹ ਵਿਸ਼ਵ ਸਥਿਰਤਾ ਅਤੇ ਸੁਰੱਖਿਆ ਲਈ ਵੀ ਮਹੱਤਵਪੂਰਨ ਹੈ। ਭਾਰਤ-ਅਮਰੀਕਾ ਸਬੰਧਾਂ ਦਾ ਪ੍ਰਭਾਵ ਅੰਤਰਰਾਸ਼ਟਰੀ ਮੰਚਾਂ ’ਤੇ ਵੀ ਦੇਖਿਆ ਜਾਂਦਾ ਹੈ, ਜਿੱਥੇ ਦੋਵੇਂ ਦੇਸ਼ ਲੋਕਤੰਤਰੀ ਕਦਰਾਂ-ਕੀਮਤਾਂ, ਨਿਯਮ-ਅਧਾਰਤ ਵਿਸ਼ਵ ਵਿਵਸਥਾ ਅਤੇ ਆਪਸੀ ਸਹਿਯੋਗ ਦੀ ਵਕਾਲਤ ਕਰਦੇ ਹਨ। ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਭਾਈਵਾਲੀ ਹੋਰ ਡੂੰਘੀ ਹੋਵੇਗੀ। ਪੂਰੀ ਦੁਨੀਆ ਨੂੰ ਇਸ ਦਾ ਲਾਭ ਹੋਵੇਗਾ।

## ਅਮਰੀਕਾ ਨਾਲ ਵਪਾਰਕ ਗੱਲਬਾਤ ਕਰਨੀ ਚਾਹੁੰਦਾ ਹੈ ਬ੍ਰਾਜ਼ੀਲ : ਡਾ ਸਿਲਵਾ

ਬ੍ਰਾਸੀਲੀਆ/ਏ.ਟੀ.ਨਿਊਜ਼: ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਨੇ ਅਮਰੀਕੀ ਸਾਮਾਨਾਂ ’ਤੇ ਟੈਰਿਫ ਵਧਾਉਣ ਦੀ ਸੰਭਾਵਨਾ ਨੂੰ ਰੱਦ ਕਰਦੇ ਹੋਏ ਕਿਹਾ ਕਿ ਇਸ ਸਮੇਂ ਉਨ੍ਹਾਂ ਦੀ ਤਰਜੀਹ



ਗੱਲਬਾਤ ਹੈ। ਲੂਲਾ ਨੇ ਪਿਛਲੇ ਦਿਨੀਂ ਕਿਹਾ,‘ਅਸੀਂ ਪਰਸਪਰ ਉਪਾਵਾਂ ਦਾ ਐਲਾਨ ਨਹੀਂ ਕਰ ਰਹੇ ਹਾਂ ਅਤੇ ਇਸ ਸਮੇਂ ਅਸੀਂ ਕੁਝ ਵੀ ਨਹੀਂ ਚਾਹੁੰਦੇ ਜੋ ਸਾਡੇ ਸਬੰਧਾਂ ਨੂੰ ਵਿਗਾੜਦਾ ਹ ਕਿਉਂਕਿ ਅਸੀਂ ਨੇੜੇ ਆਉਣ ਦੀ ਕੋਸ਼ਿਸ਼ ਕਰ ਰਹੇ ਹਾਂ।’

ਅਮਰੀਕੀ ਟੈਰਿਫ ਤੋਂ ਪ੍ਰਭਾਵਿਤ ਆਪਣੀਆਂ ਕੰਪਨੀਆਂ ਦੀ ਰੱਖਿਆ ਲਈ ਬ੍ਰਾਜ਼ੀਲ ਸਰਕਾਰ ਨੇ ਇੱਕ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਸਹਾਇਤਾ ਪੈਕੇਜ ਦਾ ਐਲਾਨ ਕੀਤਾ ਹੈ ਜੋ ਨਿਰਯਾਤਕਾਂ ਲਈ ਕ੍ਰੈਡਿਟ ਸਹੂਲਤਾਂ ਅਤੇ ਉਨ੍ਹਾਂ ਉਤਪਾਦਾਂ ਦੀ ਸਰਕਾਰੀ ਖਰੀਦ ’ਤੇ ਕੇਂਦ੍ਰਿਤ ਹੈ ਜਿਨ੍ਹਾਂ ਨੂੰ ਵਿਕਲਪਕ ਬਾਜ਼ਾਰ ਲੱਭਣ ਵਿੱਚ ਵਧੇਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ‘ਸਵਰਨ ਬ੍ਰਾਜ਼ੀਲ’ ਨਾਮਕ ਇਹ ਪਹਿਲਕਦਮੀ 30 ਬਿਲੀਅਨ ਰੀਅਲ (ਲਗਭਗ 5.562 (ਬਾਕੀ ਸਫ਼ਾ 31 ’ਤੇ)

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu
Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਅਮਰੀਕਾ 'ਚ ਪੁਲਿਸ ਵੱਲੋਂ ਸਿੱਖ ਵਿਅਕਤੀ 'ਤੇ ਹਮਲਾ ਕਰਨ ਵਾਲਾ ਕਾਬੂ



ਨਿਊਯਾਰਕ/ਏ.ਟੀ.ਨਿਊਜ਼: ਬੀਤੇ ਦਿਨੀਂ ਇੱਕ ਬਜ਼ੁਰਗ ਸਿੱਖ ਬਜ਼ੁਰਗ 'ਤੇ ਲਾਸ ਏਂਜਲਸ ਵਿੱਚ ਹਮਲਾ ਕਰਨ ਵਾਲੇ ਵਿਅਕਤੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। 70 ਸਾਲਾ ਹਰਪਾਲ ਸਿੰਘ 'ਤੇ ਪਿਛਲੇ ਦਿਨੀਂ ਲਾਸ ਏਂਜਲਸ ਦੇ ਸਿੱਖ ਗੁਰਦੁਆਰਾ ਨੇੜੇ ਸਵੇਰ ਦੀ ਸੈਰ ਦੌਰਾਨ ਇੱਕ ਬੇਘਰੇ ਵਿਅਕਤੀ ਬੋ ਰਿਚਰਡ ਵਿਟਾਗਲਿਆਨੋ ਨੇ ਹਮਲਾ ਕਰ ਦਿੱਤਾ ਸੀ। ਲਾਸ ਏਂਜਲਸ ਪੁਲਿਸ ਵਿਭਾਗ ਨੇ ਇੱਕ ਬਿਆਨ ਵਿੱਚ ਕਿਹਾ ਕਿ 44 ਸਾਲਾ ਵਿਟਾਗਲਿਆਨੋ ਨੂੰ ਸਿੰਘ 'ਤੇ ਬੇਰਹਿਮੀ ਨਾਲ ਹਮਲਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਵਿਟਾਗਲਿਆਨੋ 'ਤੇ ਇੱਕ ਜਾਨਲੇਵਾ ਹਥਿਆਰ ਨਾਲ ਹਮਲਾ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਉਸਦੀ ਜ਼ਮਾਨਤ 1.1 ਮਿਲੀਅਨ ਅਮਰੀਕੀ ਡਾਲਰ ਨਿਰਧਾਰਤ ਕੀਤੀ ਗਈ ਹੈ।

ਸਿੱਖ ਕੋਲੀਸ਼ਨ ਨਾਮਕ ਐਡਵੋਕੇਸੀ ਸਮੂਹ ਨੇ ਕਿਹਾ ਕਿ ਜਦੋਂ ਕਿ ਦੋਸ਼ੀ ਸਿੰਘ 'ਤੇ ਬੇਰਹਿਮੀ ਨਾਲ ਹਮਲਾ ਕਰਨ ਲਈ ਹਿਰਾਸਤ ਵਿੱਚ ਹੈ, ਪੁਲਿਸ ਇਸ ਮਾਮਲੇ ਨੂੰ ਨਫ਼ਰਤੀ ਅਪਰਾਧ ਵਜੋਂ ਨਹੀਂ ਦੇਖ ਰਹੀ। ਉਨ੍ਹਾਂ ਦੱਸਿਆ ਕਿ ਸਿੰਘ ਨੂੰ ਹਮਲੇ ਦੌਰਾਨ ਬਹੁਤ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਹ ਅਜੇ ਵੀ ਨਾਜ਼ੁਕ ਹਾਲਤ ਵਿੱਚ ਹਨ।

ਪੁਲਿਸ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਿੰਘ ਅਤੇ ਵਿਟਾਗਲਿਆਨੋ ਵਿਚਕਾਰ ਸਰੀਰਕ ਝਗੜਾ ਹੋਇਆ ਸੀ। ਐੱਲ.ਏ.ਪੀ.ਡੀ. ਨੇ ਦੱਸਿਆ ਕਿ ਗਵਾਹਾਂ ਨੇ ਕਿਹਾ ਕਿ ਉਨ੍ਹਾਂ ਨੇ ਇਹ ਨਹੀਂ ਦੇਖਿਆ ਕਿ ਝਗੜਾ ਕਿਵੇਂ ਸ਼ੁਰੂ ਹੋਇਆ, ਪਰ ਉਨ੍ਹਾਂ ਨੇ ਇੱਕ ਉੱਚੀ ਆਵਾਜ਼ ਸੁਣੀ, ਫਿਰ ਦੋ ਵਿਅਕਤੀਆਂ ਨੂੰ ਇੱਕ ਦੂਜੇ 'ਤੇ ਧਾਤੂ ਦੀਆਂ ਵਸਤੂਆਂ ਨਾਲ ਹਮਲਾ ਕਰਦੇ ਦੇਖਿਆ। ਦੋਵਾਂ ਵਿਅਕਤੀਆਂ ਨੂੰ ਸੱਟ ਲੱਗੀ ਅਤੇ ਵਿਟਾਗਲਿਆਨੋ ਨੇ ਸਿੰਘ 'ਤੇ ਹੋਰ ਹਮਲਾ ਕੀਤਾ ਜਦੋਂ ਉਹ ਜ਼ਮੀਨ 'ਤੇ ਡਿੱਗ ਗਿਆ ਸੀ। ਜਦੋਂ ਗਵਾਹਾਂ ਨੇ ਵਿਟਾਗਲਿਆਨੋ ਨੂੰ ਚੀਕ ਕੇ ਰੋਕਿਆ, ਤਾਂ ਉਹ ਆਪਣੇ ਸਾਈਕਲ 'ਤੇ ਭੱਜ ਗਿਆ।

# ਟਰੰਪ ਦੇ ਟੈਰਿਫ਼ਾਂ ਦਾ ਅਮਰੀਕੀ ਜਨਤਾ 'ਤੇ ਵੀ ਪਵੇਗਾ ਅਸਰ

## ਗੋਲਡਮੈਨ ਸਾਕਸ ਦੀ ਇੱਕ ਰਿਪੋਰਟ ਵਿੱਚ ਕੀਤਾ ਗਿਆ ਦਾਅਵਾ




ਨਿਊਯਾਰਕ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਈ ਦੇਸ਼ਾਂ 'ਤੇ ਟੈਰਿਫ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਵਿੱਚ ਭਾਰਤ ਵੀ ਸ਼ਾਮਲ ਹੈ। ਇਸ ਟੈਰਿਫ ਯੁੱਧ ਦੇ ਵਿਚਕਾਰ ਗੋਲਡਮੈਨ ਸਾਕਸ ਦੀ ਇੱਕ ਰਿਪੋਰਟ ਸਾਹਮਣੇ ਆਈ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਦਾ ਅਮਰੀਕੀਆਂ 'ਤੇ ਅਸਰ ਪਵੇਗਾ। ਰਿਪੋਰਟ ਦੇ ਅਨੁਸਾਰ ਅਮਰੀਕੀ ਖਪਤਕਾਰਾਂ ਦੇ ਟੈਰਿਫ ਨਾਲ ਸਬੰਧਤ ਡਰ ਜਲਦੀ ਹੀ ਸੱਚ ਸਾਬਤ ਹੋ ਸਕਦੇ ਹਨ ਕਿਉਂਕਿ ਕਾਰੋਬਾਰ ਸਿੱਧੇ ਤੌਰ 'ਤੇ ਖਰੀਦਦਾਰਾਂ 'ਤੇ ਟੈਰਿਫ ਕੀਮਤ ਦਾ ਵਧੇਰੇ ਬੋਝ ਪਾਉਣਾ ਸ਼ੁਰੂ ਕਰ ਦੇਣਗੇ। ਕੋਰ ਪਰਸਨਲ ਕੰਜ਼ਿਊਮਰ ਐਕਸਪੈਂਡੀਚਰ ਇੰਡੈਕਸ - ਜੋ ਕਿ ਅਮਰੀਕੀ ਖਪਤਕਾਰਾਂ ਲਈ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਮਹਿੰਗਾਈ ਦਰ ਨੂੰ ਮਾਪਦਾ ਹੈ, ਭੋਜਨ ਤੇ ਊਰਜਾ ਨੂੰ ਛੱਡ ਕੇ ਜੂਨ ਵਿੱਚ 2.8% ਸੀ।

ਗੋਲਡਮੈਨ ਵਿਸ਼ਲੇਸ਼ਕਾਂ ਨੇ ਰਿਪੋਰਟ ਵਿੱਚ ਕਿਹਾ ਕਿ ਦਸੰਬਰ ਵਿੱਚ ਸੀ.ਪੀ.ਈ. ਸਾਲ-ਦਰ-ਸਾਲ 3.2% ਤੱਕ ਵਧੇਗਾ। ਉਨ੍ਹਾਂ ਅੱਗੇ ਕਿਹਾ ਕਿ ਟੈਰਿਫਾਂ ਤੋਂ ਵਾਧੂ ਲਾਗਤਾਂ ਨੂੰ ਛੱਡ ਕੇ ਮਹਿੰਗਾਈ ਦਰ 2.4% ਹੋਣੀ ਸੀ। ਵਿਸ਼ਲੇਸ਼ਕਾਂ ਨੇ ਕਿਹਾ ਕਿ ਹੁਣ ਤੱਕ ਟੈਰਿਫਾਂ ਨੇ ਇਸ ਸੂਚਕਾਂਕ ਨੂੰ 0.2% ਵਧਾਇਆ ਹੈ ਅਤੇ ਜੁਲਾਈ ਵਿੱਚ ਇਸ ਵਿੱਚ 0.16% ਅਤੇ 2025 ਦੇ ਬਾਕੀ ਸਮੇਂ ਵਿੱਚ 0.5% ਵਾਧਾ ਹੋਣ ਦੀ ਉਮੀਦ ਹੈ। ਬਲੂਮਬਰਗ ਨਾਲ ਸਾਂਝੇ ਕੀਤੇ ਗਏ ਗੋਲਡਮੈਨ ਸਾਕਸ ਦੇ ਵਿਸ਼ਲੇਸ਼ਣ ਦੇ ਅਨੁਸਾਰ, ਜੂਨ ਤੱਕ ਟੈਰਿਫ ਲਾਗਤਾਂ ਦਾ ਲਗਭਗ 22% ਖਪਤਕਾਰਾਂ ਨੂੰ ਦਿੱਤਾ ਗਿਆ ਹੈ। ਹਾਲਾਂਕਿ ਕੰਪਨੀ ਨੇ ਕਿਹਾ ਕਿ ਜੇਕਰ ਟੈਰਿਫ ਪਿਛਲੇ ਸਾਲਾਂ ਵਾਂਗ ਹੀ ਰਫ਼ਤਾਰ ਨਾਲ ਜਾਰੀ ਰਹੇ ਤਾਂ ਇਹ ਗਿਣਤੀ 67% ਤੱਕ ਵੱਧ ਜਾਵੇਗੀ।

ਮੁੱਖ ਨਿੱਜੀ ਖਪਤਕਾਰ ਖਰਚ ਸੂਚਕਾਂਕ - ਜੋ ਕਿ ਭੋਜਨ ਅਤੇ ਊਰਜਾ ਨੂੰ ਛੱਡ ਕੇ ਅਮਰੀਕੀ ਖਪਤਕਾਰਾਂ ਲਈ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਮਹਿੰਗਾਈ ਦਰ ਨੂੰ ਮਾਪਦਾ ਹੈ - ਜੂਨ ਵਿੱਚ 2.8% ਸੀ। ਗੋਲਡਮੈਨ ਵਿਸ਼ਲੇਸ਼ਕਾਂ ਨੇ ਰਿਪੋਰਟ ਵਿੱਚ ਕਿਹਾ ਕਿ ਦਸੰਬਰ ਵਿੱਚ ਸੀ.ਪੀ.ਈ. ਸਾਲ-ਦਰ-ਸਾਲ 3.2% ਤੱਕ ਵਧ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਟੈਰਿਫਾਂ ਤੋਂ ਵਾਧੂ ਲਾਗਤਾਂ ਨੂੰ ਹਟਾ ਦਿੱਤਾ ਜਾਂਦਾ ਤਾਂ ਮਹਿੰਗਾਈ ਦਰ 2.4% ਹੁੰਦੀ। ਵਿਸ਼ਲੇਸ਼ਕਾਂ ਨੇ ਕਿਹਾ ਕਿ ਟੈਰਿਫ ਨੇ ਹੁਣ ਤੱਕ ਸੂਚਕਾਂਕ ਵਿੱਚ 0.2% ਦਾ ਵਾਧਾ ਕੀਤਾ ਹੈ ਅਤੇ ਜੁਲਾਈ ਵਿੱਚ ਇਸ ਵਿੱਚ 0.16% ਅਤੇ 2025 ਦੇ ਬਾਕੀ ਸਮੇਂ ਵਿੱਚ 0.5% ਦਾ ਵਾਧਾ ਹੋਣ ਦੀ ਉਮੀਦ ਹੈ।

ਟੈਰਿਫ ਕਾਰਨ ਮੁਦਰਾਸਫੀਤੀ ਵਿੱਚ ਵਾਧਾ ਉਸ ਸਮੇਂ ਹੋਇਆ ਹੈ ਜਦੋਂ ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵੇਲ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਿਆਜ ਦਰਾਂ ਘਟਾਉਣ ਦੀਆਂ ਮੰਗਾਂ ਨੂੰ ਵਾਰ-ਵਾਰ ਰੱਦ ਕਰ ਦਿੱਤਾ ਹੈ। ਪਾਵੇਲ ਦੇ ਖਿਲਾਫ ਰਾਸ਼ਟਰਪਤੀ ਦੇ ਸਭ ਤੋਂ ਤਾਜ਼ਾ ਕਦਮ ਵਿੱਚ ਉਸ ਨੇ ਆਪਣੇ ਇੱਕ ਆਲੋਚਕ ਨੂੰ ਕੇਂਦਰੀ ਬੈਂਕ ਵਿੱਚ ਇੱਕ ਮਹੱਤਵਪੂਰਨ ਅਹੁਦੇ 'ਤੇ ਨਿਯੁਕਤ ਕੀਤਾ ਹੈ। ਫੈਡਰਲ ਰਿਜ਼ਰਵ ਨੇ ਇਸ ਸਾਲ ਪੰਜ ਵਾਰ ਵਿਆਜ ਦਰਾਂ ਨੂੰ 4.25% ਤੋਂ 4.5% ਦੇ ਪੱਧਰ 'ਤੇ ਰੱਖਣ ਲਈ ਵੋਟ ਦਿੱਤੀ ਹੈ। ਪਾਵੇਲ ਨੇ ਕਿਹਾ ਹੈ ਕਿ ਫੈੱਡ ਅਧਿਕਾਰੀ ਵਿਆਜ ਦਰਾਂ ਵਿੱਚ ਕਟੌਤੀ ਕਰਨ ਤੋਂ ਪਹਿਲਾਂ ਆਰਥਿਕਤਾ 'ਤੇ ਟੈਰਿਫ ਦੇ ਪ੍ਰਭਾਵ ਦਾ ਬਿਹਤਰ ਮੁਲਾਂਕਣ ਕਰਨਾ ਚਾਹੁੰਦੇ ਹਨ। ਇਨ੍ਹਾਂ ਫੈਸਲਿਆਂ ਨੇ ਟਰੰਪ ਨੂੰ ਗੁੱਸਾ ਦਿੱਤਾ ਹੈ, ਜੋ ਦਲੀਲ ਦਿੰਦੇ ਹਨ ਕਿ ਫੈੱਡ ਆਰਥਿਕ ਵਿਕਾਸ ਨੂੰ ਰੋਕ ਰਿਹਾ ਹੈ।

## ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀ ਹੈ ਮਸ਼ਹੂਰ ਫ਼ੋਟੋਗ੍ਰਾਫ਼ੀ ਕੰਪਨੀ ਈਸਟਮੈਨ ਕੋਡਕ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਦੁਨੀਆ ਦੀ ਮਸ਼ਹੂਰ ਫ਼ੋਟੋਗ੍ਰਾਫ਼ੀ ਕੰਪਨੀ ਈਸਟਮੈਨ ਕੋਡਕ ਆਪਣੇ ਹੋਂਦ ਲਈ ਸੰਘਰਸ਼ ਕਰ ਰਹੀ ਹੈ। ਇਸ 133 ਸਾਲ ਪੁਰਾਣੀ ਕੰਪਨੀ ਨੇ ਨਿਵੇਸ਼ਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਲੰਬੇ ਸਮੇਂ ਤੱਕ ਕਾਰੋਬਾਰ ਜਾਰੀ ਰੱਖਣਾ ਮੁਸ਼ਕਿਲ ਹੋ ਸਕਦਾ ਹੈ। ਕਮਾਈ ਰਿਪੋਰਟ ਵਿੱਚ, ਕੋਡਕ ਨੇ ਕਿਹਾ ਕਿ ਇਸ 'ਤੇ 500 ਮਿਲੀਅਨ ਡਾਲਰ ਦਾ ਕਰਜ਼ਾ ਹੈ, ਜਿਸਨੂੰ ਚੁਕਾਉਣ ਲਈ ਇਸ ਕੋਲ ਕਾਫ਼ੀ ਨਕਦੀ ਨਹੀਂ ਹੈ। ਬੀਤੇ ਦਿਨ ਕੰਪਨੀ ਦੇ ਸ਼ੇਅਰ 25% ਤੋਂ ਵੱਧ ਡਿੱਗ ਗਏ।

ਕੰਪਨੀ ਨੇ ਸਪੱਸ਼ਟ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਹਾਲ ਹੀ ਵਿੱਚ ਲਗਾਏ ਗਏ ਟੈਰਿਫ਼ ਇਸਦੇ ਕਾਰੋਬਾਰ ਨੂੰ ਪ੍ਰਭਾਵਤ ਨਹੀਂ ਕਰਨਗੇ, ਕਿਉਂਕਿ ਇਸਦੇ ਕੈਮਰੇ, ਸਿਆਹੀ ਅਤੇ ਫ਼ਿਲਮ ਅਮਰੀਕਾ ਵਿੱਚ ਬਣੀਆਂ ਹਨ।





**ਗਿਰਾਵਟ ਦਾ ਕਾਰਨ**

ਇਸ ਕੰਪਨੀ ਦੀ ਸਥਾਪਨਾ 1982 ਵਿੱਚ ਈਸਟਮੈਨ ਕੋਡਕ ਕੰਪਨੀ ਦੇ ਰੂਪ ਵਿੱਚ ਕੀਤੀ ਗਈ ਸੀ। ਇਸਦੀ ਸ਼ੁਰੂਆਤ 1879 ਵਿੱਚ ਜਾਰਜ ਈਸਟਮੈਨ ਦੁਆਰਾ ਪਲੇਟ ਕੋਟਿੰਗ ਮਸ਼ੀਨ ਦੇ ਪੇਟੈਂਟ ਨਾਲ ਹੋਈ ਸੀ। 1888 ਵਿੱਚ, ਕੰਪਨੀ ਨੇ ਆਪਣਾ ਪਹਿਲਾ ਕੋਡਕ ਕੈਮਰਾ 25 ਡਾਲਰ ਵਿੱਚ ਲਾਂਚ ਕੀਤਾ, ਜਿਸਨੇ ਆਮ ਲੋਕਾਂ ਲਈ ਫ਼ੋਟੋਗ੍ਰਾਫ਼ੀ ਨੂੰ ਆਸਾਨ ਬਣਾ ਦਿੱਤਾ। 1970 ਦੇ ਦਹਾਕੇ ਵਿੱਚ, ਕੋਡੈਕ ਕੋਲ ਅਮਰੀਕਾ ਵਿੱਚ 90% ਫ਼ਿਲਮ ਅਤੇ 85% ਕੈਮਰਾ ਵਿਕਰੀ ਸੀ।

**ਡਿਜੀਟਲ ਕੈਮਰਿਆਂ ਦੀ ਸ਼ੁਰੂਆਤ**

1975 ਵਿੱਚ, ਕੋਡੈਕ ਨੇ ਪਹਿਲਾ ਡਿਜੀਟਲ ਕੈਮਰਾ ਬਣਾਇਆ ਪਰ ਦੂਜੀਆਂ ਕੰਪਨੀਆਂ ਨੇ ਇਸ ਤਕਨਾਲੋਜੀ ਦਾ ਫ਼ਾਇਦਾ ਉਠਾਇਆ ਅਤੇ ਕੋਡੈਕ ਪਿੱਛੇ ਰਹਿ ਗਿਆ। 2012 ਵਿੱਚ, ਕੰਪਨੀ ਨੇ ਦੀਵਾਲੀਆਪਨ ਲਈ ਅਰਜ਼ੀ ਦਿੱਤੀ, ਉਸ ਸਮੇਂ ਇਸ 'ਤੇ 6.75 ਬਿਲੀਅਨ ਡਾਲਰ ਦਾ ਕਰਜ਼ਾ ਸੀ। 2020 ਵਿੱਚ, ਅਮਰੀਕੀ ਸਰਕਾਰ ਨੇ ਇਸਨੂੰ ਫ਼ਾਰਮਾ ਸਮੱਗਰੀ ਬਣਾਉਣ ਦਾ ਪ੍ਰਸਤਾਵ ਰੱਖਿਆ, ਪਰ ਯੋਜਨਾ ਸਫ਼ਲ ਨਹੀਂ ਹੋਈ। ਵਰਤਮਾਨ ਵਿੱਚ ਕੰਪਨੀ ਫ਼ੋਟੋਗ੍ਰਾਫ਼ੀ ਅਤੇ ਫ਼ਿਲਮ ਉਦਯੋਗ ਲਈ ਫ਼ਿਲਮ ਅਤੇ ਰਸਾਇਣ ਬਣਾਉਂਦੀ ਹੈ ਪਰ ਵਿੱਤੀ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ।

## ਸਾਊਦੀ ਅਰਬ ਦੇ ਤੇਲ ਬਾਜ਼ਾਰ 'ਚ ਹੋ ਸਕਦੈ ਦਿਲਚਸਪ ਬਦਲਾਓ



ਸਾਊਦੀ ਅਰਬ/ਏ.ਟੀ.ਨਿਊਜ਼: ਤੇਲ ਬਾਜ਼ਾਰ 'ਚ ਇੱਕ ਦਿਲਚਸਪ ਬਦਲਾਅ ਹੋ ਰਿਹਾ ਹੈ। ਦੁਨੀਆ ਦਾ ਸਭ ਤੋਂ ਵੱਡਾ ਤੇਲ ਬਰਾਮਦਕਾਰ ਸਾਊਦੀ ਅਰਬ ਹੁਣ ਆਪਣੀਆਂ ਬਿਜਲੀ ਜ਼ਰੂਰਤਾਂ ਪੂਰਾ ਕਰਨ ਲਈ ਤੇਜ਼ੀ ਨਾਲ ਨਵਿਆਉਣਯੋਗ ਊਰਜਾ ਵੱਲ ਵੱਧ ਰਿਹਾ ਹੈ, ਜਿਸ ਨਾਲ ਘਰੇਲੂ ਤੇਲ ਖਪਤ ਘਟੇਗੀ ਅਤੇ ਬਰਾਮਦ ਵਧੇਗੀ।

ਪਹਿਲਾਂ, ਸਾਊਦੀ ਅਰਬ 'ਚ ਗਰਮੀਆਂ ਦੀ ਤੇਜ਼ ਗਰਮੀ 'ਚ ਬਿਜਲੀ ਬਣਾਉਣ ਲਈ ਵੱਡੀ ਮਾਤਰਾ 'ਚ ਕਰੂਡ ਆਇਲ ਅਤੇ ਫਿਊਲ ਆਇਲ ਖਪਤ ਕੀਤੀ ਜਾਂਦੀ ਸੀ। ਦੇਸ਼ ਦੀ ਕਰੀਬ 25-30 ਫੀਸਦੀ ਤੇਲ ਖਪਤ ਸਿਰਫ ਪਾਵਰ ਪਲਾਂਟਸ 'ਚ ਹੁੰਦੀ ਸੀ। ਹੁਣ ਸਰਕਾਰ ਨੇ 2030 ਤੱਕ 130 ਗੀਗਾਵਾਟ ਨਵਿਆਉਣਯੋਗ ਊਰਜਾ ਲਾਉਣ ਦਾ ਟੀਚਾ ਰੱਖਿਆ ਹੈ, ਜੋ ਭਾਰਤ 'ਚ ਮੌਜੂਦਾ ਸੋਲਰ ਪਾਵਰ ਸਮਰੱਥਾ ਦੇ ਬਰਾਬਰ ਹੈ। ਜੇਕਰ ਇਹ ਯੋਜਨਾ ਸਫਲ ਹੁੰਦੀ ਹੈ ਤਾਂ ਆਉਣ ਵਾਲੇ 5 ਸਾਲਾਂ 'ਚ ਦੁਨੀਆ 'ਚ ਤੇਲ ਦੀ ਮੰਗ 'ਚ ਸਭ ਤੋਂ ਵੱਡੀ ਗਿਰਾਵਟ ਇੱਥੋਂ ਆ ਸਕਦੀ ਹੈ।

**ਪਿਛਲੀ ਮੱਠੀ ਰਫਤਾਰ, ਹੁਣ ਤੇਜ਼ ਪ੍ਰਗਤੀ**

ਸਾਊਦੀ ਅਰਬ 'ਚ ਵੱਡੇ ਪ੍ਰਾਜੈਕਟਸ ਦੇ ਪੂਰੇ ਹੋਣ ਨੂੰ ਲੈ ਕੇ ਅਕਸਰ ਸ਼ੱਕ ਰਿਹਾ ਹੈ ਕਿਉਂਕਿ ਕਈ ਮੇਗਾ ਪ੍ਰਾਜੈਕਟ ਅਧੂਰੇ ਹਨ ਪਰ ਨਵਿਆਉਣਯੋਗ ਊਰਜਾ 'ਚ ਹੁਣ ਤੇਜ਼ੀ ਨਾਲ ਕੰਮ ਹੋ ਰਿਹਾ ਹੈ। 2024 ਤੋਂ ਹੁਣ ਤੱਕ ਏ. ਸੀ. ਡਬਲਯੂ. ਏ. ਪਾਵਰ, ਜੋ ਦੇਸ਼ ਦੀ ਸਭ ਤੋਂ ਵੱਡੀ ਬਿਜਲੀ ਅਤੇ ਪਾਣੀ ਕੰਪਨੀ ਹੈ, ਨੇ 4.9 ਗੀਗਾਵਾਟ ਸੋਲਰ ਪ੍ਰਾਜੈਕਟ ਸ਼ੁਰੂ ਕੀਤੇ ਹਨ ਅਤੇ ਅਗਲੇ ਸਾਲ ਦੇ ਆਖਿਰ ਤੱਕ ਇੰਨਾ ਹੀ ਹੋਰ ਜੋੜਨ ਦਾ ਟੀਚਾ ਹੈ। ਹਾਲ ਹੀ 'ਚ ਕੰਪਨੀ ਨੇ 15 ਗੀਗਾਵਾਟ ਦੇ ਨਵੇਂ ਪ੍ਰਾਜੈਕਟ ਲਈ ਵੀ ਸੌਦੇ ਕੀਤੇ ਹਨ, ਜੋ 2028 ਤੱਕ ਪੂਰੇ ਹੋਣਗੇ। ਏ. ਸੀ. ਡਬਲਯੂ. ਏ. ਦਾ ਟੀਚਾ ਹੈ ਕਿ 2030 ਤੱਕ 78 ਗੀਗਾਵਾਟ ਸਮਰੱਥਾ ਹਾਸਲ ਕੀਤੀ ਜਾਵੇ। ਇਹ ਓਨੀ ਬਿਜਲੀ ਹੈ, ਜਿੰਨੀ ਸਾਊਦੀ ਨੇ ਪਿਛਲੇ ਸਾਲ ਤੇਲ ਤੋਂ ਬਣਾਈ ਸੀ।

**ਤੇਲ ਬਾਜ਼ਾਰ 'ਤੇ ਅਸਰ**

ਸਾਊਦੀ ਅਰਾਮਕੋ ਦੇ ਮੁਖੀ ਅਮੀਨ ਨਾਸਰ ਅਨੁਸਾਰ ਜੇਕਰ ਘਰੇਲੂ ਬਿਜਲੀ ਉਤਪਾਦਨ ਤੋਂ ਤੇਲ ਹਟਾ ਦਿੱਤਾ ਜਾਵੇ ਤਾਂ ਓਨਾ ਹੀ ਫਾਇਦਾ ਹੋਵੇਗਾ, ਜਿੰਨਾ ਨਵੇਂ ਖੂਹ ਪੁੱਟਣ ਨਾਲ ਹੁੰਦਾ ਹੈ। ਇਸ ਦਾ ਮਤਲੱਬ ਹੈ ਕਿ ਜ਼ਿਆਦਾ ਤੇਲ ਬਰਾਮਦ ਲਈ ਉਪਲੱਬਧ ਹੋਵੇਗਾ। ਸਾਊਦੀ ਅਰਬ ਦੀ ਗਰਿੱਡ 'ਚ ਜਿੰਨਾ ਤੇਲ ਵਰਤੋਂ ਹੁੰਦਾ ਹੈ, ਓਨਾ ਭਾਰਤ ਦੇ ਸਾਰੇ ਵਾਹਨ (ਕਾਰ ਅਤੇ ਸਕੂਟਰ) ਮਿਲ ਕੇ ਵੀ ਨਹੀਂ ਵਰਤੋਂ ਕਰਦੇ। ਜੇਕਰ 2030 ਤੱਕ ਇਹ ਖਪਤ ਖਤਮ ਹੋ ਗਈ, ਤਾਂ ਗਲੋਬਲ ਤੇਲ ਬਾਜ਼ਾਰ 'ਚ ਸਪਲਾਈ ਦਾ ਦਬਾਅ ਹੋਰ ਵਧ ਸਕਦਾ ਹੈ ਅਤੇ ਕੀਮਤਾਂ 'ਤੇ ਅਸਰ ਪਵੇਗਾ।

# ਟਰੰਪ ਦੇ ਟੈਰਿਫ ਖ਼ਿਲਾਫ਼ ਬ੍ਰਿਕਸ ਦੀ ਮਜ਼ਬੂਤ ਗੁੱਟਬੰਦੀ ਬਣੀ

## ਬ੍ਰਿਕਸ ਬਣਿਆ ਅਮਰੀਕੀ ਡਾਲਰ ਲਈ ਖ਼ਤਰਾ, ਭਾਰਤ-ਚੀਨ-ਰੂਸ ਦੀ ਨੇੜਤਾ ਹੋਣ ਲਗੀ ਮਜ਼ਬੂਤ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਟੈਰਿਫ ਨੀਤੀਆਂ ਨੇ ਵਿਸ਼ਵ ਭਰ ਵਿੱਚ ਹਲਚਲ ਮਚਾ ਦਿੱਤੀ ਹੈ। ਖਾਸਕਰ ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ) ਦੇਸ਼ਾਂ 'ਤੇ ਲਗਾਏ ਗਏ ਭਾਰੀ ਭਰਕਮ ਟੈਰਿਫ ਨੇ ਇਸ ਸਮੂਹ ਨੂੰ ਅਮਰੀਕਾ ਦੇ ਖਿਲਾਫ ਇੱਕਜੁੱਟ ਕਰ ਦਿੱਤਾ ਹੈ। ਟਰੰਪ ਦਾ ਦਾਅਵਾ ਹੈ ਕਿ ਇਹ ਟੈਰਿਫ਼ ਅਮਰੀਕਾ ਦੇ ਵਪਾਰਕ ਘਾਟੇ ਨੂੰ ਘਟਾਉਣ ਅਤੇ ਅਮਰੀਕੀ ਡਾਲਰ ਦੀ ਬਾਦਸ਼ਾਹੀ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ। ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨੀਤੀ ਨਾ ਸਿਰਫ ਅਮਰੀਕੀ ਲੋਕਾਂ ਲਈ ਮਹਿੰਗਾਈ ਦਾ ਕਾਰਨ ਬਣੇਗੀ, ਸਗੋਂ ਅਮਰੀਕਾ ਨੂੰ ਵਿਸ਼ਵ ਅਰਥਚਾਰੇ ਵਿੱਚ ਅਲੱਗ-ਥਲੱਗ ਵੀ ਕਰ ਦੇਵੇਗੀ। ਇਸ ਦੌਰਾਨ, ਬ੍ਰਿਕਸ ਦੇਸ਼ਾਂ ਦੀ ਗੁੱਟਬੰਦੀ ਨੇ ਅਮਰੀਕੀ ਡਾਲਰ ਦੀ ਬਾਦਸ਼ਾਹੀ ਨੂੰ ਚੁਣੌਤੀ ਦੇਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਜਿਸ ਵਿੱਚ ਭਾਰਤ, ਚੀਨ ਅਤੇ ਰੂਸ ਦੀ ਨੇੜਤਾ ਅਹਿਮ ਰੋਲ ਅਦਾ ਕਰ ਰਹੀ ਹੈ।

ਡੋਨਾਲਡ ਟਰੰਪ ਨੇ ਬ੍ਰਿਕਸ ਦੇਸ਼ਾਂ 'ਤੇ ਵੱਖ-ਵੱਖ ਦਰਾਂ ਨਾਲ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਉਨ੍ਹਾਂ ਨੇ ਭਾਰਤ 'ਤੇ 50% ਅਤੇ ਪਹਿਲਾਂ 25% ਟੈਰਿਫ ਲਗਾਉਣ ਦਾ ਐਲਾਨ ਕੀਤਾ, ਜਦਕਿ ਬ੍ਰਾਜ਼ੀਲ 'ਤੇ ਵੀ 50% ਅਤੇ ਦੱਖਣੀ ਅਫਰੀਕਾ 'ਤੇ 30% ਟੈਰਿਫ ਲਗਾਇਆ ਗਿਆ। ਇਸ ਤੋਂ ਇਲਾਵਾ, ਟਰੰਪ ਨੇ ਬ੍ਰਿਕਸ ਦੇਸ਼ਾਂ ਨੂੰ 100% ਜਾਂ 150% ਟੈਰਿਫ ਦੀ ਧਮਕੀ ਵੀ ਦਿੱਤੀ, ਜੇਕਰ ਉਹ ਅਮਰੀਕੀ ਡਾਲਰ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰਨਗੇ। ਟਰੰਪ ਦਾ ਮੁੱਖ ਇਲਜ਼ਾਮ ਹੈ ਕਿ ਬ੍ਰਿਕਸ ਦੇਸ਼ ਅਮਰੀਕੀ ਡਾਲਰ ਦੀ ਵਿਸ਼ਵ ਬਾਜ਼ਾਰ ਵਿੱਚ ਬਾਦਸ਼ਾਹੀ ਨੂੰ ਖਤਮ ਕਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹਨ। ਉਨ੍ਹਾਂ ਨੇ ਬ੍ਰਿਕਸ ਨੂੰ ਅਮਰੀਕਾ ਵਿਰੋਧੀ ਸਮੂਹ ਕਰਾਰ ਦਿੱਤਾ ਅਤੇ ਖਾਸਕਰ ਭਾਰਤ, ਚੀਨ ਅਤੇ ਰੂਸ 'ਤੇ ਨਿਸ਼ਾਨਾ ਸਾਧਿਆ। ਸੀ.ਐਨ.ਐਨ. ਦੇ ਪੱਤਰਕਾਰ ਫਰੀਦ ਜ਼ਕਾਰੀਆ ਨੇ ਕਿਹਾ, ਟਰੰਪ ਦੀ ਇਹ ਨੀਤੀ ਸ਼ਾਇਦ ਥੋੜ੍ਹੇ ਸਮੇਂ ਲਈ ਅਮਰੀਕੀ ਅਰਥਚਾਰੇ ਨੂੰ ਫਾਇਦਾ ਪਹੁੰਚਾਏ, ਪਰ ਇਸ ਨਾਲ ਅਮਰੀਕਾ ਦੇ ਵਿਸ਼ਵ ਸਾਥੀਆਂ, ਖਾਸਕਰ ਭਾਰਤ ਵਰਗੇ ਦੇਸ਼ਾਂ ਦਾ ਅਮਰੀਕਾ ਉਪਰ ਵਿਸ਼ਵਾਸ ਖਤਮ ਹੋ ਜਾਵੇਗਾ।

ਬ੍ਰਿਕਸ ਸਮੂਹ, ਜਿਸ ਵਿੱਚ ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ, ਈਰਾਨ, ਮਿਸਰ, ਇਥੀਓਪੀਆ, ਸੰਯੁਕਤ ਅਰਬ ਅਮੀਰਾਤ ਅਤੇ ਇੰਡੋਨੇਸ਼ੀਆ ਸ਼ਾਮਲ ਹਨ, (ਬਾਕੀ ਸਫ਼ਾ 30 'ਤੇ)

# ਬਰਸਾਤੀ ਫ਼ੁਹਾਰਾਂ ’ਚ ਉੱਡਦੀਆਂ ਸਿਆਸੀ ਫ਼ੁਰਲੀਆਂ

## ਹੜ੍ਹਾਂ ਦੇ ਪਾਣੀ ’ਤੇ ਨੇਤਾਵਾਂ ਵੱਲੋਂ ਸੇਕੀਆਂ ਜਾ ਰਹੀਆਂ ਨੇ ਸਿਆਸੀ ਰੋਟੀਆਂ

## ਚੋਣ ਮੈਨੀਫੈਸਟੋ ’ਚ ਕੀਤੇ ਵਾਅਦੇ ਪੂਰੇ ਨਹੀਂ ਕਰਦੀਆਂ ਸਿਆਸੀ ਪਾਰਟੀਆਂ

### ਸੱਤਾ ਪ੍ਰਾਪਤੀ ਤੋਂ ਬਾਅਦ ਸਿਆਸੀ ਆਗੂਆਂ ਨੂੰ ਕਿਉਂ ਭੁੱਲ ਜਾਂਦੇ ਨੇ ਚੋਣਾਂ ਮੌਕੇ ਲੋਕਾਂ ਨਾਲ ਕੀਤੇ ਹੋਏ ਵਾਅਦੇ ?

ਜਦੋਂ ਤੋਂ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਜਨਮ ਹੋਇਆ ਹੈ, ਉਦੋਂ ਤੋਂ ਪੰਜਾਬ ਵਿੱਚ ਸਿਆਸੀ ਸਰਗਰਮੀਆਂ ਇੱਕਦਮ ਤੇਜ਼ ਹੋ ਗਈਆਂ ਹਨ। ਅਕਾਲੀ ਦਲ ਬਾਦਲ ਦੇ ਆਗੂਆਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਤਰਨ ਤਾਰਨ ਜ਼ਿਮਨੀ ਚੋਣ ਲੜ ਕੇ ਵੇਖ ਲੈਣ, ਉਹਨਾਂ ਨੂੰ ਆਪਣੀ ਅਤੇ ਆਪਣੀ ਪਾਰਟੀ ਦੀ ਸਥਿਤੀ ਦਾ ਪਤਾ ਚੱਲ ਜਾਵੇਗਾ। ਦੂਜੇ ਪਾਸੇ ਗਿਆਨੀ ਹਰਪ੍ਰੀਤ ਸਿੰਘ ਨੇ ਖੁਦ ਕਿਸੇ ਵੀ ਤਰ੍ਹਾਂ ਦੀ ਚੋਣ ਲੜਨ ਤੋਂ ਇਨਕਾਰ ਕੀਤਾ ਹੈ। ਹਰ ਦਿਨ ਅਕਾਲੀ ਦਲ ਬਾਦਲ ਅਤੇ ਨਵੇਂ ਬਣੇ ਅਕਾਲੀ ਦਲ ਦੇ ਆਗੂਆਂ ਵਿਚਾਲੇ ਹੋ ਰਹੀ ਬਿਆਨਬਾਜੀ ਨੇ ਪੰਜਾਬ ਦਾ ਸਿਆਸੀ ਮਾਹੌਲ ਭਖਾ ਦਿੱਤਾ ਹੈ। ਨਵੇਂ ਅਕਾਲੀ ਦਲ ਦੇ ਗਠਨ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ ਅਜੇ ਤਾਂ ਦੋ ਤਿੰਨ ਅਕਾਲੀ ਦਲ ਹੋਰ ਬਣਨਗੇ। ਇਸੇ ਦੌਰਾਨ ਅਕਾਲੀ ਦਲ ਬਾਦਲ ਅਤੇ ਭਾਜਪਾ ਵਿਚਾਲੇ ਸਿਆਸੀ ਗਠਜੋੜ ਬਣਨ ਸਬੰਧੀ ਵੀ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ।









ਪੰਜਾਬ ਵਿੱਚ ਇਸ ਸਮੇਂ ਰੁਕ ਰੁਕ ਕੇ ਪੈ ਰਹੀ ਬਰਸਾਤ ਦੇ ਛਰਾਟਿਆਂ ਦੇ ਨਾਲ ਸਿਆਸੀ ਆਗੂਆਂ ਵੱਲੋਂ ਸਿਆਸੀ ਫ਼ੁਰਲੀਆਂ ਵੀ ਛੱਡੀਆਂ ਜਾ ਰਹੀਆਂ ਹਨ। ਇੱਕ ਪਾਸੇ ਬਿਆਸ ਅਤੇ ਸਤਲੁੱਜ ਦਰਿਆਵਾਂ ਵਿੱਚ ਹੜ੍ਹ ਆਉਣ ਕਰਕੇ ਇਹਨਾਂ ਦਰਿਆਵਾਂ ਦੇ ਆਲੇ ਦੁਆਲੇ ਵਸੇ ਅਨੇਕਾਂ ਪਿੰਡਾਂ ਵਿੱਚ ਹੜ੍ਹਾਂ ਦਾ ਪਾਣੀ ਚਲਾ ਗਿਆ ਹੈ ਅਤੇ ਇਹਨਾਂ ਇਲਾਕਿਆਂ ਦੇ ਲੋਕ ਹੜ੍ਹਾਂ ਦੀ ਗੰਭੀਰ ਸਮੱਸਿਆ ਨਾਲ ਜੂਝ ਰਹੇ ਹਨ। ਦੂਜੇ ਪਾਸੇ ਸਿਆਸੀ ਆਗੂਆਂ ਵੱਲੋਂ ਇਸ ਮੌਕੇ ਆਮ ਲੋਕਾਂ ਦੀ ਬਾਂਹ ਫੜਨ ਦੀ ਥਾਂ ਇੱਕ ਦੂਜੇ ਪ੍ਰਤੀ ਵਰਤੀ ਜਾ ਰਹੀ ਨੀਂਵੇਂ ਪੱਧਰ ਦੀ ਬਿਆਨਬਾਜੀ ਆਮ ਬੁੱਧੀਮਾਨ ਲੋਕਾਂ ਵਿੱਚ ਚਿੰਤਾ ਪੈਦਾ ਕਰ ਰਹੀ ਹੈ ਤੇ ਉਹ ਕਹਿ ਰਹੇ ਹਨ ਕਿ ‘ਪੰਜਾਬ ਦੀ ਸਿਆਸਤ ਹੁਣ ਕਿਹੜੇ ਰਾਹ ਤੁਰ ਪਈ ਹੈ ? ’ ਅਸਮਾਨ ਵਿੱਚ ਛਾਏ ਬੱਦਲਾਂ ਵਾਂਗ ਪੰਜਾਬ ਦੀ ਸਿਆਸਤ ਦੇ ਅੰਬਰ ’ਤੇ ਵੀ ਸਿਆਸੀ ਬੱਦਲਵਾਈ ਛਾਈ ਹੋਈ ਹੈ। ਪੰਜਾਬ ਦੇ ਦਰਿਆਵਾਂ ਕਿਨਾਰੇ ਵਸੇ ਪਿੰਡਾਂ ਵਿੱਚ ਆਏ ਹੜ੍ਹਾਂ ਦੇ ਪਾਣੀ ’ਤੇ ਵੀ ਨੇਤਾਵਾਂ ਵੱਲੋਂ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਇਸ ਸਮੇਂ ਵੱਡੀ ਗਿਣਤੀ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਹੋ ਗਈਆਂ ਹਨ। ਭਾਵੇਂ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਜੇ ਡੇਢ ਸਾਲ ਤੋਂ ਵੱਧ ਸਮਾਂ ਪਿਆ ਹੈ, ਪਰ ਪੰਜਾਬ ਦੀਆਂ ਮੁੱਖ ਸਿਆਸੀ



ਪਾਰਟੀਆਂ ਨੇ ਇਹਨਾਂ ਚੋਣਾਂ ਲਈ ਹੁਣੇ ਤੋਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਦੇ ਨਾਲ ਹੀ ਸੱਤਾਧਾਰੀ ਧਿਰ ਸਮੇਤ ਵੱਖ- ਵੱਖ ਸਿਆਸੀ ਧਿਰਾਂ ਵੱਲੋਂ ਪੰਜਾਬ ਵਾਸੀਆਂ ਨਾਲ ਕਈ ਤਰ੍ਹਾਂ ਦੇ ਵਾਅਦੇ ਕੀਤੇ ਜਾ ਰਹੇ ਹਨ। ਇਹਨਾਂ ਸਭ ਸਿਆਸੀ ਧਿਰਾਂ ਦਾ ਇੱਕੋ ਇੱਕ ਮਕਸਦ ਪੰਜਾਬ ਦੀ ਸੱਤਾ ਪ੍ਰਾਪਤ ਕਰਨਾ ਹੈ।

ਇਸ ਸਮੇਂ ਪੰਜਾਬ ਵਿੱਚ ਆਪ, ਕਾਂਗਰਸ, ਭਾਜਪਾ, ਬਸਪਾ, ਅਕਾਲੀ ਦਲ ਬਾਦਲ, ਨਵੇਂ ਬਣੇ ਅਕਾਲੀ ਦਲ ਬਾਗੀ ਅਤੇ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਪੰਜਾਬ ਦੇ ਵਸਨੀਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਜਾ ਰਹੇ ਹਨ ਕਿ ਉਹਨਾਂ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬੀਆਂ ਨੂੰ ਕੀ ਕੀ ਸਹੂਲਤਾਂ ਦਿੱਤੀਆਂ ਜਾਣਗੀਆਂ। ਕਈ ਸਿਆਸੀ ਆਗੂ ਤਾਂ ਅਜਿਹੇ ਵਾਅਦੇ ਵੀ ਕਰ ਰਹੇ ਹਨ ਜਿਹਨਾਂ ਨੂੰ ਸਰਕਾਰ ਬਣਨ ਤੋਂ ਬਾਅਦ ਵੀ ਕਿਸੇ ਵੀ ਤਰੀਕੇ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ। ਵੱਖ- ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵਿੱਚ ਵੋਟਰਾਂ ਨਾਲ ਵਾਅਦੇ ਕਰਨ ਸਬੰਧੀ ਦੌੜ ਜਿਹੀ ਲੱਗ ਗਈ ਹੈ।

ਕਈ ਸਿਆਸੀ ਆਗੂ ਤਾਂ ਸੱਤਾ ਪ੍ਰਾਪਤੀ ਤੋਂ ਬਾਅਦ ਚੋਣਾਂ ਮੌਕੇ ਕੀਤੇ ਗਏ ਵਾਅਦਿਆਂ ਨੂੰ ਚੋਣ ਜੁਮਲਾ ਕਹਿ ਕੇ ਖੁਦ ਹੀ ਉਹਨਾਂ ਦਾ ਮਜ਼ਾਕ ਵੀ ਉਡਾਉਂਦੇ ਹਨ। ਭਾਰਤ ਦੀ ਸਿਆਸਤ ਵਿੱਚ ਸਭ ਤੋਂ ਪਹਿਲਾਂ ਜੁਮਲਾ ਸ਼ਬਦ ਪ੍ਰਧਾਨ ਮੰਤਰੀ ਮੋਦੀ ਵਲੋਂ ਵਰਤਿਆ ਗਿਆ ਸੀ, ਜਦੋਂਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਵੀ ਇਹ ਸ਼ਬਦ ਕਈ ਵਾਰ ਵਰਤਿਆ ਗਿਆ, ਜੋ ਕਿ ਕਾਫੀ ਚਰਚਿਤ ਰਿਹਾ। ਇਸ ਤਰ੍ਹਾਂ ਭਾਰਤ ਦੀ ਸਿਆਸਤ ਵਿੱਚ ਸਿਆਸੀ ਜੁਮਲਾ ਸ਼ਬਦ ਪ੍ਰਚਲਿਤ ਹੋ ਗਿਆ। ਹੁਣ ਭਾਰਤ ਦੇ ਆਮ ਲੋਕ ਵੀ ਸਿਆਸੀ ਆਗੂਆਂ ਦੇ ਬਿਆਨਾਂ ਨੂੰ ਚੋਣਾਂਵੀ ਜੁਮਲਾ ਜਾਂ ਸਿਆਸੀ ਜੁਮਲਾ ਸਮਝਣ ਲੱਗ ਪਏ ਹਨ। ਪੰਜਾਬ ਵਿੱਚ ਤਾਂ ਇਹ ਸਿਆਸੀ ਜੁਮਲੇ ਲੰਬੇ ਸਮੇਂ ਤੋਂ ਪ੍ਰਚਲਿਤ ਹਨ।

ਪੰਜਾਬ ਦੇ ਸਿਆਸੀ ਇਤਿਹਾਸ ਨੂੰ ਵੇਖ ਕੇ ਪਤਾ ਚਲਦਾ ਹੈ ਕਿ ਹਰ ਵਾਰ ਦੀਆਂ ਚੋਣਾਂ ਦੌਰਾਨ ਸਿਆਸੀ ਆਗੂਆਂ ਵੱਲੋਂ ਵੋਟਰਾਂ ਨਾਲ ਵੱਡੇ- ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਸੱਤਾ ਪ੍ਰਾਪਤੀ ਤੋਂ ਬਾਅਦ ਸਿਆਸੀ ਆਗੂਆਂ ਨੂੰ ਇਹ ਚੋਣ ਵਾਅਦੇ ਅਕਸਰ ਭੁੱਲ ਜਾਂਦੇ ਹਨ। ਪੰਜਾਬ ਵਿੱਚ ਹਰ ਤਰ੍ਹਾਂ ਦੀਆਂ ਚੋਣਾਂ ਮੌਕੇ ਅਕਾਲੀ ਦਲ, ਕਾਂਗਰਸ, ਭਾਜਪਾ ਅਤੇ ਹੋਰ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨਾਲ ਅਨੇਕਾਂ ਤਰ੍ਹਾਂ ਦੇ ਵਾਅਦੇ ਕੀਤੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਇਹ ਸਾਰੇ ਚੋਣ ਵਾਅਦੇ ਪੂਰੇ ਕੀਤੇ ਜਾਣਗੇ ਪਰ ਬਹੁਤ ਦੁੱਖ ਦੀ ਗੱਲ ਹੈ ਕਿ ਪੰਜਾਬ ਵਿੱਚ ਚੋਣਾਂ ਤੋਂ ਬਾਅਦ ਚਾਹੇ ਅਕਾਲੀ ਦਲ ਸਰਕਾਰ ਬਣੇ ਜਾਂ ਕਾਂਗਰਸ ਦੀ ਜਾਂ ਆਮ ਆਦਮੀ ਪਾਰਟੀ ਦੀ, ਇਹਨਾਂ ਸਰਕਾਰਾਂ ਵੱਲੋਂ ਆਮ ਲੋਕਾਂ ਨਾਲ ਚੋਣਾਂ ਮੌਕੇ ਕੀਤੇ ਗਏ ਵਾਅਦੇ ਘੱਟ ਹੀ ਪੂਰੇ ਕੀਤੇ ਜਾਂਦੇ ਹਨ। ਅਕਾਲੀ ਦਲ ਬਾਦਲ ਅਤੇ ਕਾਂਗਰਸ ਤੋਂ ਨਿਰਾਸ਼ ਪੰਜਾਬੀਆਂ ਨੇ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਨੂੰ ਬਹੁਮਤ ਦਿੱਤਾ ਸੀ ਪਰ ਵਿਰੋਧੀ ਸਿਆਸੀ ਆਗੂ ਕਹਿ ਰਹੇ ਹਨ ਕਿ ਇਹ ਪਾਰਟੀ ਵੀ ਅਜੇ ਲੋਕਾਂ ਦੀਆਂ ਉਮੀਦਾਂ ’ਤੇ ਪੂਰੀ ਨਹੀਂ ਉੱਤਰੀ। ਵਿਰੋਧੀ ਸਿਆਸੀ ਆਗੂਆਂ ਅਨੁਸਾਰ ਇਸ ਸਰਕਾਰ ਵੱਲੋਂ ਵੀ ਚੋਣਾਂ ਮੌਕੇ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਗਏ, ਜਿਸ ਕਾਰਨ ਆਮ ਲੋਕਾਂ ਦਾ ਇਸ ਸਰਕਾਰ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬੀਆਂ ਨੂੰ ਬਹੁਤ ਆਸਾਂ ਸਨ ਪਰ ਇਹ ਪਾਰਟੀ ਵੀ ਲੋਕਾਂ ਦੀਆਂ ਉਮੀਦਾਂ ’ਤੇ ਖਰੀ ਨਹੀਂ ਉੱਤਰੀ।

ਪੰਜਾਬ ਦੇ ਵੱਡੀ ਗਿਣਤੀ ਲੋਕਾਂ ਦਾ ਕਹਿਣਾ ਹੈ ਕਿ ਜਿਹੜੇ ਨੇਤਾ ਅਤੇ ਸਿਆਸੀ ਪਾਰਟੀਆਂ ਦੇ ਵਰਕਰ ਚੋਣਾਂ ਮੌਕੇ ਵੋਟਾਂ ਲੈਣ ਲਈ ਉਹਨਾਂ ਨੂੰ ਬਾਪੂ ਕਹਿੰਦੇ ਹਨ, ਚੋਣਾਂ ਤੋਂ ਬਾਅਦ ਉਹ ਘੱਟ ਹੀ ਦਿਖਾਈ ਦਿੰਦੇ ਹਨ ਅਤੇ ਉਹ ਅਗਲੀਆਂ ਚੋਣਾਂ ਤਕ ਗਾਇਬ ਹੀ ਰਹਿੰਦੇ ਹਨ।

ਜੇ ਕੋਈ ਆਮ ਵਿਅਕਤੀ ਸਰਪੰਚ, ਸਿਆਸੀ ਆਗੂ ਨੂੰ ਕਿਸੇ ਕੰਮ ਲਈ ਉਸ ਦੇ ਘਰ ਮਿਲਣ ਜਾਂਦਾ ਹੈ ਤਾਂ ਗੇਟ ਖੋਲ੍ਹਣ ਵਾਲਾ ਨੌਕਰ ਕਹਿ ਦਿੰਦਾ ਹੈ ਕਿ “ਸਾਬ੍ਹ ਘਰ ਨਹੀਂ ਹਨ, ਕਿਤੇ ਜ਼ਰੂਰੀ ਕੰਮ ਗਏ ਹਨ”। ਜਦੋਂ ਕਿ ਸਬੰਧਿਤ ਸਿਆਸੀ ਆਗੂ ਦੀ ਆਪਣੇ ਘਰ ਦੇ ਅੰਦਰੋਂ ਕਿਸੇ ਨਾਲ ਫੋਨ ’ਤੇ ਗਲ ਕਰਨ ਜਾਂ ਆਪਣੇ ਚਮਚਿਆਂ ਨਾਲ ਮੀਟਿੰਗ ਕਰਨ ਦੀ ਆਵਾਜ਼ ਬਾਹਰ ਖੜੇ ਲੋਕਾਂ ਨੂੰ ਸਾਫ਼ ਸੁਣਾਈ ਦੇ ਰਹੀ ਹੁੰਦੀ ਹੈ। ਆਮ ਲੋਕਾਂ ਦਾ ਕਰੀਬ ਸਾਰੀਆਂ ਹੀ ਸਿਆਸੀ ਪਾਰਟੀਆਂ ਨਾਲ ਰੋਸਾ ਇਕੋ ਜਿਹਾ ਹੀ ਹੈ। ਆਮ ਲੋਕਾਂ ਦੀ ਨਜ਼ਰ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਇੱਕ ਹੀ ਬੇਰੀ ਦੇ ਬੇਰ ਹਨ।

ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਵਿੱਚ ਅਜੇ ਡੇਢ ਸਾਲ ਤੋਂ ਵਧੇਰੇ ਸਮਾਂ ਪਿਆ ਹੈ, ਪਰ ਪੰਜਾਬ ਵਿੱਚ ਜਿਸ ਤਰੀਕੇ ਨਾਲ ਸਿਆਸੀ ਸਰਗਰਮੀਆਂ ਇੱਕਦਮ ਤੇਜ਼ ਹੋ ਗਈਆਂ ਹਨ, ਉਸ ਤੋਂ ਪੰਜਾਬ ਵਿੱਚ ਹੁਣੇ ਤੋਂ ਚੋਣਾਂ ਵਾਲਾ ਮਾਹੌਲ ਬਣਨਾ ਸ਼ੁਰੂ ਹੋ ਗਿਆ ਹੈ ਅਤੇ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਪੰਜਾਬੀਆਂ ਨਾਲ ਕਈ ਕਿਸਮ ਦੇ ਵਾਅਦੇ ਕੀਤੇ ਜਾ ਰਹੇ ਹਨ। ਆਉਣ ਵਾਲੇ ਦਿਨਾਂ ਦੌਰਾਨ ਪੰਜਾਬ ਦੀ ਸਿਆਸਤ ਵਿੱਚ ਹੋਰ ਗਰਮਾਹਟ ਵੇਖਣ ਨੂੰ ਮਿਲ ਸਕਦੀ ਹੈ।

# ਸ੍ਰੀ ਦਰਬਾਰ ਸਾਹਿਬ ਫਿਰਕੂਆਂ, ਨਸਲਵਾਦੀਆਂ ਦੇ ਨਿਸ਼ਾਨੇ ਉੱਪਰ ਕਿਉਂ ?

## ਨਸਲਵਾਦੀਆਂ ਵੱਲੋਂ ਏ.ਆਈ. ਨਾਲ ਦਰਬਾਰ ਸਾਹਿਬ ਉੱਪਰ ਡਿਜੀਟਲ ਹਮਲਾ ਕਿਉਂ ?

## ਪੁਲਿਸ ਜਾਂਚ ਜਾਰੀ, ਸਾਈਬਰ ਕਰਾਈਮ ਵਿਭਾਗ ਸਰਗਰਮ

ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਉਂਦੇ ਹੋਏ ਏ.ਆਈ. ਤਕਨੀਕ ਨਾਲ ਬਣਾਈ ਗਈ ਇੱਕ ਝੂਠੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ, ਜਿਸ ਵਿੱਚ ਇਸ ਰੂਹਾਨੀ ਅਸਥਾਨ ਨੂੰ ਹੜ੍ਹਾਂ ਦੇ ਪਾਣੀ ਨਾਲ ਢਹਿ-ਢੇਰੀ ਹੁੰਦਾ ਵਿਖਾਇਆ ਗਿਆ ਹੈ। ਇਹ ਵੀਡੀਓ ‘ਗੁਡ ਫਾਰਮਰ’ ਫਾਰਮ ਏ 17’ ਨਾਂ ਦੇ ਇੱਕ ਸੋਸ਼ਲ ਮੀਡੀਆ ਪੇਜ ਤੋਂ ਅਪਲੋਡ ਕੀਤੀ ਗਈ ਹੈ, ਜਿਸ ਨਾਲ ਲੱਖਾਂ ਸਿੱਖ ਸੰਗਤਾਂ ਦੇ ਹਿਰਦੇ ਵਲੂੰਦਰੇ ਗਏ ਹਨ ਅਤੇ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਨੂੰ ਗੰਭੀਰ ਮਾਮਲਾ ਦੱਸਦੇ ਹੋਏ ਸਰਕਾਰ ਨੂੰ ਨਵੇਂ ਕਾਨੂੰਨ ਬਣਾਉਣ ਅਤੇ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਪ੍ਰਬੰਧਕਾਂ ਨੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਮੰਗ ਕੀਤੀ ਹੈ ਕਿ ਇਸ ਪੇਜ ਨੂੰ ਤੁਰੰਤ ਹਟਾਇਆ ਜਾਵੇ ਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ।

ਇਹ ਮਾਮਲਾ ਪਿਛਲੇ ਕੁਝ ਸਾਲਾਂ ਤੋਂ ਵਧ ਰਹੇ ਏ.ਆਈ. ਤਕਨੀਕ ਨਾਲ ਹੋ ਰਹੇ ਧਾਰਮਿਕ ਬੇਅਦਬੀ ਦੇ ਮਾਮਲਿਆਂ ਦੀ ਇੱਕ ਨਵੀਂ ਕੜੀ ਹੈ। ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ 13 ਅਗਸਤ ਨੂੰ ਉਨ੍ਹਾਂ ਨੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਇੱਕ ਵਿਸਥਾਰਤ ਸ਼ਿਕਾਇਤ ਭੇਜੀ ਹੈ, ਜਿਸ ਵਿੱਚ ਵੀਡੀਓ ਦੇ ਸਕਰੀਨ ਸ਼ਾਟ ਅਤੇ ਫੋਟੋ ਕਾਪੀਆਂ ਸ਼ਾਮਲ ਹਨ। ਧੰਗੇੜਾ ਨੇ ਕਿਹਾ, ‘ਸ੍ਰੀ ਦਰਬਾਰ ਸਾਹਿਬ ਸਰਬ ਸਾਂਝੀਵਾਲਤਾ ਦਾ ਕੇਂਦਰੀ ਸਥਾਨ ਹੈ। ਇੱਥੇ ਰੋਜ਼ਾਨਾ ਲੱਖਾਂ ਸੰਗਤਾਂ ਦਰਸ਼ਨ ਅਤੇ ਇਸ਼ਨਾਨ ਲਈ ਆਉਂਦੀਆਂ ਹਨ। ਪਰ ਸ਼ਰਾਰਤੀ ਅਨਸਰਾਂ ਵੱਲੋਂ ਪਿਛਲੇ ਕੁਝ ਸਮੇਂ ਤੋਂ ਏਆਈ ਨਾਲ ਛੇੜਛਾੜ ਵਾਲੀਆਂ ਤਸਵੀਰਾਂ ਅਤੇ ਵੀਡੀਓ ਅਪਲੋਡ ਕੀਤੀਆਂ ਜਾ ਰਹੀਆਂ ਹਨ, ਜੋ ਨਾ ਸਿਰਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ ਬਲਕਿ




ਸਮਾਜ ਵਿੱਚ ਵਿਵਾਦ ਪੈਦਾ ਕਰਦੀਆਂ ਹਨ। ਇਸ ਵੀਡੀਓ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਦੋ ਹਿੱਸਿਆਂ ਵਿੱਚ ਟੁੱਟਦੇ ਅਤੇ ਹੜ੍ਹਾਂ ਨਾਲ ਨੁਕਸਾਨ ਵਿਖਾਇਆ ਗਿਆ ਹੈ, ਜੋ ਬਹੁਤ ਮੰਦਭਾਗਾ ਹੈ।’

ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਸ਼ਿਕਾਇਤ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਮਾਮਲੇ ਨੂੰ ਸਾਈਬਰ ਕਰਾਈਮ ਵਿਭਾਗ ਨੂੰ ਸੌਂਪ ਦਿੱਤਾ ਗਿਆ ਹੈ ਅਤੇ ਜਾਂਚ ਜਾਰੀ ਹੈ। ਉਨ੍ਹਾਂ ਨੇ ਦੱਸਿਆ ਕਿ ਵੀਡੀਓ ਅਪਲੋਡ ਕਰਨ ਵਾਲੇ ਵਿਅਕਤੀ ਦੀ ਸ਼ਨਾਖਤ ਲਈ ਯਤਨ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਇਹ ਨਾ ਸਿਰਫ਼ ਧਾਰਮਿਕ ਬੇਅਦਬੀ ਹੈ ਬਲਕਿ ਸਮਾਜ ਵਿੱਚ ਅਸ਼ਾਂਤੀ ਫੈਲਾਉਣ ਦੀ ਸਾਜ਼ਿਸ਼ ਵੀ ਹੋ ਸਕਦੀ ਹੈ।

ਪਰ ਸਵਾਲ ਉੱਠ ਰਿਹਾ ਹੈ ਕਿ ਪੁਲਿਸ ਅਸਲ ਅਪਰਾਧੀਆਂ ਨੂੰ ਕਿਉਂ ਨਹੀਂ ਫੜ ਸਕੀ ? ਪਿਛਲੇ ਮਹੀਨਿਆਂ ਵਿੱਚ ਸ੍ਰੀ ਦਰਬਾਰ ਸਾਹਿਬ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਵੀ ਮਿਲੀਆਂ ਸਨ, ਪਰ ਅਜੇ ਤੱਕ ਕੋਈ ਦੋਸ਼ੀ ਗ੍ਰਿਫ਼ਤਾਰ ਨਹੀਂ ਹੋਇਆ। ਜੁਲਾਈ 2025 ਵਿੱਚ ਤਾਂ ਇੱਕ ਹਫ਼ਤੇ ਵਿੱਚ ਨੌਂ ਧਮਕੀ ਵਾਲੇ ਈਮੇਲ ਆਏ ਸਨ, ਜਿਨ੍ਹਾਂ ਦੇ ਆਈ.ਪੀ. ਐਡਰੈੱਸ ਟਰੈਕ ਕੀਤੇ ਗਏ ਸਨ, ਪਰ ਨਤੀਜਾ ਅਜੇ ਵੀ ਜ਼ੀਰੋ ਹੈ।

ਇਸ ਮਾਮਲੇ ਤੇ ਗਿਆਨੀ ਹਰਪ੍ਰੀਤ ਸਿੰਘ ਨੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਨੇ ਕਿਹਾ, ‘ਏ.ਆਈ. ਤਕਨੀਕ ਨਾਲ ਹੋ ਰਹੀ ਗਲਤ ਵਰਤੋਂ ਭਵਿੱਖ ਵਿੱਚ ਸਾਡੇ ਸਮਾਜਿਕ ਤਾਣੇ-ਬਾਣੇ ਅਤੇ ਸਾਂਝੀਵਾਲਤਾ ਲਈ ਬਹੁਤ ਖ਼ਤਰਨਾਕ ਹੈ। ਗਲਤ ਅਨਸਰ ਇਸ ਨੂੰ ਭਾਈਚਾਰਿਆਂ ਵਿੱਚ ਕੁੜੱਤਣ ਪੈਦਾ ਕਰਨ ਲਈ ਵਰਤ ਰਹੇ ਹਨ, ਜੋ ਫਿਰਕੂ ਸੋਚ ਨੂੰ ਉਤਸ਼ਾਹਿਤ ਕਰੇਗੀ। ਸਰਕਾਰਾਂ ਨੂੰ ਨਵੇਂ ਕਾਨੂੰਨ ਬਣਾਉਣੇ ਚਾਹੀਦੇ ਹਨ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਅਜੇ ਤੱਕ ਅਜਿਹੇ ਕਾਨੂੰਨ ਨਹੀਂ ਲਿਆ ਰਹੀਆਂ। ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਤਹਿਤ ਕਾਰਵਾਈ ਕਰਨੀ ਚਾਹੀਦੀ ਹੈ।’ ਗਿਆਨੀ ਹਰਪ੍ਰੀਤ ਸਿੰਘ ਨੇ ਇਹ ਵੀ ਜ਼ਿਕਰ ਕੀਤਾ ਕਿ ਪਿਛਲੇ ਸਮੇਂ ਵਿੱਚ ਸਿੱਖ ਗੁਰੂਆਂ ਅਤੇ ਪ੍ਰਮੁੱਖ ਸ਼ਖਸੀਅਤਾਂ ਬਾਰੇ ਵੀ ਏ.ਆਈ. ਵੀਡੀਓ ਅਤੇ ਫੋਟੋਆਂ ਵਾਇਰਲ ਕੀਤੀਆਂ ਜਾ ਰਹੀਆਂ ਹਨ, ਜੋ ਧਰਮ ਨੂੰ ਬਦਨਾਮ ਕਰ ਰਹੀਆਂ ਹਨ।

ਗਿਆਨੀ ਰਘਬੀਰ ਸਿੰਘ ਨੇ ਵੀ ਇਸ ਨੂੰ ਮੰਦਭਾਗਾ ਦੱਸਿਆ ਅਤੇ ਕਿਹਾ, ‘ਹਾਲ ਹੀ ਵਿੱਚ ਅਜਿਹੀ ਵੀਡੀਓ ਵਾਇਰਲ ਹੋਈ ਹੈ ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਨੂੰ ਢਾਹਿਆ ਵਿਖਾਇਆ ਗਿਆ ਹੈ। ਅਸੀਂ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਮੰਗ ਕੀਤੀ ਹੈ ਕਿ ਅਜਿਹੇ ਵੀਡੀਓ ਬਣਾਉਣ ਵਾਲਿਆਂ ਵਿਰੁੱਧ ਢੁੱਕਵੀਂ ਕਾਰਵਾਈ ਕੀਤੀ ਜਾਵੇ। ਸਿੱਖ ਧਰਮ ਨੂੰ ਨਿਸ਼ਾਨਾ ਬਣਾਉਣ ਵਾਲੇ ਇਹ ਅਨਸਰ ਸਾਂਝੀਵਾਲਤਾ ਨੂੰ ਤੋੜਨਾ ਚਾਹੁੰਦੇ ਹਨ।’ (ਬਾਕੀ ਸਫ਼ਾ 30 ’ਤੇ)

# ਰਾਜੀਵ-ਲੌਂਗੋਵਾਲ ਸਮਝੌਤਾ ਇੱਕ ਵੱਡੀ ਭੁੱਲ : ਜੱਥੇਦਾਰ ਹਰਪ੍ਰੀਤ ਸਿੰਘ

## ਸੰਤ ਲੌਂਗੋਵਾਲ ਇੱਕ ਸ਼ਰੀਫ ਇਨਸਾਨ ਅਤੇ ਧਾਰਮਿਕ ਸ਼ਖ਼ਸੀਅਤ ਪਰ ਰਾਜਨੀਤਕ ਲੀਡਰਾਂ ਨੇ ਉਸ ਤੋਂ ਭੁੱਲ ਕਰਵਾਈ ਜਿਸ ਦਾ ਖ਼ਮਿਆਜ਼ਾ ਸਿੱਖ ਕੌਮ ਭੁਗਤ ਰਹੀ ਹੈ




ਲੌਂਗੋਵਾਲ/ਏ.ਟੀ.ਨਿਊਜ਼ : ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਅਤੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਸਮਾਗਮ 'ਚ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਰੀਆਂ ਪੰਥਕ ਜੱਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਪੰਜਾਬੀਅਤ ਦੀ ਭਲਾਈ ਲਈ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਭਲਾਈ ਲਈ ਮਜਬੂਤ ਪੰਥਕ ਪਾਰਟੀ ਦੀ ਲੋੜ ਹੈ ਅਤੇ ਉਹਨਾਂ ਦੀ ਅਗਵਾਈ ਵਾਲਾ ਅਕਾਲੀ ਦਲ ਪੰਜਾਬ ਦੇ ਹਿੱਤਾਂ ਦੀ ਲੜਾਈ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਸਿੱਖ ਕੌਮ ਨੂੰ ਅਨੇਕਾਂ ਚੁਣੌਤੀਆਂ ਹਨ ਜੋ ਕਿ ਬਾਹਰੋਂ ਹੋਣ ਦੇ ਨਾਲ ਨਾਲ ਅੰਦਰੋਂ ਵੀ ਹਨ। ਉਹਨਾਂ ਕਿਹਾ ਕਿ ਕੁਝ ਆਗੂਆਂ ਨੇ ਪੰਥ ਦਾ ਬਹੁਤ ਨੁਕਸਾਨ ਕੀਤਾ ਹੈ, ਹੁਣ ਪੰਥ ਨੂੰ ਉਹਨਾਂ ਆਗੂਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਹਨਾਂ ਕਿਹਾ ਕਿ ਸੰਤ ਲੌਂਗੋਵਾਲ ਮਹਾਨ ਸ਼ਖਸ਼ੀਅਤ ਸਨ। ਅੱਜ ਉਹਨਾਂ ਦੀ ਬਰਸੀ 'ਤੇ ਸੰਗਤਾਂ ਦਾ ਉਮੜਿਆ ਇਕੱਠ ਉਹਨਾਂ ਨੂੰ ਸਰਧਾਂਜਲੀ ਭੇਂਟ ਕਰ ਰਿਹਾ ਹੈ।

ਉਹਨਾਂ ਕਿਹਾ ਕਿ ਪੰਜਾਬ ਦੇ ਮਸਲੇ ਹਲ ਕਰਵਾਉਣ ਵਿੱਚ ਸਿਰਫ ਅਕਾਲੀ ਦਲ ਹੀ ਮੋਹਰੀ ਰੋਲ ਅਦਾ ਕਰ ਸਕਦਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਇਸ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਮੌਕੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਵੀ ਪੰਥਕ ਏਕਤਾ ਦਾ ਹੋਕਾ ਦਿੱਤਾ। ਇਸ ਮੌਕੇ ਵੱਡੀ ਗਿਣਤੀ ਸੰਗਤਾਂ ਸਮਾਗਮ ਵਿੱਚ ਪਹੁੰਚੀਆਂ ਹੋਈਆਂ ਸਨ। ਨਵੇਂ ਅਕਾਲੀ ਦਲ ਦੇ ਸਮਾਗਮ ਵਿੱਚ ਸੰਗਤਾਂ ਦਾ ਭਾਰੀ ਇਕੱਠ ਸੀ, ਜਿਸ ਨੂੰ ਵੇਖ ਕੇ ਨਵੇਂ ਅਕਾਲੀ ਦਲ ਦੇ ਆਗੂ ਕਾਫੀ ਉਤਸ਼ਾਹਿਤ ਨਜ਼ਰ ਆ ਰਹੇ ਸਨ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ, ਮਨਪ੍ਰੀਤ ਸਿੰਘ ਇਯਾਲੀ ਅਤੇ ਹੋਰ ਆਗੂਆਂ ਨੇ ਕਾਫੀ ਜੋਸ਼ੀਲੀਆਂ ਤਕਰੀਰਾਂ ਕੀਤੀਆਂ।


## ਸਾਡੀ ਪਾਰਟੀ ਦਾ ਇਕੱਠ ਦੇਖਦਿਆਂ ਵਿਰੋਧੀਆਂ ਦੀਆਂ ਰਾਤਾਂ ਦੀਆਂ ਨੀਂਦਾਂ ਉਡ ਜਾਣਗੀਆਂ: ਢੀਂਡਸਾ

ਲਹਿਰਾਗਾਗਾ/ਏ.ਟੀ.ਨਿਊਜ਼: ਅਮਰ ਸ਼ਹੀਦ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 'ਤੇ ਅੱਜ ਹੋਏ ਭਾਰੀ ਇਕੱਠ ਨੇ ਵਿਰੋਧੀ ਦੀਆਂ ਚੂਲਾਂ ਤੱਕ ਹਿਲਾ ਦਿੱਤੀਆਂ ਹਨ, ਅੱਜ ਦਾ ਇਹ ਇਕੱਠ ਸੰਤ ਲੌਂਗੋਵਾਲ ਦਾ ਵਾਰਸ ਤੇ ਅਸਲੀ ਅਕਾਲੀ ਦਲ ਹੋਣ ਦੀ ਗਵਾਹੀ ਭਰ ਗਿਆ, ਜਿਸ ਦੀ ਅਗਵਾਈ ਗਿਆਨੀ ਹਰਪ੍ਰੀਤ ਸਿੰਘ ਕਰ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਸਾਬਕਾ ਵਿੱਤ ਮੰਤਰੀ ਨੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਅੱਜ ਦੇ ਆਪ ਮੁਹਾਰੇ ਹੋਏ ਇਸ ਭਾਰੀ



ਇਕੱਠ ਨੇ ਰਿਕਾਰਡ ਤੋੜ ਦਿੱਤਾ ਹੈ ਅਤੇ ਇਕੱਠ ਨੂੰ ਦੇਖ ਕੇ ਸਾਨੂੰ ਮਹਿਸੂਸ ਹੋ ਰਿਹਾ ਹੈ, ਕਿ ਸਾਡੇ ਵਲੋਂ ਸੰਗਤ ਦੇ ਬੈਠਣ ਲਈ ਹੋਰ ਟੈਂਟਾਂ ਦਾ ਪ੍ਰਬੰਧ ਕਰਨਾ ਚਾਹੀਦਾ ਸੀ, ਕਿਉਂਕਿ ਪ੍ਰਬੰਧਕਾਂ ਵੱਲੋਂ ਕੀਤੇ ਗਏ ਪ੍ਰਬੰਧ ਛੋਟੇ ਪੈ ਗਏ ਹਨ। ਉਹਨਾਂ ਕਿਹਾ ਕਿ ਹੁਣ ਅਕਾਲ ਤਖਤ ਸਾਹਿਬ ਤੋਂ ਮੁਨਕਰ ਹੋਈ ਧਿਰ ਨੂੰ ਲੋਕਾਂ ਦੇ ਇਸ ਝੁਕਾਅ ਨੂੰ ਦੇਖਦੇ ਹੋਏ ਆਪਣਾ ਚੁੱਲਾ ਬੰਦ ਕਰ ਦੇਣਾ ਚਾਹੀਦਾ ਹੈ, ਕਿਉਂਕਿ ਪੰਜਾਬ ਦੇ ਲੋਕ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਅਸਲੀ ਅਕਾਲੀ ਦਲ ਮੰਨ ਚੁੱਕੇ ਹਨ। ਪੰਜਾਬ ਦੇ ਲੋਕ ਗਿਆਨੀ ਹਰਪ੍ਰੀਤ ਸਿੰਘ ਨਾਲ ਵਹੀਰਾਂ ਘੱਤ ਕੇ ਆਉਣੇ ਸ਼ੁਰੂ ਹੋ ਗਏ ਹਨ। ਅੱਜ ਦਾ ਇਹ ਇਕੱਠ ਦੇਖਦਿਆਂ ਵਿਰੋਧੀਆਂ ਦੀਆਂ ਰਾਤਾਂ ਦੀਆਂ ਨੀਂਦਾਂ ਉੱਡ ਜਾਣਗੀਆਂ, ਢੀਂਡਸਾ ਨੇ ਅੱਗੇ ਗੱਲਬਾਤ ਕਰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਤੁਸੀਂ ਦੇਖੋਗੇ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ ਦਾ ਕਾਫਲਾ ਹੋਰ ਵੀ ਵੱਡਾ ਹੋਣ ਜਾ ਰਿਹਾ ਹੈ, ਕਿਉਂਕਿ ਉਧਰ ਬੈਠੇ ਸਿਆਣੇ ਆਗੂ ਹੁਣ ਇਹ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਗਲਤੀਆਂ ਤਾਂ ਕੀਤੀਆਂ ਹਨ, ਜਿਨ੍ਹਾਂ ਨੂੰ ਸੁਧਾਰਨ ਦੀ ਲੋੜ ਹੈ ਤੇ ਉਨ੍ਹਾਂ ਗਲਤੀਆਂ ਕਰਕੇ ਹੀ ਪੰਜਾਬ ਦੇ ਲੋਕ ਸੁਖਬੀਰ ਦੇ ਧੜੇ ਨੂੰ ਮੂੰਹ ਨਹੀਂ ਲਾ ਰਹੇ, ਸਗੋਂ ਨਫਰਤ ਕਰ ਰਹੇ ਹਨ। ਉਨ੍ਹਾਂ ਅੱਗੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਅਸੀਂ ਤਾਂ ਉਧਰ ਬੈਠੇ ਸਾਰੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਆਓ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਕਾਫਲੇ ਨੂੰ ਹੋ ਤਕੜਾ ਕਰੀਏ ਅਤੇ ਪੰਜਾਬ ਦਾ ਭਵਿੱਖ ਸੰਵਾਰਨ ਦਾ ਯਤਨ ਕਰੀਏ ਤਾਂ ਕਿ ਸਾਡੀ ਆਉਣ ਵਾਲੀ ਪੀੜੀ ਦਾ ਕੁੱਝ ਨਾ ਕੁੱਝ ਬਚਾਅ ਹੋ ਸਕੇ। ਇਸ ਸਮੇਂ ਉਨ੍ਹਾਂ ਨਾਲ ਅਮਨਵੀਰ ਸਿੰਘ ਚੈਰੀ, ਰਾਮਪਾਲ ਸਿੰਘ ਬਹਿਣੀਵਾਲ, ਹਰਦੇਵ ਸਿੰਘ ਰੋਗਲਾ ਤੇ ਗੁਰਸੰਤ ਸਿੰਘ ਭੁਟਾਲ ਮੌਜੂਦ ਸਨ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਨੇਪਾਲ ਵਿੱਚ ਹਿੰਦੂਤਵ ਦੀ ਸਿਆਸਤ ਵਿੱਚ ਸੰਘ ਪਰਿਵਾਰ ਦਾ ਦਖ਼ਲ

## ਨੇਪਾਲ ਦੀ ਸੰਪ੍ਰਭੂਤਾ ਅਤੇ ਸਮਾਜਿਕ ਸਦਭਾਵਨਾ 'ਤੇ ਸਵਾਲ ਖੜ੍ਹੇ ਹੋਏ, ਫ਼ਿਰਕੂਵਾਦ ਵਧਿਆ



ਨੇਪਾਲ, ਜੋ ਕਿ ਭਾਰਤ ਨਾਲ ਖੁੱਲ੍ਹੀ ਸਰਹੱਦ ਸਾਂਝੀ ਕਰਦਾ ਹੈ, ਅੱਜ-ਕੱਲ੍ਹ ਇੱਕ ਨਵੇਂ ਸਿਆਸੀ ਦੌਰ ਵਿੱਚੋਂ ਲੰਘ ਰਿਹਾ ਹੈ। ਇਸ ਗੁਆਂਢੀ ਮੁਲਕ ਵਿੱਚ ਹਿੰਦੂਤਵ ਦੀ ਸਿਆਸਤ ਤੇਜ਼ੀ ਨਾਲ ਫ਼ੈਲ ਰਹੀ ਹੈ। ਰਾਸ਼ਟਰੀ ਸਵੈਮਸੇਵਕ ਸੰਘ ਤੋਂ ਪ੍ਰੇਰਿਤ ਹਿੰਦੂ ਸਵੈਮਸੇਵਕ ਸੰਘ ਦੀ ਅਗਵਾਈ ਵਿੱਚ ਏਕਲ ਵਿਦਿਆਲਿਆਂ ਅਤੇ ਪਸ਼ੂਪਤੀ ਸਿੱਖਿਆ ਮੰਦਰਾਂ ਦੇ ਜ਼ਰੀਏ ਹਿੰਦੂ ਰਾਸ਼ਟਰ ਦੀ ਧਾਰਨਾ ਨੂੰ ਮਜ਼ਬੂਤੀ ਮਿਲ ਰਹੀ ਹੈ। ਇਸ ਦੇ ਨਾਲ ਹੀ, ਨੇਪਾਲ ਦੀ ਸੰਪ੍ਰਭੂਤਾ ਅਤੇ ਸਮਾਜਿਕ ਸਦਭਾਵਨਾ 'ਤੇ ਸਵਾਲ ਖੜ੍ਹੇ ਹੋ ਰਹੇ ਹਨ।

**ਨੇਪਾਲ ਵਿੱਚ ਹਿੰਦੂਤਵ ਦੀ ਸਿਆਸਤ ਦਾ ਉਭਾਰ ਕਿਉਂ ?**

ਨੇਪਾਲ, ਜਿਸ ਨੂੰ ਕਦੇ ਦੁਨੀਆਂ ਦਾ ਇਕੱਲਾ ਹਿੰਦੂ ਰਾਸ਼ਟਰ ਮੰਨਿਆ ਜਾਂਦਾ ਸੀ, 2008 ਵਿੱਚ ਰਾਜਸ਼ਾਹੀ ਦੇ ਖਾਤਮੇ ਤੋਂ ਬਾਅਦ ਧਰਮ ਨਿਰਪੱਖ ਰਾਜ ਬਣ ਗਿਆ। ਪਰ ਹੁਣ, ਇੱਥੇ ਹਿੰਦੂ ਰਾਸ਼ਟਰ ਦੀ ਵਾਪਸੀ ਦੀ ਮੰਗ ਫ਼ਿਰ ਤੋਂ ਜ਼ੋਰ ਫ਼ੜ ਰਹੀ ਹੈ। ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ, ਨੇਪਾਲ ਦੇ ਬੀਰਗੰਜ ਵਰਗੇ ਇਲਾਕਿਆਂ ਵਿੱਚ 1992 ਤੋਂ ਚੱਲ ਰਹੇ ਏਕਲ ਵਿਦਿਆਲਿਆਂ ਨੇ ਹਿੰਦੂਤਵ ਦੀ ਵਿਚਾਰਧਾਰਾ ਨੂੰ ਫ਼ੈਲਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਹ ਸਕੂਲ ਮੁੱਖ ਤੌਰ 'ਤੇ ਦਲਿਤ ਭਾਈਚਾਰੇ ਦੇ ਬੱਚਿਆਂ ਨੂੰ ਸਿੱਖਿਆ ਦਿੰਦੇ ਹਨ, ਪਰ ਨਾਲ ਹੀ ਉਹਨਾਂ ਨੂੰ ਹਿੰਦੂਤਵ ਦੇ ਸਿਧਾਂਤਾਂ ਜਿਵੇਂ ਕਿ ਗਊ ਹੱਤਿਆ ਰੋਕਣ, ਧਰਮ ਪਰਿਵਰਤਨ ਵਿਰੁੱਧ ਜਾਗਰੂਕਤਾ ਅਤੇ ਨੇਪਾਲ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੰਕਲਪ ਵੱਲ ਪ੍ਰੇਰਿਤ ਕਰਦੇ ਹਨ।

ਬੀਰਗੰਜ ਦੇ ਸੋਨਰਨੀਆ ਪਿੰਡ ਵਿੱਚ ਸੁਰੇਸ਼ ਪਾਸਵਾਨ ਦੇ ਘਰ ਚੱਲਣ ਵਾਲੇ ਏਕਲ ਵਿਦਿਆਲੇ ਦੇ ਮੁਖੀ ਸੋਹਨਲਾਲ ਪ੍ਰਸਾਦ ਸਾਹ ਖੁੱਲ੍ਹਕੇ ਦੱਸਦੇ ਹਨ ਕਿ ਇਹ ਸਕੂਲ ਸੰਘ ਪਰਿਵਾਰ ਨਾਲ ਜੁੜੇ ਹੋਏ ਹਨ। ਸਾਹ ਨੇ ਖੁਦ ਗੋਰਖਪੁਰ ਵਿੱਚ ਸੰਘ ਪਰਿਵਾਰ ਦੀ 21 ਦਿਨਾਂ ਦੀ ਸਿਖਲਾਈ ਵਰਕਸ਼ਾਪ ਵਿੱਚ ਹਿੱਸਾ ਲਿਆ ਸੀ। ਨੇਪਾਲ ਵਿੱਚ ਹਿੰਦੂ ਸਵੈਮਸੇਵਕ ਸੰਘ ਦੇ 1048 ਏਕਲ ਵਿਦਿਆਲੇ ਅਤੇ 35 ਪਸ਼ੂਪਤੀ ਸਿੱਖਿਆ ਮੰਦਰ ਸਰਗਰਮ ਹਨ, ਜੋ ਹਿੰਦੂਤਵ ਦੀ ਵਿਚਾਰਧਾਰਾ ਨੂੰ ਪਿੰਡ-ਪਿੰਡ ਤੱਕ ਪਹੁੰਚਾਉਣ ਦਾ ਕੰਮ ਕਰ ਰਹੇ ਹਨ।

ਇਹਨਾਂ ਸਕੂਲਾਂ ਦੀ ਸਥਾਪਨਾ ਅਤੇ ਸੰਚਾਲਨ ਦਾ ਤਰੀਕਾ ਸੰਘ ਪਰਿਵਾਰ ਦੀਆਂ ਸ਼ਾਖਾਵਾਂ ਨਾਲ ਮਿਲਦਾ-ਜੁਲਦਾ ਹੈ। ਇਹਨਾਂ ਵਿੱਚ ਸੰਘ ਪਰਿਵਾਰ ਦੀਆਂ ਸ਼ਾਖਾਵਾਂ ਵਾਂਗ ਮਾਹੌਲ, ਵਰਦੀਆਂ ਅਤੇ ਪ੍ਰਾਰਥਨਾਵਾਂ ਦੇਖਣ ਨੂੰ ਮਿਲਦੀਆਂ ਹਨ। ਸਕੂਲਾਂ ਦੀਆਂ ਕੰਧਾਂ 'ਤੇ ਸੰਘ ਪਰਿਵਾਰ ਦੇ ਸੰਸਥਾਪਕ ਕੇਸ਼ਵ ਬਲੀਰਾਮ ਹੇਡਗੇਵਾਰ ਅਤੇ ਸਾਬਕਾ ਸਰਸੰਘਚਾਲਕ ਮਾਧਵ ਸਦਾਸ਼ਿਵ ਗੋਲਵਲਕਰ ਦੀਆਂ ਤਸਵੀਰਾਂ ਪ੍ਰਮੁੱਖਤਾ ਨਾਲ ਲੱਗੀਆਂ ਹੁੰਦੀਆਂ ਹਨ, ਜੋ ਇਸ ਦੀ ਵਿਚਾਰਧਾਰਕ ਜੁੜਤ ਨੂੰ ਸਪੱਸ਼ਟ ਕਰਦੀਆਂ ਹਨ।

**ਸੰਘ ਪਰਿਵਾਰ ਦੀ ਭੂਮਿਕਾ:**

ਹਿੰਦੂ ਸਵੈਮਸੇਵਕ ਸੰਘ ਨੇਪਾਲ ਸਮੇਤ ਅਮਰੀਕਾ, ਬਰਤਾਨੀਆ, ਆਸਟ੍ਰੇਲੀਆ ਅਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਸਰਗਰਮ ਹੈ। ਹਾਲਾਂਕਿ ਸੰਘ ਪਰਿਵਾਰ ਅਤੇ ਹਿੰਦੂ ਸਵੈਮਸੇਵਕ ਸੰਘ ਆਪਣੀਆਂ ਵੈਬਸਾਈਟਾਂ 'ਤੇ ਇੱਕ-ਦੂਜੇ ਨਾਲ ਸਬੰਧ ਦਾ ਜ਼ਿਕਰ ਨਹੀਂ ਕਰਦੇ, ਪਰ ਦੋਹਾਂ ਦਰਮਿਆਨ ਡੂੰਘਾ ਸਬੰਧ ਸਾਫ਼ ਜ਼ਾਹਿਰ ਹੈ। ਹਿੰਦੂ ਸਵੈਮਸੇਵਕ ਸੰਘ ਦੇ ਕਾਰਜਕਰਤਾਵਾਂ ਦੀ ਸਿਖਲਾਈ ਸੰਘ ਪਰਿਵਾਰ ਦੇ ਨਾਗਪੁਰ ਸਥਿਤ ਮੁੱਖ ਦਫ਼ਤਰ ਵਿੱਚ ਵੀ ਹੁੰਦੀ ਹੈ। ਹਿੰਦੂ ਸਵੈਮਸੇਵਕ ਸੰਘ ਦੇ ਰਾਸ਼ਟਰੀ ਸੰਘਚਾਲਕ ਕਲਿਆਣ ਕੁਮਾਰ ਤਿਮਸੀਨਾ, ਜੋ ਸਾਬਕਾ ਪੁਲਿਸ ਅਧਿਕਾਰੀ ਹਨ, ਹਿੰਦੂਤਵ ਨੂੰ ਉਤਸ਼ਾਹਿਤ ਕਰਨ ਦੀ ਗੱਲ ਸਵੀਕਾਰਦੇ ਹਨ, ਪਰ ਸੰਘ ਪਰਿਵਾਰ ਨਾਲ ਸਬੰਧਾਂ 'ਤੇ ਸਪੱਸ਼ਟ ਜਵਾਬ ਦੇਣ ਤੋਂ ਬਚਦੇ ਹਨ।

ਨੇਪਾਲ ਵਿੱਚ ਹਿੰਦੂਤਵ ਦੇ ਪ੍ਰਚਾਰ ਵਿੱਚ ਰਵੀਤ ਕੁਮਾਰ ਅਤੇ ਵੇਦ ਪ੍ਰਕਾਸ਼ ਵਰਗੇ ਲੋਕ ਸਰਗਰਮ ਹਨ, ਜੋ ਹਿੰਦੂ ਸਵੈਮਸੇਵਕ ਸੰਘ ਤੋਂ ਸਿਖਲਾਈ ਪ੍ਰਾਪਤ ਹਨ। ਇਹ ਸੰਗਠਨ ਪਿੰਡਾਂ-ਪਿੰਡਾਂ ਵਿੱਚ ਸ਼ਾਖਾਵਾਂ, ਸਿੱਖਿਆ ਪ੍ਰੋਗਰਾਮਾਂ ਅਤੇ ਸਮਾਜਿਕ ਸੇਵਾਵਾਂ ਦੇ ਜ਼ਰੀਏ ਹਿੰਦੂਤਵ ਦੀ ਵਿਚਾਰਧਾਰਾ ਨੂੰ ਫ਼ੈਲਾਉਣ ਦਾ ਕੰਮ ਕਰ ਰਹੇ ਹਨ। 1992 ਵਿੱਚ ਹਿੰਦੂ ਸਵੈਮਸੇਵਕ ਸੰਘ ਦੀ ਸਥਾਪਨਾ ਨੇਪਾਲ ਵਿੱਚ ਹੋਈ ਸੀ, ਅਤੇ ਇਸ ਦੇ ਬਾਅਦ ਤੋਂ ਇਹ ਸੰਗਠਨ ਸਿੱਖਿਆ ਅਤੇ ਸਮਾਜਿਕ ਸੇਵਾਵਾਂ ਦੇ ਨਾਮ 'ਤੇ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾ ਰਿਹਾ ਹੈ।

ਸੰਘ ਦੀ ਵਿਚਾਰਧਾਰਾ ਨੇਪਾਲ ਦੀ ਸਿਆਸਤ 'ਤੇ ਡੂੰਘਾ ਅਸਰ ਪਾਇਆ ਹੈ। 2014 ਵਿੱਚ ਭਾਰਤ ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨੇਪਾਲ ਵਿੱਚ ਹਿੰਦੂਤਵ ਨੂੰ ਹੋਰ ਉਤਸ਼ਾਹ ਮਿਲਿਆ। ਮੋਦੀ ਦੀ 2018 ਵਿੱਚ ਜਨਕਪੁਰ ਯਾਤਰਾ ਅਤੇ ਉਸ ਦੌਰਾਨ ਸ਼ਹਿਰ ਦੀਆਂ ਕੰਧਾਂ ਨੂੰ ਕੇਸਰੀ ਰੰਗ ਵਿੱਚ ਰੰਗਵਾਉਣ ਵਰਗੇ ਕਦਮਾਂ ਨੇ ਵੀ ਹਿੰਦੂਤਵ ਦੀ ਸਿਆਸਤ ਨੂੰ ਹਵਾ ਦਿੱਤੀ।

**ਹਿੰਦੂਤਵ ਦੀ ਸਿਆਸਤ ਦਾ ਇਤਿਹਾਸ ਅਤੇ ਪ੍ਰੇਰਨਾ ਸਰੋਤ**

ਨੇਪਾਲ ਵਿੱਚ ਹਿੰਦੂਤਵ ਦੀ ਸਿਆਸਤ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਆਧੁਨਿਕ ਨੇਪਾਲ ਦੇ ਨਿਰਮਾਤਾ ਪ੍ਰਿਥਵੀ ਨਾਰਾਇਣ ਸ਼ਾਹ ਨੇ ਨੇਪਾਲ ਨੂੰ 'ਅਸਲੀ ਹਿੰਦੁਸਤਾਨ' ਮੰਨਿਆ ਸੀ। 19ਵੀਂ ਸਦੀ ਵਿੱਚ ਮਰਾਠੀ ਬ੍ਰਾਹਮਣਾਂ ਦੇ ਪ੍ਰਭਾਵ ਅਤੇ 1925 ਵਿੱਚ ਸੰਘ ਪਰਿਵਾਰ ਦੀ ਸਥਾਪਨਾ ਨੇ ਨੇਪਾਲ ਵਿੱਚ ਹਿੰਦੂਤਵ ਦੇ ਵਿਚਾਰਾਂ ਨੂੰ ਹੋਰ ਮਜ਼ਬੂਤ ਕੀਤਾ। 1960 ਦੇ ਦਹਾਕੇ ਵਿੱਚ ਰਾਜਾ ਮਹਿੰਦਰ ਦੇ ਸ਼ਾਸਨਕਾਲ ਦੌਰਾਨ ਸੰਘ ਪਰਿਵਾਰ ਨਾਲ ਨੇੜਤਾ ਵਧੀ, ਅਤੇ 2008 ਵਿੱਚ ਰਾਜਸ਼ਾਹੀ ਦੇ ਖਾਤਮੇ ਤੋਂ ਬਾਅਦ ਵੀ ਹਿੰਦੂਤਵ ਦੀ ਸਿਆਸਤ ਨੇ ਜ਼ੋਰ ਫ਼ੜਿਆ।

ਨੇਪਾਲ ਦੀ 81% ਤੋਂ ਵੱਧ ਆਬਾਦੀ ਹਿੰਦੂ ਹੈ, ਜੋ ਹਿੰਦੂਤਵ ਦੀ ਸਿਆਸਤ ਦੇ ਉਭਾਰ ਦਾ ਇੱਕ ਵੱਡਾ ਕਾਰਨ ਹੈ। 2008 ਵਿੱਚ ਰਾਜਸ਼ਾਹੀ ਦੇ ਖਾਤਮੇ ਅਤੇ ਧਰਮ ਨਿਰਪੱਖਤਾ ਦੀ ਘੋਸ਼ਣਾ ਤੋਂ ਬਾਅਦ, ਕਈ ਸੰਗਠਨਾਂ ਅਤੇ ਸਿਆਸੀ ਪਾਰਟੀਆਂ ਨੇ ਹਿੰਦੂ ਰਾਸ਼ਟਰ ਦੀ ਮੰਗ ਨੂੰ ਜ਼ੋਰਦਾਰ ਕੀਤਾ। ਨੇਪਾਲੀ ਕਾਂਗਰਸ ਵਰਗੀਆਂ ਪਾਰਟੀਆਂ ਦੇ ਕੁਝ ਨੇਤਾ ਵੀ ਹਿੰਦੂ ਰਾਸ਼ਟਰ ਦੀ ਵਕਾਲਤ ਕਰਦੇ ਹਨ, ਜਦਕਿ ਸਾਬਕਾ ਜਨਰਲ ਰੁਕਮੰਗੁਦ ਕਟਾਵਾਲ ਨੇ 2021 ਵਿੱਚ 'ਹਿੰਦੂ ਪਹਿਚਾਣ ਬਹਾਲ' ਕਰਨ ਲਈ ਮੁਹਿੰਮ ਸ਼ੁਰੂ ਕੀਤੀ ਸੀ।

ਇਸ ਦੇ ਨਾਲ ਹੀ, ਭਾਰਤ ਦੀ ਸਿਆਸਤ, ਖਾਸਕਰ ਭਾਜਪਾ ਅਤੇ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਹਿੰਦੂਤਵ ਦੀ ਮਜ਼ਬੂਤੀ ਨੇ ਨੇਪਾਲ ਵਿੱਚ ਵੀ ਇਸ ਵਿਚਾਰਧਾਰਾ ਨੂੰ ਨੈਤਿਕ ਸਮਰਥਨ ਪ੍ਰਦਾਨ ਕੀਤਾ ਹੈ। ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਵਰਗੇ ਨੇਤਾਵਾਂ ਨੇ ਵੀ ਹਿੰਦੂ ਰਾਸ਼ਟਰਵਾਦੀ ਭਾਵਨਾਵਾਂ ਨੂੰ ਹਵਾ ਦਿੱਤੀ, ਜਿਸ ਨੇ ਪਸ਼ੂਪਤੀਨਾਥ ਮੰਦਰ ਵਿੱਚ ਪੂਜਾ ਕਰਕੇ ਅਤੇ ਰਾਮ ਦੀ ਮੂਰਤੀ ਸਥਾਪਤ ਕਰਕੇ ਹਿੰਦੂਤਵ ਨੂੰ ਉਤਸ਼ਾਹਿਤ ਕੀਤਾ ਹੈ ।

**. ਸੰਪ੍ਰਭੂਤਾ ਅਤੇ ਸਮਾਜਿਕ ਸਦਭਾਵਨਾ 'ਤੇ ਸਵਾਲ**

ਨੇਪਾਲ ਵਿੱਚ ਹਿੰਦੂਤਵ ਦੀ ਵਧਦੀ ਸਰਗਰਮੀ ਨੇ ਕਈ ਚਿੰਤਾਵਾਂ ਨੂੰ ਜਨਮ ਦਿੱਤਾ ਹੈ। ਸਾਬਕਾ ਵਿਦੇਸ਼ ਮੰਤਰੀ ਪ੍ਰਦੀਪ ਗਿਆਵਾਲੀ ਅਤੇ ਸੰਸਦ ਮੈਂਬਰ ਅਮਰੇਸ਼ ਸਿੰਘ ਵਰਗੇ ਲੋਕ ਮੰਨਦੇ ਹਨ ਕਿ ਹਿੰਦੂਤਵ ਦੀ ਸਿਆਸਤ ਨੇਪਾਲ ਦੀ ਸੰਪ੍ਰਭੂਤਾ ਲਈ ਖਤਰਾ ਬਣ ਸਕਦੀ ਹੈ। ਮਧੇਸ ਖੇਤਰ ਵਿੱਚ ਫ਼ਿਰਕੂ ਤਣਾਅ ਦੀਆਂ ਘਟਨਾਵਾਂ, ਜਿਵੇਂ ਕਿ ਹਨੂੰਮਾਨ ਜੈਯੰਤੀ ਅਤੇ ਰਾਮਨਵਮੀ ਦੌਰਾਨ ਹੋਈਆਂ ਝੜਪਾਂ, ਇਸ ਚਿੰਤਾ ਨੂੰ ਹੋਰ ਗੰਭੀਰ ਕਰ ਰਹੀਆਂ ਹਨ। ਨੇਪਾਲੀ ਕਾਂਗਰਸ ਦੀ ਸੰਸਦ ਮੈਂਬਰ ਜਾਵੇਦਾ ਖਾਤੂਨ ਦਾ ਕਹਿਣਾ ਹੈ ਕਿ ਭਾਰਤ ਦੀ ਸਿਆਸਤ ਦਾ ਅਸਰ ਨੇਪਾਲ ਦੇ ਧਾਰਮਿਕ ਸਦਭਾਵਨਾ 'ਤੇ ਪੈ ਰਿਹਾ ਹੈ।

(ਬਾਕੀ ਸਫ਼ਾ 31 'ਤੇ)

# ਕੀ ਮਨੀਸ਼ ਸਿਸੋਦੀਆ ਵੱਲੋਂ ਪੰਜਾਬੀਆਂ ਨੂੰ ਹਿੰਸਾ ਦੀ ਧਮਕੀ ਦਿੱਤੀ ਗਈ ?



ਬਘੇਲ ਸਿੰਘ
ਧਾਲੀਵਾਲ

## ਭਾਜਪਾ, ਅਕਾਲੀ ਅਤੇ ਕਾਂਗਰਸ ਦਾ ਸਿਸੋਦੀਆ ਖ਼ਿਲਾਫ਼ ਹੱਲਾ ਬੋਲ: ਚੋਣ ਕਮਿਸ਼ਨ ਤੋਂ ਕਾਰਵਾਈ ਦੀ ਮੰਗ

## 2027 ਚੋਣਾਂ ਤੋਂ ਪਹਿਲਾਂ ਆਪ ਦੀ ਰਣਨੀਤੀ 'ਤੇ ਸਵਾਲ ਉਠੇ: ਕੀ ਪੰਜਾਬੀ ਵੋਟਰਾਂ ਦੀ ਅਣਖ ਜਾਗੇਗੀ ?

ਹੁਣੇ ਜਿਹੇ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਲੀਡਰ ਅਤੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਦੀ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਉਹ 2027 ਵਿਧਾਨ ਸਭਾ ਚੋਣਾਂ ਜਿੱਤਣ ਲਈ 'ਸਾਮ, ਦਾਮ, ਦੰਡ, ਭੇਦ' ਵਰਗੇ ਸ਼ਬਦ ਵਰਤਦੇ ਨਜ਼ਰ ਆ ਰਹੇ ਸਨ। ਇਹ ਵੀਡੀਓ ਨੇ ਨਾ ਸਿਰਫ ਵਿਰੋਧੀ ਪਾਰਟੀਆਂ ਨੂੰ ਇੱਕ ਮੰਚ 'ਤੇ ਲਿਆਂਦਾ ਹੈ, ਬਲਕਿ ਪੰਜਾਬੀਆਂ ਦੇ ਸੁਭਾਅ ਅਤੇ ਅਣਖ ਨੂੰ ਵੀ ਚੁਣੌਤੀ ਵਾਂਗ ਵੇਖਿਆ ਜਾ ਰਿਹਾ ਹੈ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਨੇ ਇੱਥੇ ਦੀ ਅਣਖ ਨੂੰ ਵੰਗਾਰਨ ਦੀ ਕੋਸ਼ਿਸ਼ ਕੀਤੀ, ਉਹਨੂੰ ਮੂੰਹ ਦੀ ਖਾਣੀ ਪਈ ਹੈ। ਬਾਬਰ ਤੋਂ ਲੈ ਕੇ ਅਬਦਾਲੀ ਅਤੇ ਗੋਰੇ ਫਿਰੰਗੀਆਂ ਤੱਕ, ਪੰਜਾਬ ਨੇ ਕਦੇ ਵੀ ਆਪਣੀ ਅਜ਼ਾਦੀ ਅਤੇ ਸਵੈਮਾਣ ਨੂੰ ਝੁਕਣ ਨਹੀਂ ਦਿੱਤਾ। ਹੁਣ ਇਹ ਵੀਡੀਓ ਉਸੇ ਇਤਿਹਾਸ ਨੂੰ ਯਾਦ ਕਰਵਾ ਰਹੀ ਹੈ ਅਤੇ ਪੁੱਛ ਰਹੀ ਹੈ: ਕੀ ਦਿੱਲੀ ਦੀ ਨਵੀਂ ਸਿਆਸਤ ਦਾ ਚੈਲਿੰਜ ਪੰਜਾਬੀਆਂ ਨੂੰ ਮਨਜ਼ੂਰ ਹੈ ?

ਇਹ ਵੀਡੀਓ 13 ਅਗਸਤ ਨੂੰ ਮੋਹਾਲੀ ਵਿੱਚ ਆਪ ਦੀ ਮਹਿਲਾ ਵਿੰਗ ਵੱਲੋਂ ਕਰਵਾਈ ਗਈ ਵਰਕਸ਼ਾਪ ਵਿੱਚ ਰਿਕਾਰਡ ਕੀਤੀ ਗਈ ਸੀ। ਇਸ ਵਿੱਚ ਸਿਸੋਦੀਆ ਕਹਿ ਰਹੇ ਹਨ, 'ਸਾਲ 2027 ਦੀਆਂ ਚੋਣਾਂ ਜਿੱਤਣ ਲਈ ਸਾਮ, ਦਾਮ, ਦੰਡ, ਭੇਦ, ਸੱਚ-ਝੂਠ, ਲੜਾਈ-ਝਗੜਾ ਜੋ ਕਰਨਾ ਪਿਆ ਕਰਾਂਗੇ। ਇਸ ਲਈ ਸਾਰੇ ਤਿਆਰ ਹਨ।' ਇਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਪੰਜਾਬ ਪ੍ਰਧਾਨ ਅਮਨ ਅਰੋੜਾ ਪਹਿਲੀ ਕਤਾਰ ਵਿੱਚ ਬੈਠੇ ਸਨ, ਅਤੇ ਵੀਡੀਓ ਵਿੱਚ ਮਾਨ ਨੂੰ ਹੱਸਦੇ ਵੀ ਵੇਖਿਆ ਜਾ ਸਕਦਾ ਹੈ। ਇਹ ਵੀਡੀਓ ਆਪ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਪੋਸਟ ਕੀਤੀ ਸੀ, ਪਰ ਵਾਇਰਲ ਹੋਣ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਇਸ ਨੂੰ ਫੜ੍ਹ ਲਿਆ ਅਤੇ ਆਪ ਨੂੰ ਘੇਰ ਲਿਆ। ਪੰਜਾਬ ਵਿੱਚ ਆਪ ਦੀ ਸਰਕਾਰ ਬਣਨ ਨੂੰ ਸਾਢੇ ਤਿੰਨ ਸਾਲ ਹੋ ਚੁੱਕੇ ਹਨ। 2022 ਵਿਧਾਨ ਸਭਾ ਚੋਣਾਂ ਵਿੱਚ ਆਪ ਨੇ ਰਿਕਾਰਡਤੋੜ ਜਿੱਤ ਹਾਸਲ ਕੀਤੀ ਸੀ, ਜਿੱਥੇ ਲੋਕਾਂ ਨੇ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਤੋਂ ਤੰਗ ਆ ਕੇ ਆਪ ਨੂੰ ਚੁਣਿਆ ਸੀ। ਲੋਕਾਂ ਨੂੰ ਆਸ ਸੀ ਕਿ ਆਪ ਪੰਜਾਬ ਵਿੱਚ ਬਦਲਾਅ ਲਿਆਵੇਗੀ, ਨੌਜਵਾਨਾਂ ਨੂੰ ਨੌਕਰੀਆਂ ਦੇਵੇਗੀ, ਨਸ਼ਿਆਂ ਤੇ ਰੋਕ ਲਾਵੇਗੀ ਅਤੇ ਵਿਕਾਸ ਦੇ ਨਵੇਂ ਰਾਹ ਖੋਲ੍ਹੇਗੀ। ਪਰ ਹਾਲਾਤ ਉਲਟ ਹੋ ਗਏ। ਨਸ਼ੇ ਵਧੇ, ਬੇਰੁਜ਼ਗਾਰੀ ਵਧੀ ਅਤੇ ਲੋਕਾਂ ਦਾ ਵਿਸ਼ਵਾਸ ਘਟਿਆ। ਹੁਣ ਇਹ ਵੀਡੀਓ ਆਪ ਦੀ ਲੀਡਰਸ਼ਿਪ ਨੂੰ ਨੰਗਾ ਕਰ ਰਹੀ ਹੈ, ਜਿਸ ਵਿੱਚ ਉਹ ਚੋਣਾਂ ਜਿੱਤਣ ਲਈ ਅਨੈਤਿਕ ਤਰੀਕਿਆਂ ਦੀ ਗੱਲ ਕਰ ਰਹੇ ਹਨ।



**ਕੀ ਸਿਸੋਦੀਆ ਨੇ ਪੰਜਾਬੀਆਂ ਨੂੰ ਹਿੰਸਾ ਦੀ ਧਮਕੀ ਦਿੱਤੀ ?**

ਸਿਸੋਦੀਆ ਨੇ 'ਸਾਮ' (ਸਮਝੌਤਾ), 'ਦਾਮ' (ਪੈਸਾ), 'ਦੰਡ' (ਸਜ਼ਾ ਜਾਂ ਬਲ ਪ੍ਰਯੋਗ), 'ਭੇਦ' (ਫੁੱਟ ਪਾਉਣਾ), 'ਸੱਚ-ਝੂਠ', ਅਤੇ 'ਲੜਾਈ-ਝਗੜਾ' ਵਰਗੇ ਸ਼ਬਦ ਵਰਤੇ ਹਨ। ਇਹ ਸ਼ਬਦ ਚਾਣਕਿਆ ਨੀਤੀ ਤੋਂ ਲਏ ਗਏ ਹਨ, ਜਿੱਥੇ ਰਾਜ ਨੂੰ ਜਿੱਤਣ ਲਈ ਹਰ ਤਰ੍ਹਾਂ ਦੇ ਤਰੀਕੇ ਵਰਤੇ ਜਾਂਦੇ ਹਨ। ਪਰ ਵਿਰੋਧੀ ਪਾਰਟੀਆਂ ਨੇ ਇਸ ਨੂੰ ਹਿੰਸਾ ਅਤੇ ਅਸ਼ਾਂਤੀ ਫੈਲਾਉਣ ਵਜੋਂ ਵੇਖਿਆ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਹ ਬਿਆਨ ਪੰਜਾਬ ਵਿੱਚ ਸ਼ਾਂਤੀ ਅਤੇ ਵਿਕਾਸ ਨੂੰ ਖਤਰੇ ਵਿੱਚ ਪਾਉਣ ਵਾਲਾ ਹੈ, ਅਤੇ ਇਹ ਵੋਟਰਾਂ ਨੂੰ ਡਰਾਉਣ ਅਤੇ ਵੈਰ-ਵਿਰੋਧ ਫੈਲਾਉਣ ਦਾ ਸਬੂਤ ਹੈ।

ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਨੂੰ ਭਾਈਚਾਰਿਆਂ ਵਿੱਚ ਹਿੰਸਾ ਭੜਕਾਉਣ ਦੀ ਕੋਸ਼ਿਸ਼ ਕਿਹਾ ਅਤੇ ਸਿਸੋਦੀਆ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕੀਤੀ।

ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦਿੱਲੀ ਨਹੀਂ ਹੈ ਅਤੇ ਪੰਜਾਬੀ ਅਜਿਹੀ ਜ਼ਬਰਦਸਤੀ ਨੂੰ ਸਹਿਣ ਨਹੀਂ ਕਰਨਗੇ। ਉਹਨਾਂ ਨੇ ਇਤਿਹਾਸਕ ਉਦਾਹਰਣਾਂ ਦਿੰਦੇ ਹੋਏ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਅਜਿਹੇ ਲੋਕਾਂ ਨੂੰ ਸਬਕ ਸਿਖਾਇਆ ਹੈ। ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਨੇ ਆਪ ਨੂੰ 'ਗੁੰਡਿਆਂ ਦਾ ਬ੍ਰਿਗੇਡ' ਕਿਹਾ ਅਤੇ ਕਿਹਾ ਕਿ ਇਹ ਪੰਜਾਬ ਅਤੇ ਲੋਕਤੰਤਰ ਲਈ ਸ਼ਰਮਨਾਕ ਹੈ।

ਵਿਸ਼ਲੇਸ਼ਕਾਂ ਮੁਤਾਬਕ, ਇਹ ਸਿੱਧੀ ਧਮਕੀ ਨਹੀਂ, ਪਰ ਇਸ ਨੇ ਪੰਜਾਬ ਵਰਗੇ ਸੰਵੇਦਨਸ਼ੀਲ ਸੂਬੇ ਵਿੱਚ ਡਰ ਪੈਦਾ ਕੀਤਾ ਹੈ। ਪੰਜਾਬ ਨੇ ਪਿਛਲੇ ਦਹਾਕਿਆਂ ਵਿੱਚ ਹਿੰਸਾ ਵੇਖੀ ਹੈ ਅਤੇ ਅਜਿਹੇ ਬਿਆਨ ਸ਼ਾਂਤੀ ਨੂੰ ਭੰਗ ਕਰ ਸਕਦੇ ਹਨ। ਸੋਸ਼ਲ ਮੀਡੀਆ ਤੇ ਵੀ ਤਿੱਖੀ ਬਹਿਸ ਛਿੜੀ ਹੋਈ ਹੈ, ਜਿੱਥੇ ਲੋਕ ਆਪ ਨੂੰ ਫਿਰਕੂ ਅਤੇ ਘੱਟ ਗਿਣਤੀਆਂ ਵਿਰੋਧੀ ਕਹਿ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਆਪ ਭਾਜਪਾ ਤੋਂ ਵੀ ਵੱਧ ਖਤਰਨਾਕ ਹੈ ਕਿਉਂਕਿ ਉਹ ਲੁਕਵੇਂ ਏਜੰਡੇ ਨਾਲ ਕੰਮ ਕਰਦੀ ਹੈ।

**ਕੀ ਆਪ ਸੁਪਰੀਮੋ ਇਸ ਦਾ ਨੋਟਿਸ ਲੈਣਗੇ ਅਤੇ ਕਰੜੀ ਕਾਰਵਾਈ ਕਰਨਗੇ ?**

ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਬਾਰੇ ਅਜੇ ਤੱਕ ਕੋਈ ਅਧਿਕਾਰਕ ਬਿਆਨ ਨਹੀਂ ਆਇਆ ਹੈ। ਪਾਰਟੀ ਨੇ ਇਸ ਬਿਆਨ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਜਾਣ ਵਾਲਾ ਕਿਹਾ ਹੈ, ਪਰ ਕੋਈ ਕਰੜੀ ਕਾਰਵਾਈ ਦਾ ਐਲਾਨ ਨਹੀਂ ਕੀਤਾ। ਵਿਸ਼ਲੇਸ਼ਕਾਂ ਮੁਤਾਬਕ, ਕੇਜਰੀਵਾਲ ਪੰਜਾਬ ਵਿੱਚ ਆਪ ਦੀ ਸੱਤਾ ਨੂੰ ਬਚਾਉਣ ਲਈ ਚੁੱਪ ਵੱਟ ਰਹੇ ਹੋ ਸਕਦੇ ਹਨ। ਪਰ ਸਿਸੋਧੀਆ ਦੇ ਬਿਆਨ ਦਾ ਸ਼ੋਸ਼ਲ ਮੀਡੀਆ ਉਪਰ ਤਿੱਖਾ ਪ੍ਰਤੀਕਰਮ ਹੋਇਆ ਹੈ। ਜੇਕਰ ਕੇਜਰੀਵਾਲ ਨੇ ਕਾਰਵਾਈ ਨਾ ਕੀਤੀ ਤਾਂ ਇਹ ਆਪ ਲਈ ਵੱਡਾ ਨੁਕਸਾਨ ਹੋ ਸਕਦਾ ਹੈ।

(ਬਾਕੀ ਸਫ਼ਾ 31 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਕੈਨੇਡਾ ਵਿੱਚ ਬਿਸ਼ਨੋਈ ਗੈਂਗ ਨੂੰ ਦਹਿਸ਼ਤਗਰਦ ਜਥੇਬੰਦੀ ਐਲਾਨਣ ਦੀ ਮੰਗ ਤੇਜ਼

### ਭਾਈ ਹਰਦੀਪ ਸਿੰਘ ਨਿੱਝਰ ਕਤਲ ਕੇਸ 'ਚ ਬਿਸ਼ਨੋਈ ਗੈਂਗ ਦਾ ਨਾਮ

### ਕੈਨੇਡੀਅਨ ਪੁਲਿਸ ਨੇ ਜਤਾਇਆ ਭਾਰਤੀ ਏਜੰਟਾਂ ਨਾਲ ਸਬੰਧ

ਅੱਜਕੱਲ੍ਹ ਕੈਨੇਡਾ ਦੀ ਸਿਆਸਤ ਵਿੱਚ ਭਾਰਤੀ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਨਾਲ ਜੁੜੇ ਗੈਂਗ ਨੂੰ ਲੈ ਕੇ ਵੱਡੀ ਚਰਚਾ ਛਿੜੀ ਹੋਈ ਹੈ। ਬਿਸ਼ਨੋਈ ਗੈਂਗ ਨੂੰ 'ਦਹਿਸ਼ਤਗਰਦ ਜਥੇਬੰਦੀ' ਐਲਾਨੇ ਜਾਣ ਦੀ ਮੰਗ ਤੇਜ਼ ਹੋ ਗਈ ਹੈ, ਜਿਸ ਵਿੱਚ ਨਾ ਸਿਰਫ਼ ਵਿਰੋਧੀ ਪਾਰਟੀਆਂ ਸ਼ਾਮਲ ਹਨ, ਸਗੋਂ ਕਈ ਪ੍ਰੀਮੀਅਰ ਅਤੇ ਮੇਅਰ ਵੀ ਆਵਾਜ਼ ਉਠਾ ਰਹੇ ਹਨ। ਇਸ ਮੰਗ ਪਿੱਛੇ ਕੈਨੇਡਾ ਵਿੱਚ ਵਾਪਰ ਰਹੇ ਅਪਰਾਧ ਹਨ, ਜਿਨ੍ਹਾਂ ਨੂੰ ਮੀਡੀਆ ਅਤੇ ਪੁਲਿਸ ਰਿਪੋਰਟਾਂ ਵਿੱਚ ਬਿਸ਼ਨੋਈ ਗੈਂਗ ਨਾਲ ਜੋੜਿਆ ਜਾ ਰਿਹਾ ਹੈ। ਇਸ ਵੇਲੇ ਕੈਨੇਡੀਅਨ ਸਰਕਾਰ ਇਸ ਮੰਗ ਨੂੰ ਮੰਨਣ ਵਿੱਚ ਦੁਚਿੱਤੀ ਵਿੱਚ ਹੈ, ਪਰ ਵਿਰੋਧੀ ਧਿਰ ਨੇ ਇਸ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੋੜ ਕੇ ਵੱਡਾ ਮੁੱਦਾ ਬਣਾ ਲਿਆ ਹੈ। ਇਸ ਸਭ ਵਿਚਾਲੇ ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਇੱਕ ਵਾਇਰਲ ਪੋਡਕਾਸਟ ਵਿੱਚ ਸਿੱਧੂ ਮੂਸੇਵਾਲਾ ਦੇ ਕਤਲ ਬਾਰੇ ਵੱਡੇ ਦਾਅਵੇ ਕੀਤੇ ਹਨ, ਜਿਨ੍ਹਾਂ ਨੇ ਪੂਰੇ ਬਿਰਤਾਂਤ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਲਾਰੈਂਸ ਬਿਸ਼ਨੋਈ, 32 ਸਾਲਾਂ ਦਾ ਇੱਕ ਅਪਰਾਧੀ, ਜੋ ਭਾਰਤ ਵਿੱਚ 2015 ਤੋਂ ਜੇਲ੍ਹ ਵਿੱਚ ਬੰਦ ਹੈ ਅਤੇ ਫਿਲਹਾਲ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿੱਚ ਕੈਦ ਹੈ। ਉਸ ਉੱਤੇ ਦਰਜਨਾਂ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਵੀ ਸ਼ਾਮਲ ਹੈ। ਭਾਰਤੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਮੁਤਾਬਕ, ਬਿਸ਼ਨੋਈ ਗੈਂਗ ਦਾ ਨੈੱਟਵਰਕ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਫੈਲਿਆ ਹੋਇਆ ਹੈ, ਜਿਸ ਵਿੱਚ ਕੈਨੇਡਾ ਵੀ ਸ਼ਾਮਲ ਹੈ। ਇਹ ਗੈਂਗ ਅਪਰਾਧਕ ਗਤੀਵਿਧੀਆਂ ਜਿਵੇਂ ਕਤਲ, ਫਿਰੌਤੀਆਂ ਅਤੇ ਧਮਕੀਆਂ ਵਿੱਚ ਸ਼ਾਮਲ ਹੈ।

ਕੈਨੇਡਾ ਵਿੱਚ ਇਹ ਗੈਂਗ ਚਰਚਾ ਵਿੱਚ ਆਇਆ ਜੂਨ 2023 ਵਿੱਚ ਖਾਲਿਸਤਾਨ ਹਮਾਇਤੀ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ। ਨਿੱਝਰ ਨੂੰ ਸਰੀ ਵਿੱਚ ਗੁਰਦੁਆਰੇ ਬਾਹਰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਅਕਤੂਬਰ 2024 ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਬਿਸ਼ਨੋਈ ਗੈਂਗ ਨੂੰ ਇਸ ਕਤਲ ਨਾਲ ਜੋੜਿਆ ਸੀ ਅਤੇ ਕਿਹਾ ਸੀ ਕਿ ਭਾਰਤੀ ਸਰਕਾਰ ਦੇ ਏਜੰਟਾਂ ਨੇ ਇਸ ਗੈਂਗ ਨਾਲ ਮਿਲ ਕੇ ਦੱਖਣੀ ਏਸ਼ੀਆਈ ਭਾਈਚਾਰੇ, ਖਾਸ ਕਰ ਖਾਲਿਸਤਾਨ ਹਮਾਇਤੀਆਂ ਨੂੰ ਨਿਸ਼ਾਨਾ ਬਣਾਇਆ ਹੈ। ਆਰ.ਸੀ.ਐੱਮ.ਪੀ.



ਨੇ ਇਹ ਵੀ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮਾਂ ਦਾ ਬਿਸ਼ਨੋਈ ਗੈਂਗ ਨਾਲ ਸਬੰਧ ਹੈ। ਭਾਰਤ ਨੇ ਇਨ੍ਹਾਂ ਇਲਜ਼ਾਮਾਂ ਨੂੰ ਬੇਬੁਨਿਆਦ ਕਿਹਾ ਸੀ।

ਇਸ ਤੋਂ ਇਲਾਵਾ, ਕੈਨੇਡਾ ਵਿੱਚ ਬੀਤੇ ਕੁਝ ਮਹੀਨਿਆਂ ਵਿੱਚ ਵਾਪਰੀਆਂ ਕਈ ਅਪਰਾਧਕ ਵਾਰਦਾਤਾਂ ਨੂੰ ਬਿਸ਼ਨੋਈ ਗੈਂਗ ਨਾਲ ਜੋੜਿਆ ਗਿਆ ਸੀ। ਮਿਸਾਲ ਵਜੋਂ, ਹਾਲ ਹੀ ਵਿੱਚ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਨੇਡਾ ਵਿੱਚਲੇ ਕੈਫੇ ਉੱਤੇ ਦੋ ਵਾਰ ਹਮਲੇ ਹੋਏ, ਜਿਨ੍ਹਾਂ ਨੂੰ ਮੀਡੀਆ ਵਿੱਚ ਬਿਸ਼ਨੋਈ ਗੈਂਗ ਨਾਲ ਜੋੜ ਕੇ ਵੇਖਿਆ ਗਿਆ ਸੀ। ਇਸ ਤੋਂ ਇਲਾਵਾ, ਫਿਰੌਤੀਆਂ ਦੇ ਮਾਮਲੇ ਵੀ ਵਧੇ ਹਨ, ਜਿਨ੍ਹਾਂ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਦੇ ਕਾਰੋਬਾਰੀ ਅਤੇ ਲੋਕ ਨਿਸ਼ਾਨੇ ਉੱਤੇ ਹਨ। ਸੋਸ਼ਲ ਮੀਡੀਆ ਉੱਤੇ ਕਈ ਪੋਸਟਾਂ ਵਿੱਚ ਬਿਸ਼ਨੋਈ ਗੈਂਗ ਨੇ ਇਨ੍ਹਾਂ ਵਾਰਦਾਤਾਂ ਦੀ ਜ਼ਿੰਮੇਵਾਰੀ ਲਈ ਹੈ, ਜਿਵੇਂ ਕਿ ਕਾਰੋਬਾਰਾਂ ਉੱਤੇ ਹਮਲੇ, ਕਤਲ ਅਤੇ ਹਿੰਸਾ। ਬੀਸੀ ਅਤੇ ਅਲਬਰਟਾ ਵਿੱਚ ਧਮਕੀਆਂ ਦੇ ਮਾਮਲੇ ਵੱਧ ਰਹੇ ਹਨ, ਅਤੇ ਪੁਲਿਸ ਨੇ ਇਨ੍ਹਾਂ ਨੂੰ ਬਿਸ਼ਨੋਈ ਨੈੱਟਵਰਕ ਨਾਲ ਜੋੜਿਆ ਹੈ।

ਕੈਨੇਡਾ ਦੀ ਵਿਰੋਧੀ ਕੰਜ਼ਰਵੇਟਿਵ ਪਾਰਟੀ ਇਸ ਮੰਗ ਨੂੰ ਸਭ ਤੋਂ ਅੱਗੇ ਵਧਾ ਰਹੀ ਹੈ। ਪਾਰਟੀ ਦੇ ਆਗੂ ਪੀਅਰ ਪੋਲੀਵਰ ਨੇ ਕਿਹਾ ਕਿ ਲਿਬਰਲ ਸਰਕਾਰ ਦੀ ਖੁੱਲ੍ਹੀ ਇਮੀਗ੍ਰੇਸ਼ਨ ਪਾਲਿਸੀ ਕਰਕੇ ਬਿਸ਼ਨੋਈ ਗੈਂਗ ਦੇ ਮੈਂਬਰ ਕੈਨੇਡਾ ਵਿੱਚ ਦਾਖਲ ਹੋਏ ਅਤੇ ਹੁਣ ਕੈਨੇਡਾ ਦੇ ਲੋਕਾਂ ਨੂੰ ਡਰਾ ਰਹੇ ਹਨ। ਪਾਰਟੀ ਦੇ ਐੱਮਪੀ ਫਰੈਂਕ ਕਾਪੂਟੋ, ਜੋ ਕੈਂਪਲੂਪਸ-ਥੌਂਪਸਨ-ਨਿਕੋਲਾ ਤੋਂ ਚੁਣੇ ਗਏ ਹਨ ਅਤੇ ਪਬਲਿਕ ਸੇਫਟੀ ਲਈ ਸ਼ੈਡੋ ਮੰਤਰੀ ਹਨ, ਨੇ ਅਧਿਕਾਰਤ ਤੌਰ ਉੱਤੇ ਪਬਲਿਕ ਸੇਫਟੀ ਮੰਤਰੀ ਗੈਰੀ ਅਨੰਦਾਸਾਂਗਰੀ ਨੂੰ ਚਿੱਠੀ ਲਿਖ ਕੇ ਬਿਸ਼ਨੋਈ ਗੈਂਗ ਨੂੰ ਦਹਿਸ਼ਤਗਰਦ ਗਰੁੱਪ ਐਲਾਨਣ ਦੀ ਮੰਗ ਕੀਤੀ ਹੈ।

ਇਸ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ ਅਤੇ ਅਲਬਰਟਾ ਦੇ ਪ੍ਰੀਮੀਅਰ ਡੈਨਿਅਲ ਸਮਿਥ ਨੇ ਵੀ ਇਹ ਮੰਗ ਕੀਤੀ ਸੀ। ਐਬੀ ਨੇ ਜੂਨ 2025 ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਬਿਸ਼ਨੋਈ ਗੈਂਗ ਨੂੰ ਟੈਰਰਿਸਟ ਐਲਾਨ ਕੇ ਇਸ ਉਪਰ ਪਾਬੰਦੀ ਲਗਾਈ ਜਾਵੇ। ਸਰੀ ਅਤੇ ਬਰੈਂਪਟਨ ਦੇ ਮੇਅਰਾਂ ਨੇ ਵੀ ਇਹ ਮੰਗ ਨੂੰ ਸਮਰਥਨ ਦਿੱਤਾ ਹੈ।

ਕੈਨੇਡੀਅਨ ਪੱਤਰਕਾਰ ਡਾਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ ਇਹ ਮਾਮਲੇ ਰਿਪੋਰਟ ਹੋਣ ਵਾਲੇ ਨਾਲੋਂ ਵੱਧ ਹਨ ਅਤੇ ਸਿਆਸੀ ਲੀਡਰ ਇਸ ਗੈਂਗ ਵਿਰੁੱਧ ਆਵਾਜ਼ ਉਠਾ ਰਹੇ ਹਨ। ਕਪਿਲ ਸ਼ਰਮਾ ਦੇ ਕੈਫੇ ਉੱਤੇ ਹਮਲੇ ਵੀ ਇਸੇ ਲੜੀ ਵਿੱਚ ਆਉਂਦੇ ਹਨ, ਜਿੱਥੇ ਦੋ ਵਾਰ ਫਾਇਰਿੰਗ ਹੋਈ ਅਤੇ ਗੈਂਗ ਨੇ ਜ਼ਿੰਮੇਵਾਰੀ ਲਈ। ਇਸ ਤੋਂ ਇਲਾਵਾ, ਬੀਸੀ ਅਤੇ ਅਲਬਰਟਾ (ਬਾਕੀ ਸਫ਼ਾ 30 'ਤੇ)

# ਕੀ ਸਿੱਖ ਪੰਥ ਦੇ ਸੰਵਿਧਾਨਕ ਹੱਕ ਖੋਹੇ ਜਾ ਰਹੇ ਨੇ ?

### ਨਾਭਾ ਦੇ ਸਰਪੰਚ ਨੂੰ ਲਾਲ ਕਿਲ੍ਹੇ 'ਤੇ ਸ੍ਰੀ ਸਾਹਿਬ ਕਾਰਨ ਰੋਕਣ ਦੀ ਘਟਨਾ ਕਾਰਨ ਸਿੱਖ ਪੰਥ ਵਿੱਚ ਰੋਸ

### ਸਵੱਛ ਭਾਰਤ ਮੁਹਿੰਮ ਦੇ ਸਨਮਾਨ ਲਈ ਦਿੱਲੀ ਬੁਲਾਏ ਗੁਰਧਿਆਨ ਸਿੰਘ ਦਾ ਹੋਇਆ ਅਪਮਾਨ

ਬੀਤੇ ਦਿਨੀਂ ਨਾਭਾ ਬਲਾਕ ਦੇ ਪਿੰਡ ਕਲਸਾਣਾ ਦੀ ਪੰਚਾਇਤ ਨੂੰ ਸਵੱਛ ਭਾਰਤ ਅਭਿਆਨ ਅਧੀਨ ਸਫਾਈ ਲਈ ਸਨਮਾਨਿਤ ਕਰਨ ਦੇ ਮਕਸਦ ਨਾਲ 15 ਅਗਸਤ 2025 ਨੂੰ ਨਵੀਂ ਦਿੱਲੀ ਬੁਲਾਇਆ ਗਿਆ ਸੀ। ਪਿੰਡ ਦੇ ਸਰਪੰਚ ਗੁਰਧਿਆਨ ਸਿੰਘ ਨੂੰ ਜਲ ਸ਼ਕਤੀ ਮੰਤਰੀ ਵੀ. ਸਮਾਣਾ ਨੇ ਸਨਮਾਨਿਤ ਵੀ ਕੀਤਾ ਸੀ। ਪਰ ਉਸੇ ਦਿਨ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਕਿਲ੍ਹੇ 'ਤੇ ਤਿਰੰਗਾ ਲਹਿਰਾਉਣ ਵਾਲੇ ਸਨ, ਸਰਪੰਚ ਗੁਰਧਿਆਨ ਸਿੰਘ ਨੂੰ ਸੱਦਾ ਪੱਤਰ ਮਿਲਣ ਦੇ ਬਾਵਜੂਦ ਸੁਰੱਖਿਆ ਮੁਲਾਜ਼ਮਾਂ ਨੇ ਗੇਟ 'ਤੇ ਰੋਕ ਲਿਆ। ਕਾਰਨ ਸੀ ਉਨ੍ਹਾਂ ਦਾ ਸ੍ਰੀ ਸਾਹਿਬ (ਕਿਰਪਾਨ) ਪਹਿਨਣਾ, ਜੋ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਇੱਕ ਹੈ। ਸੁਰੱਖਿਆ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਸ੍ਰੀ ਸਾਹਿਬ ਉਤਾਰਨ ਦੀ ਸ਼ਰਤ 'ਤੇ ਹੀ ਅੰਦਰ ਜਾਣ ਦੀ ਇਜਾਜ਼ਤ ਦੇਣ ਦੀ ਗੱਲ ਕਹੀ। ਗੁਰਧਿਆਨ ਸਿੰਘ ਨੇ ਆਪਣੇ ਧਰਮ ਦੇ ਸਿਧਾਂਤਾਂ ਨੂੰ ਤਰਜੀਹ ਦਿੰਦਿਆਂ ਸ੍ਰੀ ਸਾਹਿਬ ਨਾ ਉਤਾਰਨ ਦਾ ਫੈਸਲਾ ਕੀਤਾ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਬਜਾਏ ਵਾਪਸ ਪਰਤ ਗਏ। ਉਨ੍ਹਾਂ ਨੇ ਇਸ ਘਟਨਾ ਨੂੰ ਸਿੱਖ ਭਾਵਨਾਵਾਂ ਦੀ ਬੇਇੱਜਤੀ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਦੀ ਰਾਜਧਾਨੀ ਵਿੱਚ ਅਜਿਹਾ ਵਿਵਹਾਰ ਅਸਵੀਕਾਰਨਯੋਗ ਹੈ। ਉਨ੍ਹਾਂ ਨੇ ਕਿਹਾ, ਮੈਨੂੰ ਸਨਮਾਨ ਲਈ ਬੁਲਾਇਆ ਗਿਆ ਸੀ, ਪਰ ਅਪਮਾਨ ਹੋਇਆ।

ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਤਿੱਖਾ ਰੋਸ ਪੈਦਾ ਕੀਤਾ ਹੈ, ਅਤੇ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਨੇ ਇਸ ਨੂੰ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਾਰ ਦਿੰਦਿਆਂ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ, ਪਰ ਅਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਨਾਲ ਵਿਤਕਰਾ ਜਾਰੀ ਹੈ। ਧਾਮੀ ਨੇ ਕਿਹਾ ਕਿ ਗੁਰਧਿਆਨ ਸਿੰਘ ਨੂੰ ਵਿਸ਼ੇਸ਼ ਸੱਦੇ 'ਤੇ ਬੁਲਾਇਆ ਗਿਆ ਸੀ, ਪਰ ਉਨ੍ਹਾਂ ਦੇ ਧਾਰਮਿਕ ਚਿੰਨ੍ਹ ਸ੍ਰੀ ਸਾਹਿਬ ਕਾਰਨ ਰੋਕਣਾ ਬੇਗਾਨਗੀ ਵਾਲਾ ਵਿਹਾਰ ਹੈ। ਸੰਵਿਧਾਨ ਸਿੱਖਾਂ ਨੂੰ ਪੰਜ ਕਕਾਰ ਪਹਿਨਣ ਦਾ ਪੂਰਾ ਹੱਕ ਦਿੰਦਾ ਹੈ, ਪਰ ਸਰਕਾਰੀ ਅਧਿਕਾਰੀ ਇਸ ਦੀ ਉਲੰਘਣਾ ਕਰ ਰਹੇ ਹਨ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਸੁਰੱਖਿਆ ਪ੍ਰੋਟੋਕੋਲਾਂ ਵਿੱਚ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ।

ਪਿੰਡ ਮੱਲੇਵਾਲ ਦੇ ਸਰਪੰਚ ਗੁਰਬਚਨ ਸਿੰਘ ਬਿੱਲੂ ਅਤੇ ਕਲਸਾਣਾ ਦੇ ਸਾਬਕਾ ਸਰਪੰਚ ਨੇ ਵੀ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਨੇ ਕਿਹਾ ਕਿ ਅਸੀਂ ਪਿੰਡ ਵਿੱਚ ਸਰਪੰਚ ਦੇ ਸਵਾਗਤ ਲਈ ਢੋਲ-ਨਗਾਰਿਆਂ ਨਾਲ ਤਿਆਰ ਸੀ, ਪਰ ਦਿੱਲੀ ਵਿੱਚ ਉਸ ਨੂੰ ਅਪਮਾਨਿਤ ਕੀਤਾ ਗਿਆ। ਇਹ (ਬਾਕੀ ਸਫ਼ਾ 30 'ਤੇ)

# ਬਿਹਾਰ ਵਿਖੇ 'ਵੋਟ ਚੋਰੀ' ਦੇ ਦੋਸ਼, ਰਾਹੁਲ ਗਾਂਧੀ ਦੀ 'ਵੋਟਰ ਅਧਿਕਾਰ ਯਾਤਰਾ' ਸ਼ੁਰੂ

### 'ਇੰਡੀਆ' ਗੱਠਜੋੜ ਦਾ ਦਾਅਵਾ: ਭਾਜਪਾ-ਚੋਣ ਕਮਿਸ਼ਨ ਮਿਲ ਕੇ ਵੋਟਰ ਸੂਚੀਆਂ ਵਿੱਚ ਕਰ ਰਹੇ ਨੇ ਗੜਬੜੀ

ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ ਤਿੰਨ ਮਹੀਨੇ ਬਾਕੀ ਰਹਿਣ ਦੇ ਮੱਦੇਨਜ਼ਰ ਅਤੇ ਵਿਰੋਧੀ ਧਿਰ ਦੇ ਭਾਜਪਾ ਅਤੇ ਚੋਣ ਕਮਿਸ਼ਨ 'ਤੇ 'ਵੋਟ ਚੋਰੀ' ਦੇ ਦੋਸ਼ਾਂ ਦਰਮਿਆਨ 'ਇੰਡੀਆ' ਗੱਠਜੋੜ ਨੇ ਸਾਸਾਰਾਮ ਤੋਂ 'ਵੋਟਰ ਅਧਿਕਾਰ ਯਾਤਰਾ' ਸ਼ੁਰੂ ਕੀਤੀ ਹੈ। ਇਹ ਯਾਤਰਾ ਲੋਕਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਅਤੇ ਚੋਣਾਂ ਵਿੱਚ ਕਥਿਤ ਗੜਬੜੀਆਂ ਨੂੰ ਰੋਕਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਆਰ.ਜੇ.ਡੀ. ਨੇਤਾ ਤੇਜਸਵੀ ਯਾਦਵ ਅਤੇ ਹੋਰ 'ਇੰਡੀਆ' ਗੱਠਜੋੜ ਦੇ ਨੇਤਾਵਾਂ ਨੇ ਸਾਸਾਰਾਮ ਦੇ ਬਿਆਡਾ ਗਰਾਊਂਡ ਤੋਂ 1300 ਕਿਲੋਮੀਟਰ ਲੰਬੀ ਯਾਤਰਾ ਦੀ ਸ਼ੁਰੂਆਤ ਕੀਤੀ, ਜੋ 16 ਦਿਨਾਂ ਬਾਅਦ 1 ਸਤੰਬਰ ਨੂੰ ਪਟਨਾ ਵਿੱਚ ਰੈਲੀ ਨਾਲ ਸਮਾਪਤ ਹੋਵੇਗੀ। ਇਸ ਦੌਰਾਨ ਰਾਹੁਲ ਗਾਂਧੀ ਅਤੇ ਚੋਣ ਕਮਿਸ਼ਨ ਵਿਚਕਾਰ 'ਵੋਟ ਚੋਰੀ' ਦੇ ਦੋਸ਼ਾਂ ਨੂੰ ਲੈ ਕੇ ਵਿਵਾਦ ਵਧ ਗਿਆ ਹੈ, ਜਿਸ 'ਚ ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਗਿਆਨੇਸ਼ ਕੁਮਾਰ ਗੁਪਤਾ ਨੇ ਰਾਹੁਲ ਨੂੰ 7 ਦਿਨਾਂ



ਵਿਚ ਹਲਫ਼ਨਾਮਾ ਦੇਣ ਜਾਂ ਮਾਫ਼ੀ ਮੰਗਣ ਦੀ ਧਮਕੀ ਦਿੱਤੀ ਹੈ।

'ਇੰਡੀਆ' ਗੱਠਜੋੜ ਨੇ ਇਹ ਯਾਤਰਾ ਸ਼ੁਰੂ ਕੀਤੀ ਕਿਉਂਕਿ ਵਿਰੋਧੀ ਧਿਰ ਦਾ ਮੰਨਣਾ ਹੈ ਕਿ ਭਾਜਪਾ ਅਤੇ ਚੋਣ ਕਮਿਸ਼ਨ ਮਿਲ ਕੇ ਵੋਟਰ ਸੂਚੀਆਂ ਵਿੱਚ ਗੜਬੜੀਆਂ ਕਰਕੇ ਬਿਹਾਰ ਵਿਧਾਨ ਸਭਾ ਚੋਣਾਂ 'ਚੋਰੀ' ਦੀ ਸਾਜਿਸ਼ ਰਚ ਰਹੇ ਹਨ। ਰਾਹੁਲ ਗਾਂਧੀ ਨੇ ਸਾਸਾਰਾਮ ਵਿੱਚ ਸੰਬੋਧਨ ਦੌਰਾਨ ਕਿਹਾ ਕਿ ਚੋਣ ਕਮਿਸ਼ਨ ਭਾਜਪਾ ਨਾਲ ਮਿਲੀਭੁਗਤ ਕਰਕੇ ਵੋਟਰ ਸੂਚੀਆਂ ਵਿੱਚ 'ਵਿਸ਼ੇਸ਼ ਤੀਬਰ ਸੋਧ' (ਐਸ.ਆਈ.ਆਰ.) ਰਾਹੀਂ ਵੋਟਰਾਂ ਦੇ ਨਾਂ ਜੋੜਦਾ ਅਤੇ ਹਟਾਉਂਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪੂਰੇ ਦੇਸ਼ ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਅਜਿਹੀਆਂ ਗੜਬੜੀਆਂ ਹੋ ਰਹੀਆਂ ਹਨ। ਰਾਹੁਲ ਨੇ ਕਿਹਾ, 'ਬਿਹਾਰ ਦੇ ਲੋਕ ਵੋਟ ਚੋਰੀ ਨਹੀਂ ਕਰਨ ਦੇਣਗੇ। ਗਰੀਬਾਂ ਕੋਲ ਸਿਰਫ਼ ਵੋਟ ਦੀ ਤਾਕਤ ਹੈ ਅਤੇ ਅਸੀਂ ਸੰਵਿਧਾਨ ਨੂੰ ਬਚਾਉਣ ਲਈ ਲੜਾਂਗੇ।' ਇਸ ਯਾਤਰਾ ਦਾ ਮਕਸਦ 20 ਤੋਂ ਜ਼ਿਆਦਾ ਜ਼ਿਲ੍ਹਿਆਂ ਵਿੱਚ ਜਾ ਕੇ ਲੋਕਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਬਾਰੇ ਜਾਗਰੂਕ ਕਰਨਾ ਅਤੇ ਕਥਿਤ ਸਾਜਿਸ਼ ਨੂੰ ਬੇਨਕਾਬ ਕਰਨਾ ਹੈ। ਸਮਾਗਮ ਵਿੱਚ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ, ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ ਅਤੇ ਤੇਜਸਵੀ ਯਾਦਵ ਨੇ ਵੀ ਸੰਬੋਧਨ ਕੀਤਾ।

# ਗਿ. ਹਰਪ੍ਰੀਤ ਸਿੰਘ ਦੀ ਸਿਆਸੀ ਐਂਟਰੀ ਬਾਦਲ ਦਲ ਲਈ ਸੰਕਟ ਕਿਉਂ ਬਣੀ ?

## ਜਥੇਦਾਰ ਗੜਗੱਜ ਤੇ ਗਿਆਨੀ ਰਘਬੀਰ ਸਿੰਘ ਕਿਉਂ ਹੋਏ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਸਰਗਰਮ

### ਆਖਿਰ ਪੰਥਕ ਸਿਆਸਤ ਕੂੜ ਲੀਡਰਸ਼ਿਪ ਵਿੱਚ ਕਿਉ ਬਦਲੀ ?



ਸਿੱਖ ਪੰਥ ਦੀ ਸਿਆਸਤ ਵਿੱਚ ਉਦੋਂ ਇੱਕ ਨਵਾਂ ਮੋੜ ਆਇਆ ਸੀ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਸੀ। ਇਸ ਫ਼ੈਸਲੇ ਨੇ ਨਾ ਸਿਰਫ਼ ਬਾਦਲ ਪਰਿਵਾਰ ਵੱਲੋਂ ਚਲਾਏ ਜਾ ਰਹੇ ਅਕਾਲੀ ਦਲ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਬਲਕਿ ਧਾਰਮਿਕ ਆਗੂਆਂ ਵਿੱਚ ਵੀ ਵੱਡੀ ਬਹਿਸ ਛੇੜ ਦਿੱਤੀ ਹੈ। ਖਾਸ ਕਰਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਨੂੰ ਲੈ ਕੇ ਤਿੱਖਾ ਇਤਰਾਜ਼ ਜਤਾਇਆ ਹੈ, ਜਿਸ ਨਾਲ ਪੰਥਕ ਸਿਆਸਤ ਵਿੱਚ ਨਵੇਂ ਸਵਾਲ ਖੜ੍ਹੇ ਹੋ ਗਏ ਹਨ। ਕੀ ਇਹ ਬਾਦਲ ਦਲ ਨੂੰ ਗਿਆਨੀ ਹਰਪ੍ਰੀਤ ਸਿੰਘ ਤੋਂ ਖਤਰਾ ਮਹਿਸੂਸ ਹੋ ਰਿਹਾ ਹੈ ? ਕੀ ਧਾਰਮਿਕ ਅਹੁਦੇ ਛੱਡ ਕੇ ਸਿਆਸਤ ਵਿੱਚ ਆਉਣਾ ਗਲਤ ਹੈ ? ਅਤੇ ਗਿਆਨੀ ਹਰਪ੍ਰੀਤ ਸਿੰਘ ਪਿੱਛੇ ਜਾਤੀ ਵਿਤਕਰੇ ਵਾਲੇ ਹਮਲੇ ਕਿਉਂ ?

ਗਿਆਨੀ ਹਰਪ੍ਰੀਤ ਸਿੰਘ, ਜੋ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਰਹਿ ਚੁੱਕੇ ਹਨ ਅਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਸੇਵਾ ਨਿਭਾਈ ਹੈ, ਨੇ ਹਾਲ ਹੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨੂੰ ਲੀਡ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਧੜਾ ਉਹਨਾਂ ਆਗੂਆਂ ਨੇ ਬਣਾਇਆ ਹੈ ਜੋ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਚੁਣੌਤੀ ਦੇ ਰਹੇ ਸਨ। ਬਾਗੀ ਆਗੂਆਂ ਨੇ ਦਸੰਬਰ 2024 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਨਾਮੇ ਦਾ ਹਵਾਲਾ ਦਿੱਤਾ ਹੈ, ਜਿਸ ਵਿੱਚ ਪਾਰਟੀ ਨੂੰ ਨਵੀਂ ਮੈਂਬਰਸ਼ਿਪ ਅਤੇ ਏਕਤਾ ਵੱਲ ਵਧਣ ਲਈ ਕਿਹਾ ਗਿਆ ਸੀ। ਪਰ ਬਾਦਲ ਧੜੇ ਨੇ ਇਸ ਨੂੰ ਨਜ਼ਰਅੰਦਾਜ਼ ਕਰ ਕੇ ਸੁਖਬੀਰ ਨੂੰ ਮੁੜ ਪ੍ਰਧਾਨ ਚੁਣ ਲਿਆ, ਜਿਸ ਨਾਲ ਬਾਗੀ ਗਰੁੱਪ ਨੇ ਵੱਖਰਾ ਰਾਹ ਅਪਣਾ ਲਿਆ। ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਧੜੇ ਦੇ ਪ੍ਰਧਾਨ ਵਜੋਂ ਚੁਣੇ ਜਾਣ ਨਾਲ ਪੰਥਕ ਸਿਆਸਤ ਵਿੱਚ ਹਲਚਲ ਮਚ ਗਈ ਹੈ, ਕਿਉਂਕਿ ਉਹ ਇੱਕ ਦਲਿਤ ਬੈਕਗ੍ਰਾਊਂਡ ਵਾਲੇ ਆਗੂ ਹਨ ਅਤੇ ਪੰਜਾਬ ਵਿੱਚ ਅਕਾਲੀ ਦਲ ਨੂੰ ਨਵਾਂ ਰੰਗ ਦੇ ਸਕਦੇ ਹਨ।

ਪਰ ਇਸ ਫ਼ੈਸਲੇ ਨੇ ਬਾਦਲ ਦਲ ਨੂੰ ਚੁਣੌਤੀ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੁੱਲ੍ਹ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਨਿਸ਼ਾਨਾ ਬਣਾਇਆ ਹੈ। ਉਹਨਾਂ ਨੇ ਕਿਹਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਅਕਾਲੀ ਦਲ ਨੂੰ ਤੋੜਨ ਦੀ ਸਾਜ਼ਿਸ਼ ਰਚ ਰਹੇ ਹਨ ਅਤੇ ਇਹ ਸਿੱਖ ਪੰਥ ਦੀ ਸਿਆਸਤ ਨੂੰ ਕਮਜ਼ੋਰ ਕਰਨ ਵਾਲਾ ਕਦਮ ਹੈ। ਬਾਦਲ ਨੇ ਇਹ ਵੀ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਨਜ਼ਰਅੰਦਾਜ਼ ਕੀਤਾ ਹੈ ਜਿਸ ਵਿੱਚ ਵੱਖਰੇ ਧੜੇ ਬਣਾਉਣ ਤੋਂ ਮਨ੍ਹਾ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਬਾਦਲ ਧੜੇ ਦੇ ਆਗੂਆਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਬੀ.ਜੇ.ਪੀ. ਨਾਲ ਗੁਪਤ ਸਮਝੌਤੇ ਦਾ ਦੋਸ਼ ਵੀ ਲਾਇਆ ਹੈ।

ਬਾਦਲ ਦਲ ਵੱਲੋਂ ਇਸ ਵਿਰੋਧਤਾ ਪਿੱਛੇ ਇੱਕ ਵੱਡਾ ਕਾਰਨ ਗਿਆਨੀ ਹਰਪ੍ਰੀਤ ਸਿੰਘ ਦੀ ਵਧਦੀ ਲੋਕਪ੍ਰਿਅਤਾ ਅਤੇ ਉਹਨਾਂ ਦੀ ਨਿਰਪੱਖ ਛਵੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਜਥੇਦਾਰ ਵਜੋਂ ਕਈ ਵਿਵਾਦਾਂ ਵਿੱਚ ਨਿਰਪੱਖ ਫ਼ੈਸਲੇ ਲਏ ਹਨ, ਜਿਵੇਂ ਕਿ ਬਾਦਲ ਦਲ ਦੇ ਗੁਨਾਹਗਾਰ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਤਲਬ ਕਰਨਾ ਅਤੇ ਪੰਥਕ ਮਸਲਿਆਂ ’ਤੇ ਤਿੱਖੇ ਬਿਆਨ ਦੇਣਾ।

ਇਸ ਨਾਲ ਬਾਦਲ ਦਲ ਨੂੰ ਡਰ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨਵੇਂ ਧੜੇ ਨੂੰ ਮਜ਼ਬੂਤ ਕਰ ਕੇ ਅਕਾਲੀ ਦਲ ਦੇ ਪੁਰਾਣੇ ਵੋਟ ਬੈਂਕ ਨੂੰ ਤੋੜ ਸਕਦੇ ਹਨ, ਖਾਸ ਕਰਕੇ ਦਲਿਤ ਅਤੇ ਪੰਥਕ ਵਰਗ ਵਿੱਚ।

**ਗਿਆਨੀ ਰਘਬੀਰ ਸਿੰਘ ਹੁਣ ਕਿਉਂ ਸਰਗਰਮ ?**

ਗਿਆਨੀ ਰਘਬੀਰ ਸਿੰਘ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਹਨ, ਨੇ ਗਿਆਨੀ ਹਰਪ੍ਰੀਤ ਸਿੰਘ ਦੇ ਸਿਆਸਤ ਵਿੱਚ ਆਉਣ ਨੂੰ ਗਲਤ ਠਹਿਰਾਇਆ ਹੈ। ਉਹਨਾਂ ਨੇ ਕਿਹਾ ਹੈ ਕਿ ਗੁਰੂ ਰਾਮਦਾਸ ਜੀ ਦੇ ਦਰ ਦੀ ਸੇਵਾ ਤੋਂ ਵੱਡੀ ਕੋਈ ਸੇਵਾ ਨਹੀਂ ਅਤੇ ਇਸ ਨੂੰ ਛੱਡ ਕੇ ਕਿਸੇ ਹੋਰ ਦੀ ਚਾਕਰੀ ਵਿੱਚ ਜਾਣਾ ਠੀਕ ਨਹੀਂ। ਉਹਨਾਂ ਨੇ ਬਾਬਾ ਬੁੱਢਾ ਜੀ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਹੈ ਕਿ ਗ੍ਰੰਥੀ ਹੋ ਕੇ ਵੀ ਉਹ ਪੰਥਕ ਸੇਵਾ ਵਿੱਚ ਰਹੇ ਪਰ ਸਿਆਸੀ ਅਹੁਦੇ ਨਹੀਂ ਲਏ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜਥੇਦਾਰੀ ਦੀ ਪਦਵੀ ਪ੍ਰਧਾਨਗੀ ਨਾਲੋਂ ਵੱਡੀ ਹੈ ਅਤੇ ਗੁਰੂ ਦੇ ਦਰ ਨੂੰ ਛੱਡ ਕੇ ਸਿਆਸਤ ਵਿੱਚ ਜਾਣਾ ਅਸੰਭਵ ਹੈ। ਇਹ ਇਤਰਾਜ਼ ਭਾਵੇਂ ਧਾਰਮਿਕ ਨਜ਼ਰੀਏ ਤੋਂ ਹੈ ਪਰ ਇਸ ਨੂੰ ਬਾਦਲ ਧੜੇ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ, ਕਿਉਂਕਿ ਗਿਆਨੀ ਰਘਬੀਰ ਸਿੰਘ ਨੂੰ ਐੱਸ.ਜੀ.ਪੀ.ਸੀ. ਵੱਲੋਂ ਨਿਯੁਕਤ ਕੀਤਾ ਗਿਆ ਹੈ, ਜੋ ਬਾਦਲ ਦਲ ਦੇ ਕੰਟਰੋਲ ਵਿਚ ਹੈ। ਪਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਇਤਰਾਜ਼ ਨੂੰ ਤਿੱਖਾ ਜਵਾਬ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਉਹ ਗੁਰੂ ਦੀ ਸੇਵਾ ਛੱਡ ਕੇ ਕੋਈ ਵਪਾਰ ਜਾਂ ਨਿੱਜੀ ਕੰਮ ਨਹੀਂ ਕਰ ਰਹੇ, ਹੋਟਲ ਨਹੀਂ ਖੋਲ੍ਹ ਰਹੇ, ਬਲਕਿ ਪੰਥ ਅਤੇ ਕੌਮ ਦੀ ਸੇਵਾ ਲਈ ਸਿਆਸਤ ਵਿੱਚ ਆਏ ਹਨ। ਉਹਨਾਂ ਨੇ ਕਿਹਾ ਕਿ ਜੇ ਵਿਅਕਤੀ ਦੀ ਸੇਵਾ ਵੱਡੀ ਹੁੰਦੀ ਤਾਂ ਉਹ ਅੱਜ ਵੀ ਜਥੇਦਾਰੀ ਕਰਦੇ ਹੁੰਦੇ ਪਰ ਪੰਥ ਦੀ ਸੇਵਾ ਉੱਥੇ ਵੀ ਕੀਤੀ ਅਤੇ ਇੱਥੇ ਵੀ ਕਰਨੀ ਹੈ। ਉਹਨਾਂ ਨੇ ਕਿਹਾ ਕਿ ਉਹ ਨਾ ਮੰਤਰੀ ਬਣਨਾ ਚਾਹੁੰਦੇ ਹਨ ਨਾ ਮੁੱਖ ਮੰਤਰੀ, ਸਿਰਫ਼ ਪੰਥ ਦੀ ਸੇਵਾ ਕਰਨੀ ਹੈ ਜਿੰਨੀ ਅਕਾਲ ਪੁਰਖ ਨੇ ਲਿਖੀ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਗਿਆਨੀ ਰਘਬੀਰ ਸਿੰਘ ਦਾ ਬਾਬਾ ਬੁੱਢਾ ਜੀ ਨੂੰ ਗ੍ਰੰਥੀਆਂ ਨਾਲ ਤੁਲਨਾ ਕਰਨਾ ਗਲਤ ਹੈ। ਬਾਬਾ ਬੁੱਢਾ ਜੀ ਸਿਰਫ਼ ਦਰਬਾਰ ਸਾਹਿਬ ਦੇ ਗ੍ਰੰਥੀ ਨਹੀਂ ਸਨ। ਉਹਨਾਂ ਨੇ ਕਿਰਤ ਕਰਕੇ ਗੁਜ਼ਾਰਾ ਕੀਤਾ ਤੇ ਗੁਰਗੱਦੀ ਦੀ ਰੱਖਿਆ ਕੀਤੀ, ਗੁਰੂ ਹਰਗੋਬਿੰਦ ਸਾਹਿਬ ਨੂੰ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਅਤੇ ਸਿੱਖ ਪੰਥ ਨੂੰ ਸ਼ਸਤਰ ਵਿੱਦਿਆ ਵੱਲ ਤੋਰਿਆ। ਪਰ ਕੀ ਅੱਜ ਦੇ ਗ੍ਰੰਥੀ ਅਜਿਹੀ ਅਗਵਾਈ ਦੇ ਸਮਰਥ ਹਨ ? ਉਹ ਤਾਂ ਲੋਭ ,ਲਾਲਚਾਂ ਕਾਰਨ ਸਿੱਖ ਸਿਧਾਂਤ ਤਿਆਗ ਕੇ ਪੰਥ ਨੂੰ ਪਿਠ ਦਿਖਾ ਜਾਂਦੇ ਹਨ। ਜਿਵੇਂ ਗਿਆਨੀ ਗੁਰਬਚਨ ਸਿੰਘ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਵਜੋਂ ਸਿਆਸੀ ਦਬਾਅ ਅਧੀਨ ਸੌਦਾ ਸਾਧ ਨੂੰ ਮਾਫ਼ ਕੀਤਾ।

ਇਸ ਸਿਆਸਤ ਵਿੱਚ ਜਾਤੀ ਵਿਤਕਰੇ ਵਾਲਾ ਪਹਿਲੂ ਵੀ ਸਾਹਮਣੇ ਆ ਰਿਹਾ ਹੈ। ਬਾਦਲ ਧੜੇ ਦੀ ਮੀਟਿੰਗ ਵਿੱਚ ਇੱਕ ਆਗੂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਰਾਸੀ ਜਾਤ ਦਾ ਕਿਹਾ ਹੈ ਅਤੇ ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਮੌਜੂਦਗੀ ਵਿੱਚ ਇਹ ਬਿਆਨ ਦਿੱਤਾ ਗਿਆ ਪਰ ਧਾਮੀ ਨੇ ਕੁਝ ਨਹੀਂ ਬੋਲਿਆ। ਇਸ ਨੇ ਵੱਡੀ ਬਹਿਸ ਛੇੜ ਦਿੱਤੀ ਹੈ ਕਿ ਕੀ ਸਿੱਖ ਧਰਮ ਵਿੱਚ ਮਨੂ ਸਿਮਰਤੀ ਅਨੁਸਾਰ ਜਾਤੀ ਵਿਤਕਰੇ ਦਾ ਅਸੂਲ ਹੈ ਜਾਂ ਗੁਰੂ ਦੇ ਸਿਧਾਂਤ ਅਨੁਸਾਰ ਜਾਤ ਕੋਈ ਅਰਥ ਨਹੀਂ ਰਖਦੀ। ਇਸ ਜਾਤੀ ਹਉਮੈਂ ਤੇ ਵਿਤਕਰੇ ਕਾਰਨ ਸਿੱਖ ਸਿਆਸਤ ਨਿਘਰੀ ਹੈ। ਅਜਿਹਾ ਨੈਗੇਟਿਵ ਗੁਰੂ ਦੀ ਪਾਤਸ਼ਾਹੀ ਨੂੰ ਚੈਲਿੰਜ ਹੈ।

ਇਹ ਬਿਆਨ ਗੁਰੂ ਨਾਨਕ ਦੇਵ ਜੀ ਦੇ ਬਰਾਬਰੀ ਵਾਲੇ ਸਿਧਾਂਤ ਨੂੰ ਚੁਣੌਤੀ ਦਿੰਦਾ ਹੈ ਅਤੇ ਪੰਜਾਬ ਵਿੱਚ ਜਾਤੀ ਵਿਤਕਰੇ ਨੂੰ ਉਜਾਗਰ ਕਰਦਾ ਹੈ। ਗਿਆਨੀ ਹਰਪ੍ਰੀਤ ਸਿੰਘ ਇੱਕ ਦਲਿਤ ਆਗੂ ਵਜੋਂ ਉੱਭਰ ਰਹੇ ਹਨ ਜੋ ਅਕਾਲੀ ਦਲ ਨੂੰ ਨਵਾਂ ਆਧਾਰ ਦੇ ਸਕਦੇ ਹਨ ਪਰ ਬਾਦਲ ਧੜੇ ਨੂੰ ਇਹ ਪਸੰਦ ਨਹੀਂ। ਕੁਝ ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਬਾਦਲ ਦਲ ਨੂੰ ਗਿਆਨੀ ਹਰਪ੍ਰੀਤ ਸਿੰਘ ਤੋਂ ਖਤਰਾ ਹੈ ਇਸ ਲਈ ਜਾਤੀ ਹਮਲੇ ਕੀਤੇ ਜਾ ਰਹੇ ਹਨ।

ਇਸ ਸਾਰੇ ਮਾਮਲੇ ਵਿੱਚ ਪੰਜਾਬ ਦੀ ਸਿਆਸਤ ਨੂੰ ਨਵਾਂ ਮੋੜ ਮਿਲ ਰਿਹਾ ਹੈ। ਬਾਦਲ ਦਲ ਦੀ ਵਿਰੋਧਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੇ ਇਤਰਾਜ਼ ਨੇ ਇਸ ਨੂੰ ਵਿਵਾਦੀ ਬਣਾ ਦਿੱਤਾ ਹੈ ਪਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਨੂੰ ਪੰਥਕ ਸੇਵਾ ਵਜੋਂ ਪੇਸ਼ ਕੀਤਾ ਹੈ। ਕੀ ਇਹ ਨਵਾਂ ਧੜਾ ਅਕਾਲੀ ਦਲ ਨੂੰ ਮੁੜ ਜਿਉਂਦਾ ਕਰੇਗਾ ਜਾਂ ਵੰਡ ਵਧਾਏਗਾ, ਇਹ ਵੇਖਣ ਵਾਲੀ ਗੱਲ ਹੈ। ?

## ਨਾਰਾਜ਼ ਟਕਸਾਲੀ ਵਰਕਰਾਂ ਨੂੰ ਅਕਾਲੀ ਦਲ ਨਾਲ ਜੋੜਿਆ ਜਾਵੇਗਾ : ਗਿ. ਹਰਪ੍ਰੀਤ ਸਿੰਘ

ਫਤਹਿਗੜ੍ਹ ਸਾਹਿਬ/ਏ.ਟੀ.ਨਿਊਜ਼: ਨਵੇਂ ਹੋਂਦ ਵਿੱਚ ਆਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਨਾਮ ਦੀ ਵਰਤੋਂ ਸਬੰਧੀ ਹਰ ਤਰ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਨਾਲ ਨਜਿੱਠਣ ਲਈ ਤਿਆਰ ਹਨ ਅਤੇ ਅਦਾਲਤਾਂ ਵਿੱਚ ਇਸ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ।

ਫਤਿਹਗੜ੍ਹ ਸਾਹਿਬ ਪਹੁੰਚੇ ਗਿਆਨੀ ਹਰਪ੍ਰੀਤ ਸਿੰਘ ਦਾ ਅਕਾਲੀ ਦਲ ਦੇ ਵਰਕਰਾਂ ਨੇ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਨਾਰਾਜ਼ ਹੋ ਕੇ ਘਰਾਂ ਵਿੱਚ ਬੈਠੇ ਟਕਸਾਲੀ ਅਕਾਲੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰਨ ਦੇ ਯਤਨ ਕੀਤੇ ਜਾਣਗੇ। ਆਗਾਮੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਪਾਰਟੀ ਮੰਚ ’ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਤਰੱਕੀ ਅਤੇ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਨੌਜਵਾਨ ਅੱਗੇ ਆਉਣ ਤੇ ਖੇਤਰੀ ਤਾਕਤ ਨੂੰ ਮਜ਼ਬੂਤ ਕਰਨ।

# ਖਾੜੀ ਦੇਸ਼ਾਂ ਵੱਲ ਪੰਜਾਬੀਆਂ ਦਾ ਪਰਵਾਸ ਕਿਉਂ ਜਾਰੀ ?

## ਸਾਢੇ ਚਾਰ ਸਾਲਾਂ ’ਚ 52,643 ਪੰਜਾਬੀ ਅਰਬ ਮੁਲਕਾਂ ਵਿੱਚ ਮਜ਼ਦੂਰੀ ਲਈ ਗਏ

ਪੰਜਾਬੀ ਮੁੰਡੇ-ਕੁੜੀਆਂ ਦਾ ਖਾੜੀ ਦੇਸ਼ਾਂ ਵੱਲ ਮਜ਼ਦੂਰੀ ਲਈ ਜਾਣ ਦਾ ਸਿਲਸਿਲਾ ਕੋਈ ਨਵੀਂ ਗੱਲ ਨਹੀਂ। ਬੀਤੇ ਸਾਢੇ ਚਾਰ ਸਾਲਾਂ ਵਿੱਚ 52,643 ਪੰਜਾਬੀ ਅਰਬ ਮੁਲਕਾਂ ਵਿੱਚ ਮਜ਼ਦੂਰੀ ਲਈ ਗਏ ਨੇ। ਵਿਦੇਸ਼ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਮੁਤਾਬਕ, ਸਾਲ 2020 ਤੋਂ 30 ਜੂਨ 2025 ਤੱਕ ਪੂਰੇ ਭਾਰਤ ਵਿਚੋਂ 16.06 ਲੱਖ ਵਰਕਰ 18 ਮੁਲਕਾਂ ਵੱਲ ਗਏ ਨੇ, ਜਿਨ੍ਹਾਂ ਵਿੱਚ ਪੰਜਾਬ ਦਾ ਹਿੱਸਾ ਵੀ ਚੰਗਾ-ਖਾਸਾ ਹੈ। ਪਰ ਗੱਲ ਇੱਥੇ ਦਿਲਚਸਪ ਇਹ ਹੈ ਕਿ ਜਿੱਥੇ ਪੰਜਾਬੀ ਮਜ਼ਦੂਰ ਖਾੜੀ ਦੇਸਾਂ ਵਿੱਚ ਜਾਣ ਲਈ ਅੱਗੇ-ਅੱਗੇ ਨੇ, ਉੱਥੇ ਹਰਿਆਣੇ ਦੇ ਲੋਕ ਇਸ ਮਾਮਲੇ ਵਿੱਚ ਕਾਫੀ ਪਿੱਛੇ ਨੇ। ਸਾਢੇ ਚਾਰ ਸਾਲਾਂ ਵਿੱਚ ਹਰਿਆਣੇ ਵਿਚੋਂ ਸਿਰਫ 5,589 ਵਰਕਰ ਹੀ ਖਾੜੀ ਮੁਲਕਾਂ ਵਿੱਚ ਗਏ, ਜਦਕਿ ਉੱਤਰ ਪ੍ਰਦੇਸ਼ 5.49 ਲੱਖ ਵਰਕਰਾਂ ਨਾਲ ਪਹਿਲੇ ਨੰਬਰ ’ਤੇ ਹੈ ਤੇ ਬਿਹਾਰ 2.84 ਲੱਖ ਨਾਲ ਦੂਜੇ ਨੰਬਰ ’ਤੇ।



**ਕਿਹੜੇ ਕਿਹੜੇ ਮੁਲਕਾਂ ਵਿੱਚ ਜਾਂਦੇ ਨੇ ਪੰਜਾਬੀ ?**

ਪੰਜਾਬੀ ਵਰਕਰ 18 ਮੁਲਕਾਂ ਵਿੱਚ ਜਾ ਰਹੇ ਨੇ, ਜਿਨ੍ਹਾਂ ’ਚ ਅਫਗਾਨਿਸਤਾਨ, ਬਹਿਰੀਨ, ਇੰਡੋਨੇਸ਼ੀਆ, ਇਰਾਕ, ਜਾਰਡਨ, ਕੁਵੈਤ, ਲਿਬੀਆ, ਮਲੇਸ਼ੀਆ, ਓਮਾਨ, ਕਤਰ, ਸਾਊਦੀ ਅਰਬ, ਸੂਡਾਨ, ਸੀਰੀਆ, ਥਾਈਲੈਂਡ, ਯੂਏਈ ਤੇ ਯਮਨ ਸ਼ਾਮਲ ਨੇ। ਇਨ੍ਹਾਂ ਮੁਲਕਾਂ ਲਈ ਇਮੀਗਰੇਸ਼ਨ ਚੈੱਕ ਰਿਕੁਆਇਰਡ (ਈਸੀਆਰ) ਪਾਸਪੋਰਟ ਜਾਰੀ ਹੁੰਦੇ ਨੇ, ਜੋ ਜ਼ਿਆਦਾਤਰ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਵਰਕਰਾਂ ਨੂੰ ਦਿੱਤੇ ਜਾਂਦੇ ਨੇ। ਸਾਲ 202 ਵਿੱਚ 30 ਜੂਨ ਤੱਕ 8,609 ਪੰਜਾਬੀ ਵਰਕਰ ਅਰਬ ਮੁਲਕਾਂ ਵਿੱਚ ਗਏ, ਜਦਕਿ 2024 ’ਚ ਇਹ ਗਿਣਤੀ 12,575 ਸੀ। ਇਨ੍ਹਾਂ ਮੁਲਕਾਂ ਵਿਚੋਂ ਕਈ ਦੇ ਹਾਲਾਤ ਨਾਜ਼ੁਕ ਨੇ, ਪਰ ਫਿਰ ਵੀ ਪੰਜਾਬੀ ਮੁੰਡੇ-ਕੁੜੀਆਂ ਨੂੰ ਰੋਟੀ-ਰੋਜ਼ੀ ਦੀ ਖਾਤਰ ਖਤਰੇ ਝਲਣੇ ਪੈਂਦੇ ਨੇ।

**ਖਾੜੀ ਮੁਲਕਾਂ ਵਿੱਚ ਕੀ ਕੰਮ-ਕਾਰੋਬਾਰ ਕਰਦੇ ਨੇ ਪੰਜਾਬੀ ?**

ਖਾੜੀ ਮੁਲਕਾਂ (ਬਾਕੀ ਸਫ਼ਾ 30 ’ਤੇ)

## ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਰਾਗੀ ਸ਼ਾਂਤ ਭਾਈ ਮਰਦਾਨਾ ਐਵਾਰਡ ਨਾਲ ਸਨਮਾਨਿਤ

ਜਲੰਧਰ/ਏ.ਟੀ.ਨਿਊਜ਼: ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਗੁਰਮਤਿ ਸੰਗੀਤ ਦੇ ਮਾਹਿਰ ਅਤੇ ਸ੍ਰੀਰਾਗਾਂ ਦੇ ਪ੍ਰਸਿੱਧ ਰਾਗੀ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਭਾਈ ਮਰਦਾਨਾ ਐਵਾਰਡ ਨਾਲ ਸਨਮਾਨਿਤ ਕਰਕੇ ਉਨ੍ਹਾਂ ਦੀਆਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਅਣਮੁੱਲੀਆਂ ਸੇਵਾਵਾਂ ਨੂੰ ਸਤਿਕਾਰਿਆ ਹੈ। ਇਸ ਮੌਕੇ ’ਤੇ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਥਕ ਸਖਸ਼ੀਅਤਾਂ ਕਮਲਜੀਤ ਸਿੰਘ ਟੋਨੀ ਐਕਟਿੰਗ ਪ੍ਰਧਾਨ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਜਲੰਧਰ,



ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ, ਮਨਜੀਤ ਸਿੰਘ ਠੁਕਰਾਲ, ਸੰਤੋਖ ਸਿੰਘ ਦਿੱਲੀ ਪੇਂਟ, ਦਵਿੰਦਰ ਸਿੰਘ ਅਨੰਦ, ਹਰਦੇਵ ਸਿੰਘ ਗਰਚਾ, ਸਾਹਿਬ ਸਿੰਘ ਆਰਟਿਸਟ, ਸੰਦੀਪ ਸਿੰਘ ਚਾਵਲਾ , ਅਰਿੰਦਰਜੀਤ ਸਿੰਘ ਚੱਡਾ ਗੁਰਮਤਿ ਸੰਗੀਤ ਦੇ ਪ੍ਰੇਮੀਆਂ ਅਤੇ ਸੰਗਤ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।

ਸਮਾਗਮ ਦੌਰਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ,‘ ਗੁਰੂ ਸਾਹਿਬਾਨ ਨੇ ਸਾਨੂੰ 31 ਰਾਗਾਂ ਅਨੁਸਾਰ ਗੁਰਬਾਣੀ ਦਾ ਕੀਰਤਨ ਕਰਨ ਦਾ (ਬਾਕੀ ਸਫ਼ਾ 30 ’ਤੇ)

# ਪੰਜਾਬ ਦੇ ਮੁੱਦਿਆਂ ਦੀ ਗੱਲ ਕਰਨ ਵਾਲੀ ਪਾਰਟੀ ਨਾਲ ਚੋਣ ਸਮਝੌਤਾ ਸੰਭਵ: ਗਿ. ਹਰਪ੍ਰੀਤ ਸਿੰਘ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਪਾਰਟੀ ਦਾ ਪ੍ਰਧਾਨ ਥਾਪੇ ਜਾਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਇਕਬਾਲ ਸਿੰਘ ਝੂੰਦਾ, ਸੁੱਚਾ ਸਿੰਘ ਛੋਟੇਪੁਰ ਸਮੇਤ ਵੱਡੀ ਗਿਣਤੀ ਸਾਥੀਆਂ ਦੇ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨਤਮਸਤਕ ਹੋਏ। ਇਸ ਮੌਕੇ ਪਾਰਟੀ ਵਰਕਰਾਂ ਨੇ ਉਨ੍ਹਾਂ ਦੇ ਸਿਰੋਪਾਓ ਤੇ ਹਾਰ ਪਾ ਕੇ ਉਨ੍ਹਾਂ ਦਾ ਸਨਮਾਨ ਕੀਤਾ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਅਤੇ ਉਹ ਪਰਮਾਤਮਾ ਦਾ ਸ਼ੁਕਰਗੁਜ਼ਾਰ ਕਰਨ ਲਈ ਤਖ਼ਤ ਸਾਹਿਬ ਨਤਮਸਤਕ ਹੋਏ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਬੁਰੀ ਤਰ੍ਹਾਂ ਫੇਲ ਹੋਈ ਹੈ ਅਤੇ ਕੇਂਦਰ ਵੱਲੋਂ ਸੜਕਾਂ ਬਣਾਉਣ ਲਈ ਦਿੱਤਾ ਗਿਆ 800 ਕਰੋੜ ਰੁਪਿਆ ਵਾਪਿਸ ਹੋਣਾ ਪੰਜਾਬ ਸਰਕਾਰ ਦੀ ਨਲਾਇਕੀ ਹੈ। ਭਾਜਪਾ ਨਾਲ ਚੋਣ ਸਮਝੌਤਾ ਕਰਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਾਂਗਰਸ ਨੂੰ ਛੱਡ ਕੇ ਹਰ ਉਸ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਜਾ ਸਕਦਾ ਹੈ ਜਿਹੜੀ ਪਾਰਟੀ ਪੰਜਾਬ ਤੇ ਪੰਜਾਬੀਅਤ ਨਾਲ ਸੰਬੰਧਿਤ ਵੱਖ-ਵੱਖ ਮੁੱਦਿਆਂ 'ਤੇ ਉਨ੍ਹਾਂ ਦਾ ਸਾਥ ਦੇਵੇਗੀ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਪਾਰਟੀ ਲਈ ਪੰਜਾਬ ਦੇ ਮੁੱਦੇ ਅਹਿਮ ਹਨ ਤੇ ਸੱਤਾ 'ਤੇ ਕਾਬਜ਼ ਹੋਣਾ ਜ਼ਰੂਰੀ ਨਹੀਂ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਲਦ ਪਾਰਟੀ ਦਾ ਜਥੇਬੰਦਕ ਢਾਂਚਾ ਬਣਾਇਆ ਜਾਵੇਗਾ ਤੇ ਸਰਬ ਸੰਮਤੀ ਨਾਲ ਸਾਰੇ ਫੈਸਲੇ ਲਏ ਜਾਣਗੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਲੈਣ ਤੋਂ ਬਾਅਦ ਪੂਰੇ ਪਾਰਦਰਸ਼ੀ ਢੰਗ ਨਾਲ ਇਸ ਪ੍ਰਬੰਧ ਨੂੰ ਚਲਾਇਆ ਜਾਵੇਗਾ। ਜਥੇਦਾਰਾਂ ਦੀ ਨਿਯੁਕਤੀ ਤੇ ਬਰਖ਼ਾਸਤਗੀ ਬਾਰੇ ਨਿਯਮਾਂ ਸੰਬੰਧੀ ਬੋਲਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਜਿੱਤਣ ਤੋਂ ਬਾਅਦ ਇਹ ਸਾਰੇ ਨਿਯਮ ਬਣਾਏ ਜਾਣਗੇ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਰੁਤਬਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੋਂ ਵੀ ਵੱਡਾ ਕੀਤਾ ਜਾਵੇਗਾ। ਇਸ ਮੌਕੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਧੜੇ ਨਾਲ ਜੁੜੇ ਹੋਏ ਸਾਰੇ ਆਗੂਆਂ ਨੂੰ ਅਪੀਲ ਕੀਤੀ ਕਿ ਹੁਣ ਵੱਖ-ਵੱਖ ਚੁੱਲ੍ਹੇ ਸਮੇਟਣ ਦਾ ਸਮਾਂ ਹੈ ਤੇ ਪੰਥ ਵੱਲੋਂ ਪ੍ਰਵਾਨਿਤ ਆਗੂ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਸਾਰਿਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ ਤਾਂ ਜੋ ਪੰਜਾਬ ਨੂੰ ਬਚਾਇਆ ਜਾ ਸਕੇ।

## ਇਸ ਵੇਲੇ ਸਿੱਖ ਕੌਮ ਸਾਹਮਣੇ ਹਨ ਵੱਡੀਆਂ ਚੁਣੌਤੀਆਂ: ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਅਕਾਲੀ ਦਲ ਦਾ ਪ੍ਰਧਾਨ ਬਣਨ 'ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾਂ ਨੂੰ ਨੈਤਿਕ ਤੌਰ 'ਤੇ ਅਕਾਲੀ ਦਲ ਦਾ ਪ੍ਰਧਾਨ ਨਹੀਂ ਬਣਨਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਸ ਵੇਲੇ ਸਿੱਖ ਕੌਮ ਸਾਹਮਣੇ ਵੱਡੀਆਂ ਚੁਣੌਤੀਆਂ ਹਨ ਅਤੇ ਇਨ੍ਹਾਂ ਦਾ ਸਾਰਿਆਂ ਨੂੰ ਮਿਲ ਕੇ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਕੌਮ ਨੂੰ ਧੜਿਆਂ ਵਿੱਚ ਵੰਡਣ ਦੀ ਥਾਂ ਇੱਕਜੁੱਟ ਹੋਣਾ ਚਾਹੀਦਾ ਹੈ। ਜਥੇਦਾਰ ਗੜਗੱਜ ਇੱਥੇ ਖਾਲਸਾ ਕਾਲਜ ਵਿੱਚ ਅਰਦਾਸ ਸਮਾਗਮ 'ਚ ਸ਼ਾਮਲ ਹੋਣ ਲਈ ਪੁੱਜੇ ਸਨ। ਇਸ ਦੌਰਾਨ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵਰਤੀ ਗਈ ਸ਼ਬਦਾਵਲੀ 'ਤੇ ਵੀ ਇਤਰਾਜ਼ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਕੌਮ ਦੇ ਜਥੇਦਾਰ ਰਹੇ ਹਨ ਅਤੇ ਉਨ੍ਹਾਂ ਨੂੰ ਮਿੱਠ ਬੋਲੜਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਅਕਾਲੀ ਦਲ ਪੰਜਾਬ ਦੀ ਗੱਲ ਕਰਦਾ ਹੈ, ਪੰਜਾਬ ਦੀ ਜ਼ਮੀਨ ਨੂੰ ਬਚਾਉਣ ਲਈ ਗੱਲ ਕਰਦਾ ਹੈ, ਸਿੱਖ ਪਛਾਣ ਅਤੇ ਸਿੱਖ ਮੁੱਦਿਆਂ ਦੀ ਗੱਲ ਕਰਦਾ ਹੈ, ਪੂਰੀ ਦੁਨੀਆ ਵਿੱਚ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੀ ਗੱਲ ਕਰਦਾ ਹੈ, ਉਹੀ ਅਸਲੀ ਅਕਾਲੀ ਦਲ ਹੈ।

**ਦੋ ਦਸੰਬਰ ਦੇ ਹੁਕਮਨਾਮੇ ਦੀ ਨਹੀਂ ਹੋਈ ਪਾਲਣਾ**



ਉਨ੍ਹਾਂ ਕਿਹਾ ਕਿ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ ਹੁਕਮਨਾਮੇ ਦੀ ਮੂਲ ਭਾਵਨਾ ਸਭ ਨੂੰ ਇਕੱਠਿਆਂ ਕਰਨਾ ਸੀ ਪਰ ਇਸ ਦੀ ਇੰਨ-ਬਿੰਨ ਪਾਲਣਾ ਨਹੀਂ ਹੋਈ। ਬਿਨਾਂ ਕਿਸੇ ਦਾ ਨਾਂ ਲਏ ਉਨ੍ਹਾਂ ਦੋਸ਼ ਲਾਇਆ ਕਿ ਹਰੇਕ ਨੇ ਆਪਣੇ ਨਿੱਜੀ ਮੁਫ਼ਾਦ ਅੱਗੇ ਰੱਖੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਅਕਾਲੀ ਧੜਿਆਂ ਦੀ ਲੜਾਈ, ਪੰਥ ਦੀ ਲੜਾਈ ਨਹੀਂ ਸਗੋਂ ਇਹ ਧੜਿਆਂ ਦੀ ਲੜਾਈ ਹੈ। ਅਕਾਲੀ ਧੜੇ ਪਹਿਲਾਂ ਵੀ ਲੜਦੇ ਰਹੇ ਹਨ, ਧੜੇ ਪਹਿਲਾਂ ਵੀ ਨਵੇਂ ਬਣਦੇ ਰਹੇ ਹਨ। ਇਸ ਲਈ ਜੇ ਕੋਈ ਪ੍ਰਧਾਨ ਬਣਿਆ ਹੈ ਤਾਂ ਉਸਨੂੰ ਮੁਬਾਰਕ ਹੈ, ਪਰ ਇਸ ਵੇਲੇ ਕੌਮ ਉੱਤੇ ਬਾਹਰੋਂ ਹਮਲੇ ਹੋ ਰਹੇ ਹਨ, ਇਸ ਲਈ ਇਕੱਠੇ ਹੋ ਕੇ ਚੱਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੌਮ ਦੇ ਵੱਡੇ ਹਿੱਤਾਂ ਲਈ ਇੱਕਜੁੱਟ ਹੋਣ ਦੀ ਲੋੜ ਹੈ, ਵੱਖੋ-ਵੱਖਰੇ ਚੱਲਣਾ ਠੀਕ ਨਹੀਂ ਹੈ।

## ਅਸਾਮ ਤੋਂ ਸ੍ਰੀ ਆਨੰਦਪੁਰ ਸਾਹਿਬ ਤੱਕ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ 21 ਅਗਸਤ 2025 ਨੂੰ ਨੌਵੇਂ ਪਾਤਸ਼ਾਹ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਏ ਜਾ ਰਹੇ ਨਗਰ ਕੀਰਤਨ ਦੇ ਪ੍ਰਬੰਧਾਂ ਲਈ ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਜਥੇ ਨੂੰ ਅਰਦਾਸ ਕਰਕੇ ਰਵਾਨਾ ਕੀਤਾ ਗਿਆ।



ਇਸ ਮੌਕੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਅਸਾਮ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਲੋੜੀਂਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਮੈਂਬਰ ਜਗਸੀਰ ਸਿੰਘ ਮਾਂਗੇਆਣਾ ਅਤੇ ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ ਦੀ ਅਗਵਾਈ ਵਿੱਚ ਸ਼੍ਰੋਮਣੀ ਕਮੇਟੀ ਦਾ ਸਟਾਫ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਧੋਬੜੀ ਸਾਹਿਬ ਵਿਖੇ 20 ਅਗਸਤ ਰਾਤ ਨੂੰ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਸ਼ਿਰਕਤ ਕਰਨਗੀਆਂ। 21 ਅਗਸਤ ਨੂੰ ਸਵੇਰੇ ਗੁਰਦੁਆਰਾ ਧੋਬੜੀ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਵੱਖ-ਵੱਖ ਸੂਬਿਆਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਪੁੱਜੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਗਸੀਰ ਸਿੰਘ ਮਾਂਗੇਆਣਾ, ਸਕੱਤਰ ਪ੍ਰਤਾਪ ਸਿੰਘ,. ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਪ੍ਰਚਾਰ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਬਲਦੇਵ ਸਿੰਘ, ਦਵਿੰਦਰ ਸਿੰਘ ਖੁਸ਼ੀਪੁਰ, ਕਰਮਵੀਰ ਸਿੰਘ, ਸ਼ਿਵਰਾਜ ਸਿੰਘ, ਸਿਮਰਨਜੀਤ ਸਿੰਘ ਕੰਗ, ਸਹਾਇਕ ਸੁਪ੍ਰਿੰਟੈਂਡੈਂਟ ਸੁਰਜੀਤ ਸਿੰਘ ਰਾਣਾ ਅਤੇ ਹੋਰ ਕਰਮਚਾਰੀ ਮੌਜੂਦ ਸਨ।

## ਸ਼੍ਰੋਮਣੀ ਕਮੇਟੀ ਨੇ ਸਥਾਪਤ ਕੀਤੇ ਹੜ੍ਹ ਪੀੜਤਾਂ ਲਈ ਸਹਾਇਤਾ ਕੇਂਦਰ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਬਣੀ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਵੱਖ ਵੱਖ ਗੁਰਦੁਆਰਾ ਸਾਹਿਬਾਨ ਅੰਦਰ ਸਹਾਇਤਾ ਕੇਂਦਰ ਸਥਾਪਤ ਕੀਤੇ ਗਏ ਹਨ, ਤਾਂ ਜੋ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾ ਸਕੇ।



ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਮੁਸ਼ਕਿਲ ਸਮੇਂ ਮਾਨਵਤਾ ਨਾਲ ਖੜ੍ਹਨਾ ਸ਼੍ਰੋਮਣੀ ਕਮੇਟੀ ਆਪਣਾ ਫ਼ਰਜ਼ ਸਮਝਦੀ ਹੈ ਅਤੇ ਗੁਰੂ ਵੱਲੋਂ ਦਰਸਾਏ ਮਾਰਗ ਅਨੁਸਾਰ ਸਿੱਖ ਸੰਸਥਾ ਲੋੜਵੰਦਾਂ ਲਈ ਨਿਰੰਤਰ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨਾਂ ਤੋਂ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਕਈ ਇਲਾਕਿਆਂ ਵਿੱਚ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਵੱਖ ਵੱਖ ਗੁਰਦੁਆਰਾ ਸਾਹਿਬਾਨ ਅੰਦਰ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੀਆਂ ਵਸਤਾਂ ਦੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਦੀ ਸਹੂਲਤ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਰੋਪੜ, ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ, ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਕਪੂਰਥਲਾ, ਗੁਰਦੁਆਰਾ ਸ੍ਰੀ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਤਰਨ ਤਾਰਨ, ਗੁਰਦੁਆਰਾ ਭੱਠਾ ਸਾਹਿਬ ਪਾਤਸ਼ਾਹੀ ਦਸਵੀਂ ਕੋਟਲਾ ਨਿਹੰਗ ਰੋਪੜ, ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਰੂਪਨਗਰ, ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ ਮਾਛੀਵਾੜਾ, ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਾਮਦਾਸ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਗੁਰਦਾਸਪੁਰ, ਗੁਰਦੁਆਰਾ ਚੋਹਲਾ ਸਾਹਿਬ ਪਾਤਸ਼ਾਹੀ ਪੰਜਵੀਂ ਤਰਨ ਤਾਰਨ, ਗੁਰਦੁਆਰਾ ਗੁਰੂਸਰ ਜਾਮਨੀ ਸਾਹਿਬ ਪਾਤਸ਼ਾਹੀ ਦਸਵੀਂ ਬਜ਼ੀਦਪੁਰ ਫਿਰੋਜ਼ਪੁਰ, ਗੁਰਦੁਆਰਾ ਪ੍ਰਕਾਸ਼ ਅਸਥਾਨ ਭਾਈ ਲਾਲੂ ਜੀ ਡੱਲਾ ਕਪੂਰਥਲਾ, ਗੁਰਦੁਆਰਾ ਭਾਈ ਤਾਰਾ ਸਿੰਘ ਸ਼ਹੀਦ ਪਿੰਡ ਵਾਂ ਤਰਨ ਤਾਰਨ, ਗੁਰਦੁਆਰਾ ਬਾਬਾ ਬੀਰ ਸਿੰਘ ਜੀ ਪਿੰਡ ਰੱਤੋਕੇ ਤਰਨ ਤਾਰਨ ਵਿਖੇ ਕੇਂਦਰ ਸਥਾਪਤ ਕੀਤੇ ਗਏ ਹਨ।

## ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਨਾਲ ਛੇੜਛਾੜ ਕਰਨ ਵਾਲਿਆਂ ਖ਼ਿਲਾਫ਼ ਹੋਵੇ ਸਖ਼ਤ ਕਾਰਵਾਈ: ਭਾਈ ਲੌਂਗੋਵਾਲ

ਲੌਂਗੋਵਾਲ/ਏ.ਟੀ.ਨਿਊਜ਼: ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਏ. ਆਈ. (ਮਸਨੂਈ ਬੁੱਧੀ) ਤਕਨੀਕ ਨਾਲ ਪੂਰੀ ਦੁਨੀਆ ਲਈ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਅਤੇ ਸਿੱਖਾਂ ਦੀ ਆਸਥਾ ਦੇ ਸਿਰਮੌਰ ਕੇਂਦਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਨਾਲ ਛੇੜਛਾੜ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਵਰਤਾਰੇ 'ਤੇ ਤੁਰੰਤ ਨੱਥ ਪਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਏ. ਆਈ. ਤਕਨੀਕ ਨਾਲ ਜੋ ਨਿੱਤ ਦਿਨ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ, ਉਹ ਨਾ-ਬਰਦਾਸ਼ਤਯੋਗ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਪੂਰੀ ਦੁਨੀਆ ਲਈ ਆਸਥਾ ਦਾ ਕੇਂਦਰ ਹੈ ਅਤੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਨਾਲ ਛੇੜਛਾੜ ਨਾ ਸਿਰਫ ਆਮ ਲੋਕਾਂ ਵਿੱਚ ਭਰਮ ਭੁਲੇਖੇ ਪੈਦਾ ਕਰਦੀ ਹੈ ਸਗੋਂ ਇਸ ਵਰਤਾਰੇ ਨਾਲ ਸਿੱਖ ਸੰਗਤ ਦੇ ਹਿਰਦੇ ਵੀ ਵਲੂੰਧਰੇ ਗਏ ਹਨ। ਇਸ ਤੋਂ ਇਲਾਵਾ ਭਾਰਤ ਦੇ ਮਹਾਨ ਅਰਥਸ਼ਾਸਤਰੀ ਡਾ. ਮਨਮੋਹਨ ਸਿੰਘ, ਜੋ ਕਿ ਸਿੱਖ ਕੌਮ ਦੇ ਪ੍ਰਤੀਨਿਧ ਦਸਤਾਰਧਾਰੀ ਪ੍ਰਧਾਨ ਮੰਤਰੀ ਸਨ, ਉਨ੍ਹਾਂ ਦੀ ਤਸਵੀਰ ਨੂੰ ਵਿਗਾੜ ਕੇ ਪੇਸ਼ ਕਰਨਾ ਨਿੰਦਣਯੋਗ ਵਰਤਾਰਾ ਹੈ। ਉਨ੍ਹਾਂ ਮੰਗ ਕੀਤੀ ਕਿ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਜਿਹੀ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਕਿ ਭਵਿੱਖ ਵਿੱਚ ਕੋਈ ਅਜਿਹਾ ਕਾਰਾ ਕਰਨ ਦੀ ਹਿੰਮਤ ਨਾ ਕਰ ਸਕੇ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਚੋਣ ਕਮਿਸ਼ਨ ਦੀ ਸ਼ੱਕੀ ਕਾਰਗੁਜ਼ਾਰੀ

ਪਿਛਲੇ ਕੁਝ ਦਿਨਾਂ ਤੋਂ ਚੋਣ ਕਮਿਸ਼ਨ ਤੇ ਰਾਹੁਲ ਗਾਂਧੀ ਦੇ ਵਿੱਚ ਇੱਕ ਜੰਗ ਲੱਗੀ ਹੋਈ ਹੈ। ਵੋਟ ਚੋਰੀ ਦਾ ਮਸਲਾ ਇਸ ਸਮੇਂ ਦੇਸ਼ ਦਾ ਸਭ ਤੋਂ ਵੱਡਾ ਮੁੱਦਾ ਬਣਿਆ ਹੋਇਆ ਹੈ ਤੇ ਬਣਨਾ ਵੀ ਚਾਹੀਦਾ ਹੈ। ਹੁਣ ਤੱਕ ਚੋਣ ਕਮਿਸ਼ਨ ਇੱਕ ਪਾਸੇ ਹੈ, ਤੇ ਦੂਜੇ ਪਾਸੇ ਸਾਰੀਆਂ ਵਿਰੋਧੀ ਪਾਰਟੀਆਂ ਇੱਕ ਜੁੱਟ ਹੋਈਆਂ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਹਨ। ਰਾਹੁਲ ਗਾਂਧੀ ਦਾ ਇਸ ਮਸਲੇ ਦੇ ਵਿੱਚ ਸਿੱਧਾ ਨਾਮ ਭਾਜਪਾ ਦਾ ਲੈ ਦੇਣਾ ਕਿ "ਚੋਣ ਕਮਿਸ਼ਨ ਵੋਟ ਚੋਰੀ ਕਰ ਰਹੀ ਹੈ ਬੀਜੇਪੀ ਦੇ ਲਈ।" ਸੁਣਦੇ ਸਾਰ ਹੀ ਚੋਣ ਕਮਿਸ਼ਨ, ਬੀਜੇਪੀ, ਆਈ.ਟੀ.ਸੈੱਲ ਤੇ ਵਿਕਿਆ ਹੋਇਆ ਮੀਡੀਆ ਵੋਟ ਚੋਰੀ ਦੀ ਅੱਗ ਨੂੰ ਬੁਝਾਉਣ ਦੇ ਵਿੱਚ ਪੱਬਾਂ ਭਾਰ ਹੋਏ ਬੈਠੇ ਹਨ। ਜ਼ੋਰ ਇਸ ਗੱਲ 'ਤੇ ਦਿੱਤਾ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਦੀਆਂ ਗੱਲਾਂ ਵਿੱਚ ਕੋਈ ਦਮ ਨਹੀਂ ਹੈ। ਚੋਣ ਕਮਿਸ਼ਨ ਨੇ ਕੋਈ ਗਲਤੀ ਨਹੀਂ ਕੀਤੀ। ਪਿਛਲੇ 10 ਸਾਲਾਂ ਦੇ ਵਿੱਚ ਝਾਤੀ ਮਾਰੀਏ ਤਾਂ ਵਿਰੋਧੀ ਧਿਰ ਨੇ ਏਨਾ ਵੱਡਾ ਮੁੱਦਾ ਕਦੇ ਨਹੀਂ ਚੁੱਕਿਆ ਕਿ ਜਿਸ ਨਾਲ ਸਰਕਾਰ ਨੂੰ ਕਟਹਿਰੇ ਦੇ ਵਿੱਚ ਖੜ੍ਹਾ ਕਰ ਦਿੱਤਾ ਜਾਵੇ। ਬੇਵੱਸ ਹੋਈ ਸਰਕਾਰ ਲੱਖ ਯਤਨਾਂ ਦੇ ਬਾਵਜੂਦ ਵੀ ਇਹ ਮਸਲੇ ਨੂੰ ਦਬਾ ਨਹੀਂ ਸਕੀ। ਅਚਾਨਕ ਇੱਕ ਦਿਨ ਰਾਹੁਲ ਗਾਂਧੀ ਪ੍ਰੈਸ ਕਾਨਫਰੰਸ ਕਰਦੇ ਨੇ ਅਤੇ ਸਾਲ 2024 ਦਾ ਲੋਕ ਸਭਾ ਦਾ ਡਾਟਾ ਦਿਖਾਇਆ ਜਾਂਦਾ ਹੈ। ਬਹੁਤ ਕੁਝ ਹਾਸੋਹੀਣਾ ਲੋਕਾਂ ਦੇ ਵਿੱਚ ਚਰਚਾ ਦਾ ਵਿਸ਼ਾ ਬਣਦਾ ਹੈ, ਜਦੋਂ ਇਹ ਪਤਾ ਚਲਦਾ ਹੈ ਕਿ ਮਹਾਰਾਸ਼ਟਰ ਦੇ ਵਿੱਚ ਇੱਕ ਕਰੋੜ ਨਵੇਂ ਵੋਟਰ ਪੰਜ ਮਹੀਨਿਆਂ ਦੇ ਵਿੱਚ ਹੀ ਜੋੜ ਲਏ ਗਏ। ਚਾਲੀ ਹਜ਼ਾਰ ਨੌਂ ਝੂਠੇ ਪਤੇ ਦੇ ਵੋਟਰ ਨਿਕਲੇ। ਹਜ਼ਾਰਾਂ ਲੋਕਾਂ ਦਾ ਹਾਊਸ ਨੰਬਰ ਜ਼ੀਰੋ ਦੱਸਿਆ ਗਿਆ। ਸਾਢੇ ਦਸ ਹਜ਼ਾਰ ਇੱਕੋ ਪਤੇ 'ਤੇ ਵੋਟਰ ਪਾਏ ਗਏ। ਅੱਸੀ ਲੋਕ ਇੱਕ ਕਮਰੇ ਵਿੱਚ ਰਹਿੰਦੇ ਦਿਖਾਏ ਗਏ। ਤੇ ਹੈਰਾਨੀ ਵਾਲੀ ਗੱਲ ਇਹ ਕਿ 140 ਵੋਟਰਾਂ ਦਾ ਇੱਕੋ ਹੀ ਬਾਪ ਦਿਖਾਇਆ ਗਿਆ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਰਾਹੁਲ ਗਾਂਧੀ ਨੇ ਉਜਾਗਰ ਕੀਤਾ। ਇੱਥੇ ਇੱਕ ਸਵਾਲ ਰਾਹੁਲ ਗਾਂਧੀ ਨੂੰ ਵੀ ਬਣਦਾ ਹੈ ਕਿ ਜੋ ਜਾਂਚ ਪੜਤਾਲ ਤੁਸੀਂ ਹੁਣ ਕਰ ਰਹੇ ਹੋ, ਉਹ ਪਹਿਲਾਂ ਕਿਉਂ ਨਹੀਂ ਕੀਤੀ ? ਵੋਟਾਂ ਸਮੇਂ ਵੋਟਰ ਲਿਸਟ ਤਾਂ ਸਾਰੀਆਂ ਪਾਰਟੀਆਂ ਨੂੰ ਦਿੱਤੀ ਜਾਂਦੀ ਹੈ, ਫਿਰ ਇਹ ਜਾਅਲੀ ਦਸਤਾਵੇਜ਼, ਬਿਨਾਂ ਫੋਟੋ ਤੋਂ ਲਿਸਟਾਂ, ਜਾਂ ਇੱਕ ਨਾਮ ਤੋਂ ਕਈ ਕਈ ਵੋਟਾਂ ਆਦਿ ਮਸਲੇ ਦੇ ਉੱਤੇ ਪਹਿਲਾਂ ਕਿਉਂ ਨਹੀਂ ਵੇਖਿਆ ਗਿਆ ? ਤੁਹਾਡੇ ਨੱਕ ਥੱਲੇ ਏਨਾ ਕੁਝ ਹੋ ਰਿਹਾ ਸੀ ਤੇ ਤੁਸੀਂ ਧਿਆਨ ਕਿਉਂ ਨਹੀਂ ਦਿੱਤਾ ? ਵੈਸੇ 'ਵੋਟ ਅਧਿਕਾਰ ਯਾਤਰਾ' ਰਾਹੁਲ ਗਾਂਧੀ ਨੇ ਬਿਹਾਰ ਦੇ ਵਿੱਚ ਸ਼ੁਰੂ ਕਰ ਦਿੱਤੀ ਹੈ ਤੇ ਬਿਹਾਰ ਦੇ ਵਿੱਚ ਇਹ ਇੱਕ ਵੱਡਾ ਮੁੱਦਾ ਬਣਿਆ ਹੋਇਆ ਹੈ।

ਚੋਣ ਕਮਿਸ਼ਨ ਇਸ ਮਸਲੇ ਦੇ ਉੱਤੇ ਜਵਾਬ ਜ਼ਿੰਮੇਵਾਰੀ ਵਾਲੇ ਨਹੀਂ ਸਗੋਂ ਬਚਕਾਨੇ ਦੇ ਰਿਹਾ ਹੈ। ਰਾਹੁਲ ਗਾਂਧੀ ਨੇ ਸੀ.ਸੀ.ਟੀ.ਵੀ.ਫੁਟੇਜ਼ ਦੀ ਮੰਗ ਕੀਤੀ ਪਰ ਚੋਣ ਕਮਿਸ਼ਨ ਨੇ ਕਿਹਾ ਕਿ ਰਾਹੁਲ ਗਾਂਧੀ ਇਹ ਫੁਟੇਜ਼ ਵੇਖ ਕੇ ਕੀ ਕਰੇਗਾ ? ਛੱਤੀ ਸੌ ਵਰ੍ਹੇ ਲੱਗ ਜਾਣਗੇ ਵੇਖਣ ਦੇ ਲਈ। ਚੋਣ ਕਮਿਸ਼ਨ ਦੇ ਕਮਿਸ਼ਨਰ ਗਿਆਨੇਸ਼ ਕੁਮਾਰ, ਜਿਹੜੇ ਕਿ ਉੱਚ ਸਿਖਿਆ ਪ੍ਰਾਪਤ ਸ਼ਖ਼ਸੀਅਤ ਹੈ, ਜਿਨ੍ਹਾਂ ਨੇ ਆਈ.ਆਈ.ਟੀ.ਕਾਨਪੁਰ ਤੋਂ ਕੀਤੀ ਹੈ, ਹਾਰਵਰਡ ਤੋਂ ਪੜ੍ਹੇ ਹੋਏ ਨੇ। ਆਈ.ਏ.ਐਸ. ਦਾ ਪੇਪਰ ਵੀ ਕਲੀਅਰ ਕੀਤਾ ਹੋਇਆ ਹੈ, ਉਹਨਾਂ ਦਾ ਜਵਾਬ ਦੁਚਿੱਤੀ ਵਿੱਚ ਪਾ ਦੇਣ ਵਾਲਾ ਸੀ। ਉਹਨਾਂ ਨੇ ਕਿਹਾ ਕਿ ਸੀ.ਸੀ.ਟੀ.ਵੀ. ਫੁਟੇਜ਼ ਅਸੀਂ ਇਸ ਲਈ ਨਹੀਂ ਦਿਖਾ ਸਕਦੇ ਕਿ ਪ੍ਰਾਈਵੇਸੀ ਦਾ ਮਸਲਾ ਹੈ। ਸਾਡੀਆਂ ਬਹੂ ਬੇਟੀਆਂ ਦਾ ਸਵਾਲ ਹੈ। ਪੂਰੇ ਦੇਸ਼ ਸਾਹਮਣੇ ਬਹੂ ਬੇਟੀਆਂ ਦਾ ਫੁਟੇਜ਼ ਅਸੀਂ ਕਿਵੇਂ ਦਿਖਾ ਸਕਦੇ ਹਾਂ ? ਸਾਰਾ ਦੇਸ਼ ਇਹ ਸੁਣਕੇ ਸਦਮੇ ਵਿੱਚ ਹੈ ਬਈ ਇੱਕ ਪਾਸੇ ਤਾਂ ਆਧਾਰ ਕਾਰਡ ਰਾਹੀਂ ਡਾਟਾ ਕੁਲੈਕਟ ਕਰਦੇ ਨੇ। ਇੱਥੋਂ ਤੱਕ ਕਿ ਇਨਕਮ ਟੈਕਸ ਰੂਲ ਵੀ ਬਦਲ ਦਿੱਤੇ ਨੇ ਜੇ ਟੈਕਸ ਚੋਰੀ ਦਾ ਸ਼ੱਕ ਸਰਕਾਰ ਨੂੰ ਹੋਇਆ ਤਾਂ ਤੁਹਾਡੀ ਪ੍ਰਾਈਵੇਸੀ ਨਾਲ ਸਾਨੂੰ ਕੋਈ ਲੈਣਾ ਦੇਣਾ ਨਹੀਂ। ਅਸੀਂ ਤੁਹਾਡੇ ਸੋਸ਼ਲ ਮੀਡੀਆ, ਈਮੇਲ, ਫੇਸਬੁੱਕ ਭਾਵ ਤੁਹਾਡੀ ਪ੍ਰਾਈਵੇਸੀ ਦੀ ਨਾੜ ਨਾੜ ਟੋਹ ਸਕਦੇ ਹਾਂ। ਇਹ ਸਭ ਲਈ ਕੋਈ ਪ੍ਰਾਈਵੇਸੀ ਨਹੀਂ ਹੈ ਪਰ ਬਹੂ ਬੇਟੀਆਂ ਦੀ ਚੋਣ ਕਮਿਸ਼ਨ ਚਿੰਤਾ ਜਤਾ ਰਿਹਾ ਹੈ। ਗਿਆਨੇਸ਼ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਰਾਹੁਲ ਗਾਂਧੀ ਨੂੰ ਇਸ ਮਸਲੇ 'ਤੇ ਦੇਸ਼ ਕੋਲੋਂ ਮਾਫ਼ੀ ਮੰਗਣੀ ਚਾਹੀਦੀ ਹੈ। ਇਹਨਾਂ ਦੋਸ਼ਾਂ ਦਾ ਕੋਈ ਬੇਸ ਨਹੀਂ ਹੈ। ਲੰਘੇ ਸਮੇਂ ਵਿੱਚ ਜੋ ਹੋ ਗਿਆ, ਹੋ ਗਿਆ, ਹੁਣ ਦੀ ਗੱਲ ਕਰੋ। ਇਸ ਸਾਰੇ ਮਸਲੇ ਦੇ ਵਿੱਚ ਸੁਪਰੀਮ ਕੋਰਟ ਵੀ ਆਪਣੀ ਜ਼ਿੰਮੇਵਾਰੀ ਨਿਭਾਅ ਰਹੀ ਹੈ। ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਤੋਂ ਪੂਰੇ ਡਾਟੇ ਦੀ ਮੰਗ ਕੀਤੀ ਹੈ। ਜੋ ਵੋਟਰ ਲਿਸਟ ਡੀਲੀਟ ਕੀਤੀਆਂ ਗਈਆਂ ਨੇ ਚੋਣ ਕਮਿਸ਼ਨ ਦੇ ਵੱਲੋਂ, ਉਸ ਦਾ ਕਾਰਨ ਵੀ ਪੁੱਛਿਆ ਗਿਆ। ਸੁਪਰੀਮ ਕੋਰਟ ਨੇ ਤਾਂ ਇਹ ਵੀ ਕਹਿ ਦਿੱਤਾ ਕਿ 1 ਸਤੰਬਰ ਤੱਕ ਜੋ ਲਿਸਟਾਂ ਦੇ ਵਿੱਚ ਬੰਦੇ ਮਰੇ ਸਾਬਤ ਕੀਤੇ ਗਏ ਨੇ ਜਾਂ ਡੀਲੀਟ ਕੀਤੇ ਗਏ ਨੇ, ਉਹ ਲੋਕ ਫਾਰਮ ਛੇ ਭਰ ਕੇ ਫਿਰ ਤੋਂ ਵੋਟਰ ਕਾਰਡ ਲੈ ਸਕਦੇ ਨੇ। ਫਾਰਮ ਛੇ ਦੇ ਵਿੱਚ ਆਧਾਰ ਕਾਰਡ ਲਾਜ਼ਮੀ ਹੈ, ਇਹ ਉਹੀ ਪਰੂਫ਼ ਹੈ, ਜਿਸ ਨੂੰ ਚੋਣ ਕਮਿਸ਼ਨ ਨੇ ਮੰਨਣ ਤੋਂ ਇਨਕਾਰ ਕੀਤਾ ਸੀ। ਇਹ ਇੱਕ ਕਿਸਮ ਦੀ ਚੋਣ ਕਮਿਸ਼ਨ ਨੂੰ ਸੁਪਰੀਮ ਕੋਰਟ ਵੱਲੋਂ ਪਾਈ ਫਿਟਕਾਰ ਹੈ। ਅਸਲ ਵਿੱਚ ਚੋਣ ਕਮਿਸ਼ਨ ਨੂੰ ਥੋੜੀ ਸੰਜੀਦਗੀ ਵਰਤਣੀ ਚਾਹੀਦੀ ਸੀ, ਸ਼ਿਕਾਇਤ ਲੈ ਲੈਣੀ ਚਾਹੀਦੀ ਸੀ ਤੇ ਜ਼ਿੰਮੇਵਾਰੀ ਨਿਭਾਉਂਦੇ ਹੋਏ ਖੋਜ ਪੜਤਾਲ ਕਰਨੀ ਚਾਹੀਦੀ ਸੀ ਪਰ ਉਹਨਾਂ ਨੇ ਤਾਂ ਬੀਜੇਪੀ ਦੇ ਸਪੋਕਸਪਰਸਨ ਦੀ ਤਰ੍ਹਾਂ ਗੱਲ ਕੀਤੀ। ਭਾਵੇਂ ਕਿ ਲੰਘੇ ਐਤਵਾਰ ਚੋਣ ਕਮਿਸ਼ਨ ਨੇ ਪ੍ਰੈਸ ਕਾਨਫਰੰਸ ਕਰਕੇ ਇਹ ਸਾਬਤ ਕੀਤਾ ਕਿ ਅਸੀਂ ਵੀ ਕੰਮ ਕਰ ਰਹੇ ਹਾਂ ਤੇ ਜੋ ਸਵਾਲ ਉਠਾਏ ਨੇ, ਉਹਨਾਂ ਦੇ ਜਵਾਬ ਅਸੀਂ ਦੇ ਰਹੇ ਹਾਂ ਪਰ ਨਤੀਜਾ ਇਹ ਰਿਹਾ ਕਿ ਜੋ ਦੋਸ਼ ਲੱਗੇ ਸੀ ਗੱਲਾਂ-ਬਾਤਾਂ ਤੋਂ ਉਹ ਹੋਰ ਮਜ਼ਬੂਤ ਸਾਬਤ ਹੋ ਗਏ।

ਈ.ਵੀ.ਐਮ. ਦੇ ਹੈਕ ਕਰਨ ਦੇ ਦੋਸ਼ ਬੀਜੇਪੀ 'ਤੇ ਕਾਫ਼ੀ ਲੰਮੇ ਸਮੇਂ ਤੋਂ ਲੱਗਦੇ ਆ ਰਹੇ ਨੇ ਪਰ ਰਾਹੁਲ ਗਾਂਧੀ ਦੇ ਖ਼ੁਲਾਸੇ ਤੋਂ ਬਾਅਦ ਇਸ ਤਰ੍ਹਾਂ ਲੱਗਦਾ ਹੈ ਕਿ ਉਹਨਾਂ ਨੂੰ ਈ.ਵੀ.ਐਮ. ਹੈਕ ਕਰਨ ਦੀ ਕੀ ਜ਼ਰੂਰਤ ਸੀ, ਜਦੋਂ ਉਹਨਾਂ ਨੇ ਚੋਣ ਕਮਿਸ਼ਨ ਹੀ ਹੈਕ ਕਰ ਲਿਆ ਸੀ। ਸੋਚਣਾ ਤਾਂ ਸਾਨੂੰ ਉਦੋਂ ਵੀ ਚਾਹੀਦਾ ਸੀ ਜਦੋਂ ਚੋਣ ਕਮਿਸ਼ਨ ਦੇ ਕਮਿਸ਼ਨਰ ਅਰੁਣ ਗੋਇਲ ਤੇ ਅਸ਼ੋਕ ਲਵਾਸਾ ਨੌਕਰੀ ਛੱਡ ਕੇ ਗਏ ਸਨ। ਉਹਨਾਂ ਦੇ ਬਾਰੇ ਕੀਤੇ ਸਵਾਲਾਂ ਦਾ ਅੱਜ ਤੱਕ ਜਵਾਬ ਨਹੀਂ ਮਿਲਿਆ। ਮੁੱਕਦੀ ਗੱਲ ਇਹ ਪਤਾ ਨਹੀਂ ਕਿ ਇਹ ਮਸਲਾ ਪੁਲੀਟੀਕਲ ਹੀ ਬਣ ਕੇ ਰਹਿ ਜਾਵੇਗਾ ਜਾਂ ਇਸ ਨੂੰ ਅੱਗੇ ਲੈ ਕੇ ਜਾਇਆ ਜਾਵੇਗਾ ਤੇ ਕਿਵੇਂ ਲੈ ਕੇ ਜਾਇਆ ਜਾਵੇਗਾ ? ਕੀ ਵਿਰੋਧੀ ਧਿਰ ਚੋਣ ਕਮਿਸ਼ਨ ਧਾਂਦਲੀ ਮੁੱਦੇ 'ਤੇ ਇੱਕ ਜੁੱਟ ਰਹੇਗੀ ? ਜਾਂ ਨੈਰੋਵਿਜ਼ਨ ਕਰਕੇ ਫਿਰ ਅੱਡੋ-ਅੱਡ ਹੋ ਜਾਣਗੇ ? ਵੈਸੇ ਸਾਰੀਆਂ ਪਾਰਟੀਆਂ ਨੂੰ ਇੱਕ ਜੁੱਟ ਹੋਣਾ ਚਾਹੀਦਾ ਹੈ ਕਿ ਵੋਟਰ ਲਿਸਟ ਦੇ ਨਾਲ ਕੋਈ ਧੋਖਾ ਨਹੀਂ ਹੋਣਾ ਚਾਹੀਦਾ। ਵਿਰੋਧੀ ਧਿਰ ਦੀ ਮਜ਼ਬੂਤੀ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਇਹ ਮੁੱਦਾ ਲੱਖ ਯਤਨਾਂ ਦੇ ਬਾਵਜੂਦ ਵੀ ਮੂੰਹ ਅੱਡੀ ਖੜ੍ਹਾ ਹੈ। ਜਿਸ ਤਰੀਕੇ ਦੇ ਨਾਲ ਦਬਾਓ ਬਣਾਇਆ ਜਾ ਰਿਹਾ ਹੈ ਜਾਂ ਤਾਂ ਚੋਣ ਕਮਿਸ਼ਨ ਹੀ ਬਦਲਣਾ ਪਵੇਗਾ ਤੇ ਜਾਂ ਫਿਰ ਹਰ ਵਾਰ ਦੀ ਤਰ੍ਹਾਂ ਵੱਡਾ ਮੁੱਦਾ ਦਬਾਉਣ ਦੇ ਲਈ ਦੇਸ਼ ਦੇ ਉੱਤੇ ਕੋਈ ਆਫ਼ਤ ਆਵੇਗੀ ਤਾਂ ਇਹ ਮੁਸੀਬਤ ਰੋੜ ਦਿੱਤੀ ਜਾਵੇਗੀ। ਜਾਂ ਫਿਰ ਪਾਕਿਸਤਾਨ.......... ? ਦੁਆ ਹੈ ਕਿ ਲੋਕਤੰਤਰ ਦੇ ਵਿੱਚ ਜੋ ਕੁਝ ਗਲਤ ਹੋ ਰਿਹਾ ਹੈ, ਉਸ ਨੂੰ ਠੀਕ ਕਰਨ ਦੀ ਗੁਹਾਰ ਮਨਜ਼ੂਰ ਕੀਤੀ ਜਾਵੇ।

# ਚੋਣ ਕਮਿਸ਼ਨ ਅਤੇ ਈ.ਡੀ. ਪ੍ਰਤੀ ਤਿੜਕਦਾ ਵਿਸ਼ਵਾਸ਼ ਲੋਕਤੰਤਰ ਲਈ ਖ਼ਤਰੇ ਦੀ ਘੰਟੀ



ਗੁਰਮੀਤ ਸਿੰਘ ਪਲਾਹੀ



ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤੀ ਚੋਣ ਕਮਿਸ਼ਨ ਉੱਤੇ ਗੰਭੀਰ ਦੋਸ਼ ਲਾਏ ਹਨ ਅਤੇ ਦਾਅਵਾ ਕੀਤਾ ਹੈ ਕਿ ਪਿਛਲੀਆਂ ਚੋਣਾਂ ਸਮੇਂ ਮਹਾਂਰਾਸ਼ਟਰ ਅਤੇ ਹਰਿਆਣਾ ਵਿੱਚ ਵੋਟਰ ਸੂਚੀਆਂ ਵਿੱਚ ਵੱਡੇ ਪੱਧਰ 'ਤੇ ਧਾਂਦਲੀ ਕੀਤੀ ਗਈ ਹੈ । ਉਹਨਾਂ ਨੇ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਦਾ ਅੰਕੜਾ ਦੇਸ਼ ਸਾਹਮਣੇ ਰੱਖਦਿਆਂ ਦੋਸ਼ ਲਾਇਆ ਕਿ ਵੋਟਰ ਸੂਚੀ ਵਿੱਚ ਹੇਰਾਫੇਰੀ ਕੀਤੀ ਗਈ ਅਤੇ ਫਰਜ਼ੀ ਵੋਟਰ, ਗਲਤ ਪਤੇ, ਇੱਕ ਪਤੇ ਉੱਤੇ ਕਈ ਵੋਟਰ, ਇੱਕ ਵੋਟਰ ਦਾ ਨਾਂ ਕਈ ਥਾਵਾਂ ਉੱਤੇ ਹੋਣ ਜਿਹੇ ਕਈ ਤਰੀਕਿਆਂ ਨਾਲ ਵੋਟ ਚੋਰੀ ਕੀਤੀ ਗਈ ਅਤੇ ਕਈ ਥਾਵਾਂ ਉੱਤੇ ਇਸ ਮਾਡਲ ਨੂੰ ਕਈ ਅਸੰਬਲੀ, ਲੋਕ ਸਭਾ ਹਲਕਿਆਂ ਵਿੱਚ ਵਰਤਿਆ ਗਿਆ ਤਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਫਾਇਦਾ ਮਿਲ ਸਕੇ।

ਹਾਲਾਂਕਿ ਚੋਣਾਂ ਚ ਗੜਬੜੀਆਂ ਦੀਆਂ ਸ਼ਿਕਾਇਤਾਂ ਪਹਿਲਾਂ ਵੀ ਮਿਲਦੀਆਂ ਰਹੀਆਂ ਹਨ, ਲੇਕਿਨ ਆਮ ਤੌਰ 'ਤੇ ਸਬੂਤਾਂ ਦੀ ਕਮੀ ਦੇ ਨਾਂ ਉੱਤੇ ਇਹ ਸ਼ਿਕਾਇਤਾਂ ਰੱਦੀ ਦੀ ਟੋਕਰੀ 'ਚ ਚੋਣ ਕਮਿਸ਼ਨ ਵੱਲੋਂ ਸੁੱਟ ਦਿੱਤੀਆਂ ਜਾਂਦੀਆਂ ਹਨ ਅਤੇ ਇਹਨਾਂ ਨੂੰ ਨਿਰਾਧਾਰ ਗਿਣਿਆ ਜਾਂਦਾ ਹੈ। ਪਰ ਇਸ ਵੇਰ ਦੇਸ਼ ਭਰ 'ਚ ਸਬੂਤਾਂ ਦੇ ਅਧਾਰ 'ਤੇ ਪੇਸ਼ ਕੀਤੇ ਅੰਕੜਿਆਂ ਕਾਰਨ ਇੱਕ ਵੱਡੀ ਬਹਿਸ ਛਿੜ ਪਈ ਹੈ ਅਤੇ ਵੇਖਿਆ ਜਾ ਰਿਹਾ ਹੈ ਕਿ ਇਹਨਾਂ ਸ਼ਿਕਾਇਤਾਂ ਦਾ ਆਧਾਰ ਠੋਸ ਹੈ । ਇਸ ਨਾਲ ਦੇਸ਼ ਦੀ ਸਮੁੱਚੀ ਚੋਣ ਪ੍ਰਕਿਰਿਆ ਕਟਹਿਰੇ ਚ ਖੜੀ ਦਿਸਦੀ ਹੈ।

ਕਿਸੇ ਵੀ ਦੇਸ਼ ਦੀ ਲੋਕਤੰਤਰ ਦੀ ਮਜਬੂਤੀ ਅਤੇ ਭਰੋਸੇਯੋਗਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਸ ਵਿੱਚ ਚੁਣੇ ਜਾਣ ਦੀ ਪ੍ਰਕਿਰਿਆ ਕਿੰਨੀ ਸਾਫ਼, ਸੁਤੰਤਰ ਅਤੇ ਪਾਰਦਰਸ਼ੀ ਹੈ। ਇਸ ਲਈ ਚੋਣ ਕਰਾਉਣ ਵਾਲੀ ਸੰਸਥਾ ਨੂੰ ਇਹ ਗੱਲ ਯਕੀਨੀ ਬਣਾਉਣਾ ਹੁੰਦਾ ਹੈ ਕਿ ਕੋਈ ਵੀ ਨਾਗਰਿਕ ਵੋਟ ਦੇਣ ਦੇ ਹੱਕ ਤੋਂ ਵੰਚਿਤ ਨਾ ਹੋਵੇ। ਮਤਦਾਨ ਦੀ ਪੂਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਚੋਣਾਂ 'ਚ ਹਿੱਸੇਦਾਰੀ ਕਰਨ ਵਾਲੇ ਸਾਰੇ ਸਿਆਸੀ ਦਲਾਂ ਲਈ ਭਰੋਸੇਮੰਦ ਹੋਵੇ ਅਤੇ ਨਤੀਜਿਆਂ ਨੂੰ ਲੈ ਕੇ ਸਾਰੇ ਸੰਤੁਸ਼ਟ ਹੋਣ।

ਪਰ ਦੇਸ਼ ਵਿੱਚ ਆਮ ਤੌਰ 'ਤੇ ਹੋਣ ਵਾਲੀ ਹਰ ਚੋਣ ਤੋਂ ਬਾਅਦ ਜਿਸ ਤਰ੍ਹਾਂ ਦੇ ਵਿਵਾਦ ਸਾਹਮਣੇ ਆਉਂਦੇ ਰਹੇ ਹਨ ਮਤਦਾਨ ਦੀ ਪ੍ਰਕਿਰਿਆ ਚ ਗੜਬੜੀ ਅਤੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੇ ਸਮੁੱਚੇ ਤੰਤਰ ਦੇ ਨਾਲ-ਨਾਲ ਨਤੀਜਿਆਂ ਤੱਕ ਨੂੰ ਲੈ ਕੇ ਸਵਾਲ ਖੜੇ ਹੋ ਰਹੇ ਹਨ. ਉਸ ਨਾਲ ਕਈ ਸ਼ੰਕੇ ਪੈਦਾ ਹੁੰਦੇ ਹਨ।

ਚੋਣਾਂ ਦੀ ਸ਼ੁੱਧਤਾ ਉੱਤੇ ਦੇਸ਼ ਭਰ ਚ ਬਹਿਸ ਛਿੜੀ ਹੋਈ ਹੈ। ਇਸ ਸੰਦਰਭ ਵਿੱਚ ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ ਦਾ ਇਹ ਬਿਆਨ ਪ੍ਰੇਸ਼ਾਨ ਕਰਨ ਵਾਲਾ ਹੈ ਕਿ 2024 ਵਿੱਚ ਮਹਾਂਰਾਸ਼ਟਰ ਦੀਆਂ ਚੋਣਾਂ ਤੋਂ ਪਹਿਲਾਂ ਉਹਨਾਂ ਨੂੰ ਦੋ ਲੋਕ ਦਿੱਲੀ ਚ ਮਿਲੇ, ਜਿਨਾਂ ਨੇ ਮਹਾਂਰਾਸ਼ਟਰ ਦੀਆਂ 288 ਸੀਟਾਂ ਵਿੱਚੋਂ 160 ਸੀਟਾਂ ਜਿੱਤਣ ਦੀ ਗਰੰਟੀ ਦਿੱਤੀ। ਪਰ ਇਹ ਗੱਲ ਉਹਨਾਂ ਨੇ ਅਣਸੁਣੀ ਕੀਤੀ ।ਭਾਜਪਾ ਇਹਨਾਂ ਵਿਧਾਨ ਸਭਾ ਚੋਣਾਂ ਚ ਜਿੱਤ ਗਈ, ਜਿਸ ਨੂੰ 132, ਸ਼ਿਵ ਸੈਨਾ ਨੂੰ 57 ਅਤੇ ਐਨ.ਸੀ.ਪੀ. ਨੂੰ 41 ਸੀਟਾਂ ਮਿਲ ਗਈਆਂ। ਜਦਕਿ ਇਸ ਤੋਂ ਕੁਝ ਮਹੀਨੇ ਪਹਿਲਾਂ ਲੋਕ ਸਭਾ ਚੋਣਾਂ ਚ ਕਾਂਗਰਸ ਐਨ.ਸੀ.ਪੀ. ਗਠਬੰਧਨ 42 ਲੋਕ ਸਭਾ ਸੀਟਾਂ ਵਿੱਚੋਂ 30 ਲੋਕ ਸਭਾ ਸੀਟਾਂ ਤੇ ਕਾਬਜ਼ ਰਿਹਾ। ਉਹਨਾਂ ਕਿਹਾ ਕਿ ਸਾਨੂੰ ਵੋਟ ਚੋਰੀ ਦਾ ਸ਼ੱਕ ਰਿਹਾ। ਹੁਣ ਰਾਹੁਲ ਗਾਂਧੀ ਨੇ ਤੱਥ ਪੇਸ਼ ਕੀਤੇ ਹਨ ਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੁਣ ਹੋਣਾ ਹੀ ਚਾਹੀਦਾ ਹੈ।

ਭਾਰਤੀ ਚੋਣ ਆਯੋਗ ਨੇ ਉਪਰੋਕਤ ਤੱਥਾਂ ਸੰਬੰਧੀ ਕੋਈ ਵੀ ਜਵਾਬ ਨਹੀਂ ਦਿੱਤਾ, ਸਗੋਂ ਰਾਹੁਲ ਗਾਂਧੀ ਨੂੰ ਕਿਹਾ ਹੈ ਕਿ ਉਹ ਇਸ ਸੰਬੰਧੀ ਐਫੀਡੇਵਿਟ (ਘੋਸ਼ਣਾ ਪੱਤਰ) ਦੇਣ ਜਾਂ ਫਿਰ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕਰਨ ਤੇ ਮੁਆਫ਼ੀ ਮੰਗਣ। ਪਰੰਤੂ ਰਾਹੁਲ ਗਾਂਧੀ ਨੇ ਇਸ ਵੋਟ ਚੋਰੀ ਨੂੰ ਤੱਥਾਂ ਅਧਾਰਿਤ ਕਿਹਾ ਅਤੇ ਇਹ ਵੀ ਕਿਹਾ ਹੈ ਕਿ ਇਹ ਦੋਸ਼ ਸਬੂਤਾਂ ਵਾਲੇ ਹਨ।

ਵੋਟਰਾਂ ਦੇ ਸ਼ੁੱਧੀਕਰਨ ਮਾਮਲੇ 'ਤੇ ਬਿਹਾਰ ਵਿੱਚ ਤਰਥੱਲੀ ਮਚੀ ਹੈ। ਚੋਣ ਕਮਿਸ਼ਨ ਨੇ 65 ਲੱਖ ਵੋਟਰ ਨਵੀਂ ਬਿਹਾਰ ਵਿਧਾਨ ਸਭਾ ਵੋਟਰ ਸੂਚੀ 'ਚੋਂ ਕੱਟੇ ਹਨ। ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਭਾਰਤੀ ਚੋਣ ਕਮਿਸ਼ਨ ਨੇ ਬਿਹਾਰ ਦੇ ਵੋਟਰਾਂ ਨੂੰ ਮੌਕਾ ਦਿੰਦਿਆਂ ਕਿਹਾ ਸੀ ਕਿ 1 ਅਗਸਤ ਤੋਂ 1 ਸਤੰਬਰ ਤੱਕ ਵੋਟਰ ਇਸ ਡਰਾਫਟ ਵੋਟਰ ਲਿਸਟ 'ਚ ਸ਼ਾਮਿਲ ਹੋਣ ਦਾ ਦਾਅਵਾ ਪੇਸ਼ ਕਰ ਸਕਦੇ ਹਨ । ਪਰ ਕਿਸੇ ਸਿਆਸੀ ਧਿਰ ਨੇ ਕੋਈ ਦਾਅਵਾ ਜਾਂ ਇਤਰਾਜ਼ ਪੇਸ਼ ਨਹੀਂ ਕੀਤਾ। ਸਿਰਫ਼ 7,252 ਲੋਕਾਂ ਨੇ ਨਿੱਜੀ ਤੌਰ 'ਤੇ ਵੋਟ ਲਈ ਦਾਅਵੇ ਪੇਸ਼ ਕੀਤੇ ਹਨ।

ਅਸਲ ਵਿੱਚ ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੇ ਚੋਣ ਕਮਿਸ਼ਨ, ਈ.ਡੀ. ਅਤੇ ਸੀ.ਬੀ.ਆਈ. ਆਦਿ ਏਜੰਸੀਆਂ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਚੋਣ ਕਮਿਸ਼ਨ ਉੱਤੇ ਪ੍ਰਭਾਵ ਪਾਉਣ ਲਈ ਤਾਂ ਭਾਜਪਾ ਸਰਕਾਰ ਨੇ ਭਾਰਤੀ ਚੋਣ ਕਮਿਸ਼ਨ ਲਈ ਨਵੇਂ ਚੋਣ ਕਮਿਸ਼ਨਰ ਲਗਾਉਣ ਦੇ ਨਿਯਮ ਵੀ ਬਦਲ ਦਿੱਤੇ ਸਨ ਅਤੇ ਸੁਪਰੀਮ ਕੋਰਟ ਦੀ ਨੁਮਾਇੰਦਗੀ ਹੀ ਖ਼ਤਮ ਕਰ ਦਿੱਤੀ ਸੀ। ਉਦੋਂ ਤੋਂ ਲੈ ਕੇ ਚੋਣ ਕਮਿਸ਼ਨ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ, ਜਿਹਨਾ ਵਿੱਚ ਇਲੈਕਟ੍ਰੋਨਿਕ ਮਸ਼ੀਨਾਂ ਰਾਹੀਂ ਵੋਟਾਂ ਦਾ ਮੁੱਦਾ ਅਤੇ ਉਸ ਰਾਹੀਂ ਹੇਰਾਫੇਰੀ ਦਾ ਮੁੱਦਾ ਦੇਸ਼ 'ਚ ਵੱਡੇ ਪੱਧਰ ਉੱਤੇ ਉਠਾਇਆ ਜਾਂਦਾ ਰਿਹਾ ਹੈ।

ਹੁਣ ਬਿਹਾਰ ਚੋਣਾਂ ਵੇਲੇ ਵੋਟਰਾਂ ਦੇ ਸ਼ੁੱਧੀਕਰਨ ਦੇ ਨਾਂ ਉੱਤੇ ਆਪਣੀ ਹੱਦੋਂ ਬਾਹਰ ਜਾਂਦਿਆਂ, ਨਾਗਰਿਕਤਾ ਦਾ ਮੁੱਦਾ, ਆਧਾਰ ਕਾਰਡ, ਪਿਛਲੇ ਵੋਟਰ ਕਾਰਡ ਨੂੰ ਪ੍ਰਵਾਨ ਨਾ ਕਰਨ ਦਾ ਮੁੱਦਾ ਭਾਰਤੀ ਚੋਣ ਕਮਿਸ਼ਨ ਲਈ ਗਲੇ ਦੀ ਹੱਡੀ ਬਣਿਆ ਹੈ ।

ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਵੀ ਕਰੜਾ ਰੁੱਖ ਅਖ਼ਤਿਆਰ ਕੀਤਾ ਹੈ ਤੇ ਕਿਹਾ ਹੈ ਕਿ ਨਾਗਰਿਕਤਾ ਦਾ ਮੁੱਦਾ ਉਠਾਉਣਾ ਚੋਣ ਕਮਿਸ਼ਨ ਦੇ ਅਧਿਕਾਰ 'ਚ ਨਹੀਂ ਹੈ। ਭਾਵੇਂ ਕਿ 65 ਲੱਖ ਵੋਟਰਾਂ ਦੇ ਨਾਂ ਕੱਟੇ ਜਾਣ ਸੰਬੰਧੀ ਸੁਪਰੀਮ ਕੋਰਟ 'ਚ ਸੁਣਵਾਈ 12 ਅਗਸਤ ਨੂੰ ਤੈਅ ਹੋਈ ਹੈ ਪਰ ਪਟੀਸ਼ਨ ਵਿੱਚ ਜਿਹੜੇ ਤੱਥ ਪੇਸ਼ ਕੀਤੇ ਗਏ ਹਨ, ਉਹ ਚੋਣ ਕਮਿਸ਼ਨ ਉੱਤੇ ਵੱਡੇ ਸਵਾਲ ਖੜੇ ਕਰਨ ਵਾਲੇ ਹਨ। ਇਹ ਸਵਾਲ ਪੁੱਛੇ ਜਾ ਰਹੇ ਹਨ ਕਿ 65 ਲੱਖ ਲੋਕਾਂ ਵਿੱਚੋਂ ਜਿਹੜੇ 22 ਲੱਖ ਮਰੇ ਕਹੇ ਜਾ ਰਹੇ ਹਨ, ਉਹਨਾਂ ਦਾ ਵੇਰਵਾ ਕਿੱਥੇ ਹੈ ? 7 ਲੱਖ ਵੋਟਰ ਜਿਹਨਾ ਬਾਰੇ ਡੁਪਲੀਕੇਟ ਹੋਣ ਦੀ ਗੱਲ ਕਹੀ ਜਾ ਰਹੀ ਹੈ, ਉਹਨਾਂ ਦੇ ਵੇਰਵੇ ਕੀ ਹਨ ? 35 ਲੱਖ ਵੋਟਰ ਜਿਹੜੇ ਬਿਹਾਰ ਛੱਡ ਗਏ ਦੱਸੇ ਜਾ ਰਹੇ ਹਨ, ਉਹ ਕਿਹੜੇ ਹਨ ? ਸਿਰਫ਼ ਚੋਣ ਕਮਿਸ਼ਨ ਕਹਿ ਰਿਹਾ ਹੈ ਕਿ 1.2 ਲੱਖ ਵੋਟਰਾਂ ਨੇ ਵੋਟਾਂ ਦੇ ਕਲੇਮ ਦੇ ਫਾਰਮ ਜਮ੍ਹਾਂ ਨਹੀਂ ਕਰਵਾਏ।


ਇਹਨਾਂ ਤੱਥਾਂ ਤੋਂ ਜਾਪਦਾ ਹੈ ਕਿ ਚੋਣ ਕਮਿਸ਼ਨ ਕਿਸੇ ਵਿਸ਼ੇਸ਼ ਸਿਆਸੀ ਧਿਰ ਦੇ ਆਖੇ ਲੱਗ ਕੇ ਕੰਮ ਕਰ ਰਹੀ ਹੈ। ਉਹ ਲਗਾਤਾਰ ਆਪਣੇ ਹੱਕਾਂ ਤੇ ਸੀਮਾ ਦੀ ਉਲੰਘਣਾ ਕਰ ਰਹੀ ਹੈ, ਜਿਹੜੇ ਕਮਿਸ਼ਨ ਕੋਲ ਹੈ ਹੀ ਨਹੀਂ। ਇਹ ਇਸ ਗੱਲ ਤੋਂ ਵੀ ਸਿੱਧ ਹੋ ਰਿਹਾ ਜਾਪਦਾ ਹੈ ਕਿ ਜਿਵੇਂ ਰਾਹੁਲ ਗਾਂਧੀ ਨੇ ਤੱਥਾਂ ਅਧਾਰਤ ਸਬੂਤ ਪੇਸ਼ ਕੀਤੇ ਹਨ, ਉਹਨਾ ਦੀ ਬਕਾਇਦਾ ਪੜਤਾਲ ਕਰਨ ਦਾ ਯਤਨ ਕਰਦਾ, ਕਿਉਂਕਿ ਤਰੁੱਟੀਆਂ, ਤੱਥ ਉਸ ਵੱਲੋਂ ਦਿੱਤੇ ਰਿਕਾਰਡ ਵਿੱਚੋਂ ਹੀ ਦੱਸੇ ਜਾਂ ਲੱਭੇ ਗਏ ਹਨ। ਇਸ ਹਾਲਾਤ ਵਿੱਚ ਚੋਣ ਕਮਿਸ਼ਨ ਤੋਂ ਤਾਂ ਸਪਸ਼ਟਤਾ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ। ਅਸਲ ਵਿੱਚ ਚੋਣ ਪ੍ਰਕਿਰਿਆ ਪੂਰੀ ਕਰਨ, ਨਤੀਜਿਆਂ 'ਚ ਇਮਾਨਦਾਰੀ ਵਰਤਣ ਅਤੇ ਆਮ ਲੋਕਾਂ ਚ ਭਰੋਸਾ ਪੈਦਾ ਕਰਨਾ ਚੋਣ ਕਮਿਸ਼ਨ ਦਾ ਕੰਮ ਹੈ ਅਤੇ ਇਹ ਲੋਕਤੰਤਰੀ ਜੀਵਨ ਲਈ ਜ਼ਰੂਰੀ ਹੈ।

ਹਾਕਮ ਧਿਰ ਭਾਜਪਾ ਵੱਲੋਂ ਦੇਸ਼ ਵਿੱਚ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਚੋਣ ਕਮਿਸ਼ਨ ਅਤੇ ਹੋਰ ਸੰਸਥਾਵਾਂ ਨੂੰ ਆਪਣੀ ਗੱਦੀ ਸੁਰੱਖਿਅਤ ਕਰਨ ਲਈ ਵਰਤਿਆ ਜਾ ਰਿਹਾ ਹੈ, ਉਸੇ ਦਾ ਸਿੱਟਾ ਹੈ ਕਿ ਭਾਜਪਾ ਤੁਰੰਤ ਚੋਣ ਕਮਿਸ਼ਨ ਦੀ ਪਿੱਠ ਪੂਰਨ ਲਈ ਉਸ ਪਿੱਛੇ ਆ ਖੜਾ ਹੋਇਆ ਹੈ ਅਤੇ ਰਾਹੁਲ ਗਾਂਧੀ ਤੋਂ ਅਸਤੀਫ਼ਾ ਮੰਗਣ ਲੱਗਿਆ ਹੈ।

ਜਿਵੇਂ ਦੀ ਕਾਰਜਸ਼ੈਲੀ ਚੋਣ ਕਮਿਸ਼ਨ ਦੀ ਹੈ, ਉਸੇ ਕਿਸਮ ਦੀ ਕਾਰਜ਼ਸ਼ੈਲੀ ਦੇਸ਼ 'ਚ ਈ.ਡੀ. ਦੀ ਬਣੀ ਹੋਈ ਹੈ। ਉਸਦੀ ਭੂਮਿਕਾ ਉਸਦੇ ਅਧਿਕਾਰਾਂ ਅਤੇ ਸੀਮਾਵਾਂ 'ਤੇ ਸਵਾਲ ਉੱਠ ਰਹੇ ਹਨ। ਸਿਆਸੀ ਦਲ ਦੋਸ਼ ਲਾਉਂਦੇ ਹਨ ਕਿ ਈ.ਡੀ. ਬਦਲੇ ਦੀ ਭਾਵਨਾ ਨਾਲ ਕੰਮ ਕਰਦੀ ਹੈ। ਇਸ ਸੰਬੰਧੀ ਦੇਸ਼ ਦੀਆਂ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ 'ਚ ਵੀ ਉਸ ਨੂੰ ਕਟਹਿਰੇ 'ਚ ਖੜਾ ਹੋਣਾ ਪੈ ਰਿਹਾ ਹੈ। ਪਰ ਅਫ਼ਸੋਸਨਾਕ ਹੈ ਕਿ ਈ.ਡੀ. ਦੀ ਜਾਂਚ ਵਿੱਚ ਦੋਸ਼ੀ ਬਣਾਏ ਗਏ ਲੋਕ ਦੋਸ਼ੀ ਨਾ ਸਿੱਧ ਹੋਣ ਤੱਕ ਮਹੀਨਿਆਂ ਬੱਧੀ ਵਿਚਾਰਅਧੀਨ ਕੈਦੀਆਂ ਦੇ ਰੂਪ 'ਚ ਜੇਲ੍ਹ 'ਚ ਬੰਦ ਰਹਿੰਦੇ ਹਨ। ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਧੰਨ ਦੀ ਵਰਤੋਂ, ਕਾਨੂੰਨ ਦੀ ਦੁਰਵਰਤੋਂ ਕਿਸ ਦੇ ਇਸ਼ਾਰੇ ਉੱਤੇ 'ਤੇ ਕਿਉਂ ਹੋ ਰਹੀ ਹੈ ? ਇਸ ਸੰਬੰਧੀ ਦੋਸ਼ ਸਿੱਧ ਹੋਣ ਦੀ ਦਰ 'ਤੇ ਵੀ ਸਵਾਲੀਆ ਚਿੰਨ੍ਹ ਹਨ । ਪਿਛਲੇ ਦਿਨੀਂ ਅਦਾਲਤ ਨੇ ਸਖ਼ਤੀ ਨਾਲ ਸਵਾਲ ਕਰਦਿਆਂ ਕਿਹਾ ਕਿ ਈ.ਡੀ. ਗੁੰਡੇ ਦੀ ਤਰ੍ਹਾਂ ਕੰਮ ਨਹੀਂ ਕਰ ਸਕਦੀ ਉਸ ਨੂੰ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਅਦਾਲਤ ਦੀ ਇਹ ਟਿੱਪਣੀ ਉਸਦੀ ਜਾਂਚ ਪ੍ਰਕਿਰਿਆ ਅਤੇ ਕਾਰਜਸ਼ੈਲੀ ਉੱਤੇ ਵੱਡਾ ਸਵਾਲ ਹੈ ਤੇ ਉਸ ਸੰਸਥਾ ਦਾ ਅਕਸ ਲੋਕਾਂ 'ਚ ਨਾਕਾਰਾਤਮਕ ਹੋ ਰਿਹਾ ਹੈ।

ਪਿਛਲੇ ਦਿਨੀਂ ਵੀ ਸਰਬ ਉੱਚ ਅਦਾਲਤ ਨੇ ਕਿਹਾ ਸੀ ਕਿ ਈ.ਡੀ. ਸਾਰੀਆਂ ਹੱਦਾਂ ਪਾਰ ਕਰ ਰਹੀ ਹੈ। ਅਦਾਲਤ ਨੇ ਇਹ ਸਵਾਲ ਚੁੱਕਿਆ ਕਿ ਜਿਹੜੇ ਦੋਸ਼ੀ ਬਰੀ ਹੋ ਜਾਂਦੇ ਹਨ ਤਾਂ ਉਸਦਾ ਭੁਗਤਾਨ ਕੌਣ ਕਰੇਗਾ ? ਉਸਨੇ ਕਿਹਾ ਕਿ ਦੋਸ਼ ਸਿੱਧੀ ਦਰ 10 ਫ਼ੀਸਦੀ ਤੋਂ ਵੀ ਘੱਟ ਹੈ । ਵਿੱਤ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਦਿੱਤੇ ਅੰਕੜਿਆਂ ਅਨੁਸਾਰ 2015 ਤੋਂ 2025 ਤੱਕ 5,892 ਮੁਕੱਦਮੇ ਦਰਜ਼ ਹੋਏ। ਸਿਰਫ਼ 15 ਲੋਕਾਂ ਨੂੰ ਸਜ਼ਾ ਹੋਈ। ਈ.ਡੀ. ਨੇ 49 ਮਾਮਲਿਆਂ ਤੇ ਕਲੋਜ਼ਰ ਰਿਪੋਰਟ ਦਾਖ਼ਲ ਕੀਤੀ। ਦਰਜ਼ ਕੀਤੇ ਮੁਕੱਦਮਿਆਂ ਵਿੱਚੋਂ 95 ਫ਼ੀਸਦੀ ਵਿਰੋਧੀ ਧਿਰਾਂ ਦੇ ਨੇਤਾਵਾਂ ਉਤੇ ਹਨ। ਸਪਸ਼ਟ ਹੈ ਕਿ ਈ.ਡੀ. ਜਿਸ ਢੰਗ ਨਾਲ ਕੰਮ ਕਰ ਰਹੀ ਹੈ, ਉਹ ਬੇਕਸੂਰ ਨਾਗਰਿਕਾਂ ਦੇ ਮੁਢਲੇ ਅਧਿਕਾਰਾਂ ਅਤੇ ਆਜ਼ਾਦੀ ਦਾ ਹਨਨ ਹੈ। ਭਾਰਤੀ ਸੰਵਿਧਾਨ ਵਿੱਚ ਖ਼ੁਦਮੁਖਤਿਆਰ ਸੰਸਥਾਵਾਂ ਦਾ ਉਦੇਸ਼ ਲੋਕਤੰਤਰ ਦੀ ਰੱਖਿਆ ਦਾ ਹਥਿਆਰ ਨੀਅਤ ਸੀ। ਇਸ ਹਥਿਆਰ ਨੂੰ ਸਿਆਸੀ ਲੋਕਾਂ ਨੇ ਆਪਣੇ ਲਈ ਤਾਕਤ (ਬਾਕੀ ਸਫ਼ਾ 31 'ਤੇ)

# ਕੀ ਭਾਰਤੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਏਗਾ ਟਰੰਪ ?





ਅਭੈ ਕੁਮਾਰ ਦੂਬੇ

ਇਸ ਸਮੇਂ ਗੰਗਾ-ਜਮੁਨਾ ਵਿੱਚ ਪਾਣੀ ਤੇਜ਼ੀ ਨਾਲ ਵਹਿ ਰਿਹਾ ਹੈ, ਭਾਵ ਮੁਹਾਵਰੇ ਜ਼ਰੀਏ ਕਿਹਾ ਜਾ ਸਕਦਾ ਹੈ ਕਿ ਸਿਆਸੀ ਘਟਨਾਕ੍ਰਮ ਦੇ ਅੱਗੇ ਵਧਣ ਦੀ ਰਫ਼ਤਾਰ ਬਹੁਤ ਤੇਜ਼ ਹੈ। ਅਜਿਹਾ ਲੱਗਦਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਅਰਥਵਿਵਸਥਾ ’ਤੇ ਹਮਲਾ ਕਰ ਦਿੱਤਾ ਹੈ। ਭਾਰਤ 1990 ਦੇ ਭੂਮੰਡਲੀਕਰਨ ਦੀ ਸ਼ੁਰੂਆਤ ਤੋਂ ਹੀ ਨਿਰਯਾਤ ਆਧਾਰਿਤ ਵਿਕਾਸ ਦੇ ਰਾਹ ’ਤੇ ਚੱਲ ਰਿਹਾ ਹੈ। ਭਾਰਤ ਨੂੰ ਇਸ ਰਾਹ ’ਤੇ ਨਰਸਿਮ੍ਹਾ ਰਾਉ, ਮਨਮੋਹਨ ਸਿੰਘ ਤੇ ਚਿਦੰਬਰਮ ਦੀ ਤਿਕੜੀ ਨੇ ਪਾਇਆ ਸੀ। ਫ਼ਿਰ ਅਟਲ ਬਿਹਾਰੀ ਵਾਜਪਾਈ ਸਮੇਤ ਗੈਰ-ਕਾਂਗਰਸੀ ਪ੍ਰਧਾਨ ਮੰਤਰੀਆਂ ਨੇ ਇਸ ਰਾਹ ਨੂੰ ਹੋਰ ਵੀ ਪੱਕਾ ਕੀਤਾ। ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਪਿਛਲੇ 11 ਸਾਲ ਤੋਂ ਇਸੇ ਰਾਹ ’ਤੇ ਚੱਲ ਰਹੇ ਹਨ। ਮਤਲਬ ਟਰੰਪ ਚੰਗੀ ਤਰ੍ਹਾਂ ਜਾਣਦਾ ਹੈ ਕਿ ਜੇਕਰ ਭਾਰਤ ਦੀ ਅਰਥਵਿਵਸਥਾ ਨੂੰ ਨਿਰਯਾਤ ਤੋਂ ਹੋਣ ਵਾਲੀ ਆਮਦਨੀ ’ਤੇ ਸੱਟ ਮਾਰੀ ਜਾਵੇ ਤਾਂ ਭਾਰਤ ਆਰਥਿਕ ਰੂਪ ਵਿੱਚ ਅਸਥਿਰ ਹੋ ਸਕਦਾ ਹੈ ਅਤੇ ਉਸ ਨੂੰ ਆਪਣੀਆਂ (ਅਮਰੀਕਾ) ਦੀਆਂ ਸ਼ਰਤਾਂ ’ਤੇ ਵਪਾਰ ਸਮਝੌਤਾ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਇਸ ਲਈ ਟਰੰਪ ਨੇ ਬੜੀ ਚਲਾਕੀ ਨਾਲ ਪਹਿਲਾਂ 21 ਦਿਨ ਦਾ ਸਮਾਂ ਦਿੱਤਾ, ਜਿਸ ਦੇ ਬਾਅਦ ਉਸ ਨੇ ਕਿਹਾ ਸੀ ਕਿ ਸਜ਼ਾ ਵਜੋਂ 25 ਫ਼ੀਸਦੀ ਟੈਰਿਫ਼ ਲਾਗੂ ਕਰ ਦਿੱਤਾ ਜਾਏਗਾ। ਇਸ ਦੌਰਾਨ ਭਾਰਤ ਆਪਣਾ ਹਿਸਾਬ-ਕਿਤਾਬ ਕਰਕੇ ਪਤਾ ਲਗਾ ਸਕਦਾ ਹੈ ਕਿ ਟਰੰਪ ਦੇ ਟੈਰਿਫ਼ਾਂ ਨਾਲ ਉਸ ਨੂੰ ਕਿੰਨਾ ਕੁ ਨੁਕਸਾਨ ਹੋਣ ਵਾਲਾ ਹੈ। ਇਹ ਯਕੀਨੀ ਹੈ ਕਿ ਜੇਕਰ ਭਾਰਤ ਨੇ ਟਰੰਪ ਦੀ ਗੱਲ ਨਾ ਮੰਨੀ ਤਾਂ ਇਹ ਟੈਰਿਫ਼ ਜ਼ਰੂਰ ਲੱਗਣਗੇ। ਜਿਸ ਦਵਾਈ ਉਦਯੋਗ ’ਤੇ ਇਹ ‘ਪੈਲਨਟੀ’ ਨਹੀਂ ਲੱਗੀ, ਦੂਸਰੇ ਦੌਰ ’ਚ ਉਸ ’ਤੇ ਵੀ ਲੱਗ ਸਕਦੀ ਹੈ। ਉਸ ਨੇ ਆਪਣੇ ਕਹੇ ਮੁਤਾਬਿਕ ਪਹਿਲਾਂ 25 ਫ਼ੀਸਦੀ ਅਤੇ ਬਾਅਦ ਵਿੱਚ 25 ਫ਼ੀਸਦੀ ਹੋਰ ਕੁੱਲ 50 ਫ਼ੀਸਦੀ ਟੈਰਿਫ਼ ਭਾਰਤ ’ਤੇ ਲਾਉਣ ਦਾ ਐਲਾਨ ਵੀ ਕਰ ਦਿੱਤਾ ਹੈ।

ਟਰੰਪ ਤੇ ਰਾਹੁਲ ਗਾਂਧੀ ਨੇ ਕੁਝ ਵੀ ਕਿਹਾ ਹੋਵੇ, ਪਰ ਉਸ ਸਵਾਲ ’ਤੇ ਬਹਿਸ ਕਰਨਾ ਬੇਮਤਲਬ ਹੈ ਕਿ ਕੀ ਭਾਰਤ ਦੀ ਅਰਥਵਿਵਸਥਾ ਮਰ ਚੁੱਕੀ ਹੈ ਜਾਂ ਜਿਉਂਦੀ ਹੈ। ਦਰਅਸਲ ਇੱਕ ਬਹੁਮੁਖੀ ਤੇ ਡੂੰਘੀਆਂ ਜੜ੍ਹਾਂ ਵਾਲੀ ਭਾਰਤੀ ਅਰਥਵਿਵਸਥਾ ਦੇ ਮਰਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਜੇਕਰ ਕਦੇ ਇਸ ਦੇ ਇੱਕ-ਦੋ ਸੈਕਟਰ ਖਰਾਬ ਪ੍ਰਦਰਸ਼ਨ ਕਰਦੇ ਹਨ ਤਾਂ ਹੋਰ ਸੈਕਟਰਾਂ ਦਾ ਚੰਗਾ ਪ੍ਰਦਰਸ਼ਨ ਇਸ ਨੂੰ ਸੰਭਾਲ ਲੈਂਦਾ ਹੈ। ਰਾਸ਼ਟਰਪਤੀ ਟਰੰਪ ਤੇ ਭਾਰਤੀ ਸੰਸਦ ਵਿੱਚ ਵਿਰੋਧੀ ਧਿਰ ਦੇ ਆਗੂ ਵੀ ਇਸ ਹਕੀਕਤ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਦਰਅਸਲ ਟਰੰਪ ਇਸ ਗੱਲ ਕਰਕੇ ਖਿਝ ਰਿਹਾ ਹੈ, ਕਿਉਂਕਿ ਉਹ ਅਜੇ ਤੱਕ ਭਾਰਤ ਨਾਲ ਆਪਣੀ ਮਨਮਰਜ਼ੀ ਦਾ ਵਪਾਰਕ ਸਮਝੌਤਾ ਕਰਨ ਵਿੱਚ ਨਾਕਾਮ ਰਿਹਾ ਹੈ। ਉਨ੍ਹਾਂ ਦੀਆਂ ਕੋਸ਼ਿਸ਼ਾਂ ਅਜੇ ਵੀ ਜਾਰੀ ਹਨ ਤੇ 25 ਫ਼ੀਸਦੀ ਟੈਰਿਫ਼ ਦਾ ਐਲਾਨ ਵੀ ਦਬਾਅ ਬਣਾਉਣ ਦੇ ਹੱਥਕੰਡੇ ਵਜੋਂ ਦੇਖਿਆ ਜਾ ਸਕਦਾ ਹੈ। ਰਾਹੁਲ ਗਾਂਧੀ ਅਪਰੇਸ਼ਨ ਸੰਧੂਰ ਦੌਰਾਨ ਟਰੰਪ ਦੀ ਭੂਮਿਕਾ ਦੇ ਤਿੱਖੇ ਆਲੋਚਕ ਹਨ, ਪਰ ਇਸ ਮਾਮਲੇ ਵਿੱਚ ਉਨ੍ਹਾਂ ਦੀ ਸਹਿਮਤੀ ਕਿਸੇ ਮਸਲੇ ਨੂੰ ਤਿੱਖੇ ਢੰਗ ਨਾਲ ਰੇਖਾਂਕਿਤ ਕਰ ਕੇ ਚਰਚਾ ਦੇ ਕੇਂਦਰ ਵਿੱਚ ਲਿਆਉਣ ਦੇ ਲਈ ਉਕਸਾਊ ਬਿਆਨ ਦੇਣ ਦੀ ਚਾਲ ਦੇ ਰੂਪ ਵਿੱਚ ਦੇਖੀ ਜਾਣੀ ਚਾਹੀਦੀ ਹੈ। ਵਿਰੋਧੀ ਧਿਰ ਲਈ ਅਜਿਹਾ ਕਰਨਾ ਉਸ ਸਮੇਂ ਜ਼ਰੂਰੀ ਹੋ ਜਾਂਦਾ ਹੈ, ਜਦੋਂ ਸੱਤਾ ਧਿਰ ਲਗਾਤਾਰ ਅਰਥਵਿਵਸਥਾ ਦੇ ਮਜ਼ਬੂਤ ਹੋਣ ਦੀ ਤਸਵੀਰ ਪੇਸ਼ ਕਰਨ ਵਿੱਚ ਲੱਗੀ ਹੋਵੇ ਅਤੇ ਮੀਡੀਆ ਵੀ ਉਕਤ ਤਸਵੀਰ ਬਾਰੇ ਠੀਕ ਢੰਗ ਨਾਲ ਸਵਾਲ ਨਾ ਉਠਾ ਰਿਹਾ ਹੋਵੇ।


ਦਰਅਸਲ ਅਸੀਂ ਅਰਥਵਿਵਸਥਾ ਦੇ ‘ਮਰਨ’ ਤੇ ਉਸ ਦੇ ‘ਅੰਮ੍ਰਿਤਕਾਲ’ ਦੇ ਵਿਚਾਲੇ ਖੜ੍ਹੇ ਹਾਂ। ਅਰਥਵਿਵਸਥਾ ਵਿੱਚ ਉੱਨਤੀ ਦੀਆਂ ਸੰਭਾਵਨਾਵਾਂ ਮੌਜੂਦ ਹਨ, ਪਰ ਇਹ ਸੰਭਾਵਨਾਵਾਂ ਭਵਿੱਖ ਦੇ ਗਰਭ ਵਿੱਚ ਹਨ ਅਤੇ ਇਨ੍ਹਾਂ ਦਾ ਵਰਤਮਾਨ ਮੁਸ਼ਕਿਲਾਂ ਤੇ ਸੰਕਟਾਂ ਨਾਲ ਭਰਿਆ ਪਿਆ ਹੈ। ਇਹ ਇੱਕ ਅਜਿਹਾ ਮੁਕਾਮ ਹੈ, ਜਿਸ ਵਿੱਚ ਹੋਣ ਵਾਲੀ ਕੋਈ ਵੀ ਢਿੱਲ-ਮੱਠ ਸਾਡੇ ਭਵਿੱਖ ਨੂੰ ਹਾਸ਼ੀਏ ’ਤੇ ਲੈ ਜਾਵੇਗੀ। ਸਰਕਾਰ, ਉਸ ਦਾ ਥਿੰਕਟੈਂਕ ਤੇ ਸਮਰਥਕ, ਜਿਨ੍ਹਾਂ ਅੰਕੜਿਆਂ ਦੇ ਸ਼ੀਸ਼ੇ ਵਿੱਚ ਅਰਥਵਿਵਸਥਾ ਨੂੰ ਦੁਨੀਆ ਦੇ ਪੈਮਾਨੇ ’ਤੇ ਉੱਚਾਈਆਂ ਛੂਹੰਦੀ ਦਿਖਾਉਣਾ ਚਾਹੁੰਦੇ ਹਨ, ਉਨ੍ਹਾਂ ਦੀ ਕਮਜ਼ੋਰੀ ਥੋੜ੍ਹੀ ਜਿਹੀ ਉੱਪਰਲੀ ਪਰਤ ਨੂੰ ਖੁਰਚਣ ਨਾਲ ਹੀ ਸਪੱਸ਼ਟ ਹੋ ਜਾਂਦੀ ਹੈ। ਅਕਸਰ ਕਿਹਾ ਜਾਂਦਾ ਹੈ ਕਿ ਭਾਰਤ ਦੇ ਸੇਵਾ ਖੇਤਰ ਨੇ ਨਿਰਯਾਤ (ਜਿਵੇਂ ਆਈ.ਟੀ) ਦੇ ਮਾਮਲੇ ਵਿੱਚ ਸ਼ਾਨਦਾਰ ਕਾਮਯਾਬੀ ਹਾਸਿਲ ਕੀਤੀ ਹੈ। ਪਰ ਜੇਕਰ ‘ਗਲੋਬਲ ਟ੍ਰਡੇ’ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਭਾਰਤ ਦੀ ਇਸ ਵਿੱਚ ਹਿੱਸੇਦਾਰੀ ਸਿਰਫ਼ 4.6 ਫ਼ੀਸਦੀ ਹੈ। ਇਹ ਹਾਲਤ ਮਾਲ ਜਾਂ ਵਸਤੂਆਂ ਦੇ ਨਿਰਯਾਤ ਦੀ ਹੈ। ਵਿਸ਼ਵਵਿਆਪੀ ਕਾਰੋਬਾਰ ਵਿੱਚ ਇਹ 2 ਫ਼ੀਸਦੀ ਤੋਂ ਵੀ ਘੱਟ ਹੈ। ਅਸੀਂ ਜਾਣਦੇ ਹਾਂ ਕਿ 90 ਦੇ ਦਹਾਕੇ ਤੋਂ ਹੀ ਭਾਰਤੀ ਅਰਥਵਿਵਸਥਾ ਨੂੰ ਨਿਰਯਾਤ ਆਧਾਰਿਤ ਵਿਕਾਸ ਦੇ ਪੈਟਰਨ ’ਤੇ ਚਲਾਇਆ ਜਾ ਰਿਹਾ ਹੈ। ਟਰੰਪ ਦੁਆਰਾ ਭਾਰਤੀ ਨਿਰਯਾਤ ’ਤੇ ਭਾਰੀ ਟੈਰਿਫ਼ ਲਗਾਉਣ ਨਾਲ ਪੈਦਾ ਹੋਈ ਬੈਚੇਨੀ ਦਾ ਇਹੀ ਕਾਰਨ ਹੈ। ਇਸ ਟੈਰਿਫ਼ ਨਾਲ ਗਲੋਬਲ ਵਪਾਰ ਵਿੱਚ ਇਹ ਮਾਮੂਲੀ ਤੋਂ ਫ਼ੀਸਦੀ ਹੋਰ ਹੇਠਾਂ ਚਲੇ ਜਾਣਗੇ।

ਕਈ ਗੱਲਾਂ ਇੱਕ ਅਜੀਬ ਤਰ੍ਹਾਂ ਦੇ ਰਾਸ਼ਟਰਵਾਦੀ ਮਾਣ ਦੇ ਨਾਲ ਇਕਤਰਫ਼ਾ ਅੰਦਾਜ਼ ਵਿੱਚ ਬਿਆਨ ਕੀਤੀਆਂ ਜਾਂਦੀਆਂ ਹਨ। ਜਿਵੇਂ 2024 ਦੇ ਅੰਤ ਵਿੱਚ ਪ੍ਰੈੱਸ ਇਨਫ਼ਾਰਮੇਸ਼ਨ ਬਿਊਰੋ ਨੇ ਦਾਅਵਾ ਕੀਤਾ ਸੀ ਕਿ ਸਾਲ 2000 ਦੇ ਬਾਅਦ ਤੋਂ ਭਾਰਤ ਦਾ ਪ੍ਰਤੱਖ ਵਿਦੇਸ਼ੀ ਨਿਵੇਸ਼ (ਐੱਫ਼.ਡੀ.ਆਈ.) ਇੱਕ ਲੱਖ ਕਰੋੜ (ਟ੍ਰਿਲੀਅਨ) ਡਾਲਰ ਤੱਕ ਪੁੱਜ ਗਿਆ ਹੈ। ਇਹ ਅੰਕੜੇ ਸੁਣਨ ਵਿੱਚ ਕਿੰਨੇ ਵੀ ਆਕਰਸ਼ਕ ਲੱਗਣ, ਪਰ ਗਲੋਬਲ ਐੱਫ਼.ਡੀ.ਆਈ.ਦਾ ਸਿਰਫ਼ ਢਾਈ ਫ਼ੀਸਦੀ ਹਨ। ਜਦੋਂ ਕੋਰੋਨਾ ਵਾਇਰਸ ਫ਼ੈਲਣ ਕਾਰਨ ਬਦਨਾਮੀ ਹੋਣ ਕਰਕੇ ਚੀਨ ਤੋਂ ਨਿਵੇਸ਼ ਦੀ ਹਿਜਰਤ ਹੋ ਰਹੀ ਸੀ ਤਾਂ ਸਰਕਾਰੀ ਨੈਰੇਟਿਵ ਇਹ ਚਲਾਇਆ ਗਿਆ ਕਿ ਇਸ ਨਾਲ ਭਾਰਤ ਨੂੰ ਬਹੁਤ ਫ਼ਾਇਦਾ ਹੋਵੇਗਾ। ਪਰ ਕੀ ਕੋਈ ਅਜਿਹਾ ਫ਼ਾਇਦਾ ਹੋਇਆ ? ਭਾਰਤ ਵਿੱਚ ਸਿਰਫ਼ 10 ਤੋਂ 15 ਫ਼ੀਸਦੀ ਨਿਵੇਸ਼ ਹੋਇਆ। ਭਾਰਤ ਦੇ ਵਿਸ਼ਾਲ ਮੱਧ ਵਰਗ ਦੀਆਂ ਸੁਨਹਿਰੀ ਤਸਵੀਰਾਂ ਬਹੁਤ ਉਭਾਰੀਆਂ ਜਾਂਦੀਆਂ ਹਨ, ਪਰ ਉਨ੍ਹਾਂ ਦੀ ਕਮਜ਼ੋਰ ਖ਼ਰੀਦ ਸ਼ਕਤੀ ਸਾਡੇ ਬਾਜ਼ਾਰ ਨੂੰ ਖਪਤ ਦੀਆਂ ਉੱਚਾਈਆਂ ’ਤੇ ਪਹੁੰਚਾਉਣ ਵਿੱਚ ਅਸਮਰੱਥ ਹੈ। ਭਾਰਤ ਵਿੱਚ ਖਪਤ ਵਧਣ ਦੀ ਰਫ਼ਤਾਰ ਸਿਰਫ਼ 3 ਫ਼ੀਸਦੀ ਹੈ, ਇਸੇ ਲਈ ਉਸ ਦੀ ਨਿਰਭਰਤਾ ਨਿਰਯਾਤ ’ਤੇ ਵਧ ਜਾਂਦੀ ਹੈ। ਸੈਰ-ਸਪਾਟੇ (ਟੂਰਿਜ਼ਮ) ਨੂੰ ਵਿਦੇਸ਼ ਮੁਦਰਾ ਵਧਾਉਣ ਦਾ ਇੱਕ ਵੱਡਾ ਜ਼ਰੀਆ ਮੰਨਿਆ ਜਾਂਦਾ ਹੈ, ਪਰ ਭਾਰਤ ਵਿੱਚ ਆਉਣ ਵਾਲੇ ਅੰਤਰਰਾਸ਼ਟਰੀ ਸੈਲਾਨੀਆਂ ਦੀ ਵਾਧਾ ਦਰ ਸਿਰਫ਼ 1.5 ਫ਼ੀਸਦੀ ਹੈ। ਪ੍ਰਧਾਨ ਮੰਤਰੀ ਨੇ ਹਾਲ ਹੀ ’ਚ ਦਾਅਵਾ ਕੀਤਾ ਹੈ ਕਿ ਭਾਰਤ ਦਾ ਰੱਖਿਆ ਬਜਟ ਪਿਛਲੇ 10 ਸਾਲਾਂ ਦੌਰਾਨ ਕਈ ਗੁਣਾ ਵਧ ਗਿਆ ਹੈ, ਪਰ ਜੀ.ਡੀ.ਪੀ. ਦੇ ਸੰਦਰਭ ਵਿੱਚ ਇਹ ਬਜਟ ਦੀ ਵਾਧਾ ਦਰ 2 ਫ਼ੀਸਦੀ ’ਤੇ ਰੁਕੀ ਹੋਈ ਹੈ। ਜਿੱਥੋਂ ਤੱਕ ਵਿਗਿਆਨ ਤੇ ਤਕਨਾਲੋਜੀ ਵਿੱਚ ਨਵੇਂ ਮੁਕਾਮ ਹਾਸਿਲ ਕਰਨ ਦਾ ਸਵਾਲ ਹੈ, ਭਾਰਤ ਪਤਾ ਨਹੀਂ ਕਦੋਂ ਤੋਂ ਇਸ ਖੇਤਰ ਵਿੱਚ ਪੂਰੀ ਤਰ੍ਹਾਂ ਅਪ੍ਰਸੰਗਿਕ ਬਣਿਆ ਹੋਇਆ ਹੈ।

ਅਰਥਵਿਵਸਥਾ ਦੀ ਪ੍ਰਗਤੀ ਨੂੰ ਨਾਪਣ ਦਾ ਇੱਕ ਮਾਪਦੰਡ ‘ਨਾਮੀਨਲ ਜੀ.ਡੀ.ਪੀ.’ ਹੈ, ਮਤਲਬ ਇੱਕ ਸਾਲ ਵਿੱਚ ਸਾਰੀਆਂ ਉਤਪਾਦਤ ਚੀਜ਼ਾਂ ਤੇ ਸੇਵਾਵਾਂ ਦਾ ਕੁੱਲ ਮੁੱਲ ਜਿਸ ਨੂੰ ਵਰਤਮਾਨ ਮੁੱਲਾਂ ਦੇ ਆਧਾਰ ’ਤੇ ਜੋੜਿਆ ਜਾਂਦਾ ਹੈ। ਸਾਨੂੰ ਮਾਣ ਹੈ ਦੇ ਅੰਦਾਜ਼ ਵਿੱਚ ਦਾਅਵਾ ਕੀਤਾ ਜਾ ਚੁੱਕਾ ਹੈ ਕਿ ‘ਨਾਮੀਨਲ ਜੀ.ਡੀ.ਪੀ.’ ਵਿੱਚ ਅਸੀਂ ਬਰਤਾਨੀਆ ਦੇ ਬਰਾਬਰ ਹੋ ਗਏ ਹਾਂ।

(ਬਾਕੀ ਸਫ਼ਾ 31 ’ਤੇ)

# ਟਰੰਪ ਟੈਰਿ.ਫ ਦੀ ਅਮਰੀਕੀ ਚੁਣੌਤੀ ਦਾ ਭਾਰਤ ਹੱਲ ਕਿਵੇਂ ਟੋਲੇ ?



ਪੂਰਨ ਚੰਦ ਸਰੀਨ




ਅੱਜ ਦੇਸ਼ ਅਜਿਹੇ ਮੋੜ ’ਤੇ ਖੜ੍ਹਾ ਹੈ ਜਿੱਥੇ ਇੱਕ ਪਾਸੇ ਪਾਕਿਸਤਾਨ ਨਾਲ ਸੰਘਰਸ਼ ਦੇ ਹਾਲਾਤ ਬਣੇ ਹੋਏ ਹਨ, ਦੂਜੇ ਪਾਸੇ ਚੀਨ ਦਾ ਯਕੀਨ ਨਹੀਂ, ਕਿ ਉਹ ਕਦੋਂ ਕੀ ਕਰ ਦੇਵੇ ? ਰੂਸ ਪੁਰਾਣਾ ਤੇ ਭਰੋਸੇਮੰਦ ਸਾਥੀ ਹੈ ਪਰ ਉਸ ਦੇ ਵੀ ਆਪਣੇ ਹਿੱਤ ਹਨ, ਜਦਕਿ ਅਮਰੀਕਾ ਧਮਕਾ ਰਿਹਾ ਹੈ ਕਿ ਜੇਕਰ ਉਸ ਦੀ ਗੱਲ ਨਾ ਮੰਨੀ ਗਈ ਤਾਂ ਨਤੀਜੇ ਖਤਰਨਾਕ ਹੋਣਗੇ। ਅਜਿਹੇ ਵਿੱਚ ਇਕੋ ਰਾਹ ਦੇਸ਼ ਨੂੰ ਆਤਮ ਨਿਰਭਰ ਹੋ ਕੇ ਆਪਣੇ ਬਲਬੂਤੇ ਆਪਣਾ ਸੁਰੱਖਿਆ ‘ਕਵਚ’ ਤਿਆਰ ਕਰਨ ਦਾ ਬਚਦਾ ਹੈ। ਜਦੋਂ ਦੇਸ਼ ਵਿਦੇਸ਼ੀ ਗੁਲਾਮੀ ਤੋਂ ਆਜ਼ਾਦ ਹੋਇਆ ਸੀ ਤਾਂ ਅਸੀਂ ਅਮੀਰ ਦੇਸ਼ ਦੇ ਗਰੀਬ ਨਿਵਾਸੀ ਸਾਂ, ਜਿਸ ਦੀ ਧਨ-ਦੌਲਤ, ਕੁਦਰਤੀ ਸਰੋਤਾਂ ਤੇ ਵਿਅਕਤੀਗਤ ਸੁਤੰਤਰਤਾ ਦੀ ਲੁੱਟ ਹੋ ਚੁੱਕੀ ਸੀ। ਉਸ ਸਮੇਂ ਸੱਤਾਧਾਰੀ ਲੋਕ, ਪਿੰਡ ਦਾ ਜ਼ਿਮੀਂਦਾਰ ਜਾਂ ਅਮੀਰ ਵਿਅਕਤੀ ਆਮ ਲੋਕਾਂ ਲਈ ਦੇਵਤਿਆਂ ਵਾਂਗ ਹੁੰਦੇ ਸਨ। ਉਨ੍ਹਾਂ ਬਰਾਬਰ ਖੜ੍ਹੇ ਹੋਣਾ ਜਾਂ ਅੱਖਾਂ ’ਚ ਅੱਖਾਂ ਪਾ ਕੇ ਗੱਲ ਕਰਨਾ ਹਿਮਾਕਤ ਸਮਝੀ ਜਾਂਦੀ ਸੀ। ਬਹੁਤੇ ਨੇਤਾ ਵਿਦੇਸ਼ੀ ਸੱਭਿਆਚਾਰ ਵਿਚ ਪਲੇ ਹੋਏ ਸਨ, ਪਰ ਉਨ੍ਹਾਂ ’ਚੋਂ ਕੁਝ ਭਾਰਤੀ ਵਿਰਾਸਤ ਦੇ ਪ੍ਰਤੀਕ ਸਨ ਜਿਨ੍ਹਾਂ ਨੇ ਸੂਝਬੂਝ ਨਾਲ ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਆਪਣਾ ਸਭ ਕੁਝ ਕੁਰਬਾਨ ਕਰਦਿਆਂ ਆਉਣ ਵਾਲੀ ਪੀੜ੍ਹੀ ਲਈ ਇਕ ਅਜਿਹਾ ਰਸਤਾ ਬਣਾਇਆ, ਕਿ ਜਿਸ ’ਤੇ ਚੱਲ ਕੇ ਅੱਜ ਭਾਰਤ ਦੁਨੀਆ ਦੇ ਕਿਸੇ ਵੀ ‘ਦਬੰਗ’ ਨੂੰ ਚੁਣੌਤੀ ਦੇ ਸਕਦਾ ਹੈ। ਯਾਦ ਕਰੋ ਕਿ ਕਦੇ ਅਸੀਂ ਵਿਦੇਸ਼ੀ ਅਨਾਜ ’ਤੇ ਨਿਰਭਰ ਸੀ ਅਤੇ ਅੱਜ ਦੇਸ਼ ਦੀ ਇੱਕ ਵੱਡੀ ਆਬਾਦੀ ਨੂੰ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਤਾਂ ਅਜਿਹੇ ਵਿਚ ਕੋਈ ਸਾਨੂੰ ਆਪਣੀ ਆਕੜ ਤੇ ਨਿਰੰਕੁਸ਼ ਤਾਕਤ ਨਾਲ ਕਿਵੇਂ ਧਮਕਾ ਸਕਦਾ ਹੈ ?

### ਆਰਥਿਕ ਯੁੱਧ

ਜਿਥੋਂ ਤੱਕ ਆਰਥਿਕ ਯੁੱਧ ਦਾ ਸੰਬੰਧ ਹੈ, ਕਦੋਂ ਤੇ ਕਿਥੋਂ ਅਤੇ ਕਿਹੜੀ ਪਾਬੰਦੀ ਜਾਂ ਕਿਸ ਤਰ੍ਹਾਂ ਦੀ ਆਰਥਿਕ ਨਾਕਾਬੰਦੀ ਨਾਲ ਸਾਡੀ ਅਰਥਵਿਵਸਥਾ ਨੂੰ ਚੌਤੀ ਦੇ ਕੇ ਸਾਡਾ ਮਨੋਬਲ ਘਟਾਉਣ ਲਈ ਸ਼ੁਰੂ ਕਰ ਦਿੱਤਾ ਜਾਵੇ, ਕੁਝ ਵੀ ਕਿਹਾ ਨਹੀਂ ਜਾ ਸਕਦਾ। ਇਹ ਅਸਲੀਅਤ ਹੈ ਕਿ ਜੇਕਰ ਟਰੰਪ ਟੈਰਿਫ਼ ਲਾਗੂ ਹੋ ਜਾਂਦਾ ਹੈ ਅਤੇ ਭਾਰਤ ਸਰਕਾਰ ਨੇ ਤੁਰੰਤ ਬਦਲਵੇਂ ਉਪਾਅ ਨਾ ਕੀਤੇ ਤਾਂ ਸਾਡੇ ਨਿਰਯਾਤ ’ਤੇ ਅਸਰ ਪੈਣਾ ਹੈ। ਜਿਨ੍ਹਾਂ ਉਦਯੋਗਿਕ ਇਕਾਈਆਂ ਤੇ ਕਾਰੋਬਾਰੀ ਸੰਸਥਾਵਾਂ ’ਤੇ ਪ੍ਰਤੀਕੂਲ ਪ੍ਰਭਾਵ ਪਵੇਗਾ, ਉਹ ਉਤਪਾਦਨ ਵਿੱਚ ਕਟੌਤੀ ਤੇ ਕਰਮਚਾਰੀਆਂ ਦੀ ਛਾਂਟੀ ਕਰ ਸਕਦੀਆਂ ਹਨ। ਨਿਰਯਾਤ ’ਤੇ ਨਿਰਭਰ ਨੌਕਰੀਆਂ ’ਤੇ ਸੰਕਟ ਆਉਣਾ ਤੈਅ ਹੈ। ‘ਮੇਕ ਇਨ ਇੰਡੀਆ’ ਦਾ ਢੋਲ ਤਾਂ ਬਹੁਤ ਵਜਾਇਆ ਗਿਆ, ਪਰ ਹੁਨਰ ਵਿਕਾਸ ਨਾ ਹੋਣ ਕਰ ਕੇ ਸਥਾਨਕ ਬਰਾਂਡ ਹਰਮਨ ਪਿਆਰੇ ਨਾ ਹੋ ਸਕੇ, ਜਿਸ ਦੀ ਵੱਡੀ ਵਜ੍ਹਾ ਸਰਕਾਰ ਦੁਆਰਾ ਬਣਾਏ ਨਿਯਮਾਂ ਵਿੱਚ ਲਚਕੀਲਾਪਨ ਨਾ ਹੋਣਾ ਤੇ ਇਨ੍ਹਾਂ ਦੀ ਪਾਲਣਾ ਕਰਵਾਉਣ ਲਈ ਅਧਿਕਾਰੀਆਂ ’ਤੇ ਨਿਰਭਰਤਾ ਦਾ ਰਹਿਣਾ ਹੈ। ਸਾਡੇ ਇੱਥੇ ਨੌਕਰਸ਼ਾਹੀ ਦਾ ਬੋਲਬਾਲਾ ਹੋਣ ਕਰਕੇ ਕੋਈ ਵੀ ਕੰਮ ਰਿਸ਼ਵਤਖੋਰੀ ਬਿਨਾਂ ਸੰਭਵ ਹੀ ਨਹੀਂ। ਭਾਵੇਂ ਅਸੀਂ ਦੁਨੀਆ ਦੀ ਤੀਜੀ ਅਰਥਵਿਵਸਥਾ ਬਣਨ ਵੱਲ ਵਧਣ ਦੀਆਂ ਗੱਲਾਂ ਕਰਦੇ ਰਹੀਏ, ਪਰ ਆਮ ਭਾਰਤੀ ਦੀ ਸਥਿਤੀ ਨੂੰ ਗਿਰਾਵਟ ਵੱਲ ਜਾਣ ਨੂੰ ਰੋਕਣ ਦੇ ਕੋਈ ਸੰਕੇਤ ਨਹੀਂ ਮਿਲ ਰਹੇ। ਜਦੋਂ ਵੀ ਕੋਈ ਨੇਤਾ ਦੇਸ਼ ਹਿੱਤ ਨੂੰ ਸਭ ਤੋਂ ਅੱਗੇ ਮੰਨਣ ਦੀ ਗੱਲ ਕਰਦਾ ਹੈ ਤਾਂ ਭਰੋਸਾ ਨਹੀਂ ਹੁੰਦਾ, ਕਿ ਉਹ ਆਪ ਕਿੰਨਾ ਇਮਾਨਦਾਰ ਹੈ ? ਸਾਡੇ ਦੇਸ਼ ਦੇ ਜ਼ਿਆਦਾਤਰ ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਮੁਕਤ ਸ਼ਖ਼ਸੀਅਤ ਵਜੋਂ ਇਸ ਅਹੁਦੇ ’ਤੇ ਬਿਰਾਜਮਾਨ ਹੋਏ, ਪਰ ਆਪਣੇ ਫ਼ੋਕੇ ਦਾਅਵਿਆਂ ਨਾਲ ਭ੍ਰਿਸ਼ਟਾਚਾਰ ਨੂੰ ਖ਼ਤਮ ਨਾ ਕਰਵਾ ਸਕੇ। ਸਟਾਰਟਅੱਪ ਇੰਡੀਆ ਦੀ ਅਸਫ਼ਲਤਾ ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ। ਨੌਜਵਾਨਾਂ ਦੇ ਸੁਪਨੇ ਇਸ ਲਈ ਸਾਕਾਰ ਨਹੀਂ ਹੁੰਦੇ ਕਿ ਉਨ੍ਹਾਂ ਵਿੱਚ ਸਮਰੱਥਾ ਤੇ ਪ੍ਰਤਿਭਾ ਦੀ ਕੋਈ ਕਮੀ ਹੈ, ਸਗੋਂ ਇਸ ਦਾ ਮੁੱਖ ਕਾਰਨ ਸਭ ਪੱਧਰਾਂ ’ਤੇ ਨਿਯਮ ਕਾਨੂੰਨਾਂ ਨੂੰ ਪੂਰਾ ਕਰਨ ਲਈ ਵਿਚੋਲਿਆਂ ਤੋਂ ਬਚ ਕੇ ਨਾ ਨਿਕਲ ਸਕਣਾ ਹੈ। ਭਾਵੇਂ ਦੇਸ਼ ਨੂੰ ਟਰੰਪ ਟੈਰਿਫ਼ ਤੋਂ ਬਚਾਉਣ ਲਈ ਖੇਤੀ ਉਤਪਾਦਾਂ ਲਈ ਅਮਰੀਕਾ ਲਈ ਬਾਜ਼ਾਰ ਨੂੰ ਨਾ ਖੋਲ੍ਹਣਾ ਕੁਝ ਹੱਦ ਤੱਕ ਠੀਕ ਹੈ, ਪਰ ਇਹ ਪੂਰਾ ਸੱਚ ਨਹੀਂ ਹੈ। ਕਿਸਾਨਾਂ ਦੀ ਭਲਾਈ ਬਾਰੇ ਸੋਚਣਾ ਅਤੇ ਉਸ ’ਤੇ ਅਮਲ ਕਰਨ ਵਿਚਾਲੇ ਬਹੁਤ ਵੱਡਾ ਅੰਤਰ ਹੈ। ਖੇਤੀ ਖੇਤਰ ਵਿੱਚ ਆਧੁਨਿਕ ਤਕਨੀਕ ਦੀ ਕਮੀ ਅਤੇ ਸਰਕਾਰ ਦੀ ਉਦਾਸੀਨਤਾ ਕਿਸਾਨ ਦੀ ਆਮਦਨੀ ਵਿੱਚ ਵਾਧਾ ਨਹੀਂ ਹੋਣ ਦਿੰਦੀ। ਭਾਵੇਂ ਖੇਤੀ ਕਾਨੂੰਨਾਂ ਨਾਲ ਕੁੱਝ ਉਮੀਦਾਂ ਬੱਝੀਆਂ ਸਨ, ਪਰ ਉਹ ਕਾਨੂੰਨ ਇੰਨੇ ਅਵਿਵਹਾਰਿਕ ਸਨ ਕਿ ਉਨ੍ਹਾਂ ਨੂੰ ਵਾਪਸ ਲੈਣਾ ਪਿਆ।

ਜਿੱਥੋਂ ਤੱਕ ਅੰਤਰਰਾਸ਼ਟਰੀ ਸਥਿਤੀ ਦਾ ਸਵਾਲ ਹੈ ਤਾਂ ਅੱਜ ਅਸੀਂ ਦੋ ਵਿਸ਼ਵ ਤਾਕਤਾਂ- ਅਮਰੀਕਾ ਤੇ ਰੂਸ ਦੇ ਵਿਚ ਫ਼ਸ ਗਏ ਹਾਂ ਅਤੇ ਤੀਜੀ ਤਾਕਤ ਚੀਨ ਦੇ ਨਿਸ਼ਾਨੇ ’ਤੇ ਹਾਂ। ਇਹ ਮੰਨ ਕੇ ਚੱਲਣਾ ਹੋਵੇਗਾ ਕਿ ਇਨ੍ਹਾਂ ’ਚੋਂ ਕੋਈ ਵੀ ਭਾਰਤ ਦਾ ਸਾਥ ਨਹੀਂ ਦੇਵੇਗਾ, ਕੋਈ ਵੀ ਸਾਡੀ ਸਿਰਫ਼ ਇਸ ਲਈ ਹੀ ਮਦਦ ਕਰੇਗਾ ਜੇਕਰ ਅਸੀਂ ਬਦਲੇ ਵਿੱਚ ਉਨ੍ਹਾਂ ਨੂੰ ਆਪਣੇ ਕਿਸੇ ਖੇਤਰ ਵਿੱਚ ਦਾਖਲ ਹੋਣ ਤੇ ਵਪਾਰ ਕਰਨ ਦੀ ਸਹਿਮਤੀ ਦੇਵਾਂਗੇ। ਇਹ ਇਕ ਤਰ੍ਹਾਂ ਨਾਲ ਡਰ ਤੇ ਸਹਿਮ ਦਾ ਮਨੋਵਿਗਿਆਨ ਹੈ, ਜਿਸ ਦੀ ਵਰਤੋਂ ਉਪਰੋਕਤ ਤਿੰਨੋਂ ਤਾਕਤਾਂ ਕਰ ਰਹੀਆਂ ਹਨ। ਉਨ੍ਹਾਂ ਦਾ ਇਕੋ ਇਕ ਉਦੇਸ਼ ਹੈ ਕਿ ਭਾਰਤ ਵਿੱਚ ਲੰਬੇ ਸਮੇਂ ਦੀ ਆਰਥਿਕ ਅਸਥਿਰਤਾ ਤੇ ਗਰੀਬੀ ਦਾ ਡਰ ਪੈਦਾ ਕੀਤਾ ਜਾਵੇ। ਇਸ ਨਾਲ ਸਾਡੀ ਜੀ.ਡੀ.ਪੀ. ਹੇਠਾਂ ਵੱਲ ਜਾਏਗੀ ਅਤੇ ਨਿਰਯਾਤ ਪ੍ਰਭਾਵਿਤ ਹੋਣ ਨਾਲ ਰੁਪਏ ’ਚ ਗਿਰਾਵਟ ਆਉਣ ਨਾਲ ਮਹਿੰਗਾਈ ਵਧੇਗੀ ਤੇ ਗਰੀਬ ਹੋਰ ਵੀ ਲਾਚਾਰ ਹੋਵੇਗਾ। ਅਜਿਹੇ ਵਿੱਚ ਆਮ ਵਿਅਕਤੀ ਲਈ ਇਕੋ ਰਸਤਾ ਬਚਦਾ ਹੈ ਕਿ ਉਹ ਆਪਣੀ ਬੱਚਤ ਵਧਾਏ ਅਤੇ ਬੇਲੋੜੇ ਖਰਚ ਵਿੱਚ ਕਟੌਤੀ ਕਰਦਿਆਂ ਸਥਾਨਕ ਉਤਪਾਦਾਂ ਦੀ ਵਰਤੋਂ ਨੂੰ ਪਹਿਲ ਦੇਵੇ। ਸਰਕਾਰ ਨੂੰ ਚਾਹੀਦਾ ਹੈ ਕਿ ਹੁਨਰ ਵਿਕਾਸ ਨੂੰ ਕਾਗਜ਼ਾਂ ਦੀ ਬਜਾਏ ਜ਼ਮੀਨੀ ਧਰਾਤਲ ’ਤੇ ਲਾਗੂ ਕਰਵਾਏ। ਆਤਮਨਿਰਭਰ ਬਣਨ ਦੇ ਸੰਕਲਪ ਨੂੰ ਸਪੱਸ਼ਟ ਟੀਚੇ ਤੇ ਸਮਾਂ ਹੱਦ ਤੈਅ ਕਰ ਕੇ ਯਕੀਨੀ ਬਣਾਇਆ ਜਾਵੇ। ਰੂਸ ਤੇ ਚੀਨ ਵਾਂਗ ਸਟੀਲ ਜਾਂ ਬਾਂਸ (ਬੈਂਬੂ ਕਰਟਨ) ਦੀ ਤਰਜ਼ ’ਤੇ ਵਾਤਾਵਰਣ ਬਣਾਉਣਾ ਹੋਵੇਗਾ, ਜਿਸ ਦੇ ਮੂਲ ਵਿੱਚ ਸਪੱਸ਼ਟ ਰਸਤਾ ਤੇ ਦ੍ਰਿੜ ਸੰਕਲਪ ਹੋਵੇ ਅਤੇ ਵਿਵਸਥਾ ਅਜਿਹੀ ਹੋਵੇ ਕਿ ਨਿਰਦੋਸ਼ ਤੇ ਦੋਸ਼ੀ ਦੀ ਪਛਾਣ ਹੋ ਸਕੇ। ਵਿਸ਼ਵ ਵਿੱਚ ਆਪਣੇ ਲਈ ਇੱਕ ਬਦਲਵਾਂ ਬਾਜ਼ਾਰ ਬਣਾਉਣਾ ਹੋਵੇਗਾ, ਜਿਸ ਲਈ ਆਪਣੇ ਉਤਪਾਦਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਪਹਿਲੀ ਸ਼ਰਤ ਹੈ। ਦੇਸ਼ ਦੇ ਲੋਕਾਂ ਨੂੰ ਯਕੀਨ ਦਿਵਾਉਣਾ ਹੋਵੇਗਾ ਕਿ ਭਾਰਤ ਵਿੱਚ ਵੀ ਅੰਤਰਰਾਸ਼ਟਰੀ ਪੱਧਰ ਦੀਆਂ ਵਸਤੂਆਂ ਦਾ ਨਿਰਮਾਣ ਹੁੰਦਾ ਹੈ।

ਸਾਨੂੰ ਇਸ ਖੁਸ਼ਫ਼ਹਿਮੀ ਤੋਂ ਬਾਹਰ ਨਿਕਲਣਾ ਹੋਵੇਗਾ ਕਿ ਸਾਡੀ ਆਬਾਦੀ ਸਭ ਤੋਂ ਜ਼ਿਆਦਾ ਹੋਣ ਕਰਕੇ ਦੁਨੀਆ ਲਈ ਬਹੁਤ ਵੱਡਾ ਬਾਜ਼ਾਰ ਹੈ ।

(ਬਾਕੀ ਸਫ਼ਾ 31 ’ਤੇ)

# ਗਾਜ਼ਾ ’ਚ ਇਜ਼ਰਾਇਲ ਵੱਲੋਂ ਭੁੱਖਮਰੀ ਨਾਲ ਕੀਤੀ ਜਾ ਰਹੀ ਨਸਲਕੁਸ਼ੀ

ਮਨੋਜ ਕੁਮਾਰ ਝਾਅ
ਰਾਸ਼ਟਰੀ ਜਨਤਾ ਦਲ ਤੋਂ ਰਾਜ ਸਭਾ ਮੈਂਬਰ।

ਗਾਜ਼ਾ ਨੂੰ ਇਜ਼ਰਾਇਲ ਵੱਲੋਂ ਲਗਾਤਾਰ ਭੁੱਖਾ ਰੱਖ ਕੇ ਜ਼ੁਲਮ ਕੀਤਾ ਜਾ ਰਿਹਾ ਹੈ, ਜਦੋਂਕਿ ਦੁਨੀਆ ਦੀ ਜ਼ਮੀਰ ਭੂ-ਰਾਜਨੀਤਕ ਗਿਣਤੀਆਂ-ਮਿਣਤੀਆਂ ਅਤੇ ਸ਼ਰਮਨਾਕ ਚੁੱਪ ਹੇਠਾਂ ਦੱਬੀ ਪਈ ਹੈ। ਸੰਯੁਕਤ ਰਾਸ਼ਟਰ ਨੇ ‘ਔੜ ਵਰਗੀਆਂ ਸਥਿਤੀਆਂ’ ਦੀ ਚਿਤਾਵਨੀ ਦਿੱਤੀ ਹੈ। ਮਨੁੱਖੀ ਅਧਿਕਾਰ ਸੰਗਠਨ ਕਹਿ ਰਹੇ ਹਨ ਕਿ ਇਹ ਜਾਣਬੁੱਝ ਕੇ ਕੀਤਾ ਗਿਆ ਹਿੰਸਕ ਵਿਨਾਸ਼ ਹੈ ਪਰ ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਨੂੰ ਉਹੀ ਆਖੀਏ ਜੋ ਇਹ ਅਸਲ ਵਿੱਚ ਹੈ: ਭੁੱਖਮਰੀ ਨਾਲ ਕੀਤੀ ਜਾ ਰਹੀ ਨਸਲਕੁਸ਼ੀ ਅਤੇ ਹਰ ਗੁਜ਼ਰਦੇ ਦਿਨ ਦੇ ਨਾਲ ਦੁਨੀਆ ਚੁੱਪ ਬੈਠੀ ਹੈ, ਇਸ ਤਰ੍ਹਾਂ ਇਹ ਇੱਕ ਪੂਰੀ ਨਸਲ ਦੇ ਲੋਕਾਂ ਦੇ ਹੌਲੀ-ਹੌਲੀ, ਯੋਜਨਾਬੱਧ ਢੰਗ ਨਾਲ ਕੀਤੇ ਜਾ ਰਹੇ ਖਾਤਮੇ ’ਚ ਸਹਿਯੋਗੀ ਬਣ ਰਹੀ ਹੈ। ਗਾਜ਼ਾ ਸਿਰਫ਼ ਦੁੱਖ ਦਾ ਪ੍ਰਤੀਕ ਨਹੀਂ ਹੈ, ਬਲਕਿ ਇਹ ਵੀ ਦਰਸਾਉਂਦਾ ਹੈ ਕਿ ਜਦੋਂ ਸੰਸਾਰ ਚੁੱਪ ਧਾਰ ਲੈਂਦਾ ਹੈ ਤਾਂ ਕਿਸੇ ਦੀ ਜਾਨ ਲੈਣੀ ਕਿੰਨੀ ਸੁਖਾਲੀ ਹੋ ਜਾਂਦੀ ਹੈ।

ਇਤਿਹਾਸ ਇਨ੍ਹਾਂ ਪਲਾਂ ਦਾ ਲੇਖਾ-ਜੋਖਾ ਸਖ਼ਤੀ ਨਾਲ ਮੰਗੇਗਾ। ਹਜ਼ਾਰਾਂ ਬੇਕਸੂਰ ਜਾਨਾਂ, ਜਿਨ੍ਹਾਂ ਵਿੱਚ ਬਹੁਤ ਸਾਰੇ ਬੱਚੇ ਸਨ, ਯਹੂਦੀ ਯੁੱਧ ਤੰਤਰ ਵੱਲੋਂ ਪਹਿਲਾਂ ਹੀ ਮਾਰ ਦਿੱਤੇ ਗਏ ਹਨ। ਇਜ਼ਰਾਇਲ ਨੇ ਹਸਪਤਾਲਾਂ ’ਤੇ ਬੰਬ ਸੁੱਟੇ ਹਨ। ਇਸ ਨੇ ਸਕੂਲਾਂ ਨੂੰ ਮਲਬੇ ਵਿੱਚ ਬਦਲ ਦਿੱਤਾ ਹੈ। ਲੱਖਾਂ ਲੋਕਾਂ ਨੂੰ ਜ਼ਬਰਦਸਤੀ ਉਜਾੜਿਆ ਗਿਆ ਹੈ। ਲੋਕ ਭੋਜਨ, ਪਾਣੀ ਤੇ ਬਿਜਲੀ ਤੋਂ ਕੱਟੇ ਹੋਏ ਹਨ। ਇੱਥੋਂ ਤੱਕ ਕਿ ਬੱਚਿਆਂ ਦੀ ਖ਼ੁਰਾਕ ਤੋਂ ਵੀ ਵਾਂਝੇ ਹਨ। ਸਭ ਸਪੱਸ਼ਟ ਦਿਖ ਰਿਹਾ ਹੈ, ਪਰ ਫਿਰ ਵੀ ਆਲਮੀ ਕਾਰਪੋਰੇਟ ਮੀਡੀਆ ਕਾਤਲਾਂ ਨੂੰ ਖੁਸ਼ ਕਰਨ ਤੇ ਪੀੜਤਾਂ ਨੂੰ ਦੋਸ਼ੀ ਠਹਿਰਾਉਣ ਲਈ ਗੱਲਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਜਾਰੀ ਰੱਖ ਰਿਹਾ ਹੈ ਤੇ ਪਲ-ਪਲ ਰੂਪ ਬਦਲ ਰਿਹਾ ਹੈ ਅਤੇ ਉਹ ਦੇਸ਼ ਜੋ ਦੁਨੀਆ ਨੂੰ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਉੱਤੇ ਭਾਸ਼ਣ ਦੇਣ ਤੋਂ ਕਦੇ ਨਹੀਂ ਝਿਜਕਦੇ, ਆਪ ਹੁਣ ਸਭ ਚੁੱਪਚਾਪ ਦੇਖ ਰਹੇ ਹਨ ਤੇ ਅਸੀਂ ਭਾਰਤੀ ਵੀ ਉਨ੍ਹਾਂ ਮੁਲਕਾਂ ’ਚ ਹੀ ਗਿਣੇ ਜਾਣ ਕਰ ਕੇ ਅਸਹਿਜ ਮਹਿਸੂਸ ਕਰ ਰਹੇ ਹਾਂ ਜੋ ਇਹ ਪ੍ਰਗਟ ਕਰਦੇ ਹਨ ਕਿ ਫ਼ਲਸਤੀਨੀ ਜਾਨਾਂ ਦੀ ਕੋਈ ਕੀਮਤ ਨਹੀਂ ਹੈ।



ਚਲੋ ਘੱਟੋ-ਘੱਟ ਅਸੀਂ ਇਹ ਦਿਖਾਵਾ ਨਾ ਕਰੀਏ ਕਿ ਭਾਰਤ ਵਿੱਚ ਸਾਨੂੰ ਨਹੀਂ ਪਤਾ ਕਿ ਗਾਜ਼ਾ ਵਿੱਚ ਕੀ ਹੋ ਰਿਹਾ ਹੈ ਜਾਂ ਇਹ ਕਹਿ ਕੇ ਜ਼ਿੰਮੇਵਾਰੀ ਤੋਂ ਨਾ ਭੱਜੀਏ ਕਿ ਸਾਡੇ ਕੋਲ ਆਪਣੀਆਂ ਹੀ ਘਰੇਲੂ ਸਮੱਸਿਆਵਾਂ ਬਥੇਰੀਆਂ ਹਨ ਜਿਨ੍ਹਾਂ ਵੱਲ ਤੁਰੰਤ ਧਿਆਨ ਦੇਣਾ ਬਣਦਾ ਹੈ। ਜਦੋਂ ਲੋਕ ਖ਼ੁਰਾਕ, ਪਾਣੀ, ਦਵਾਈਆਂ ਤੇ ਆਸਰੇ ਤੋਂ ਵਾਂਝੇ ਰਹਿੰਦੇ ਹਨ, ਕਿਸੇ ਦੁਰਘਟਨਾ ਕਰ ਕੇ ਨਹੀਂ, ਬਲਕਿ ਜਾਣਬੁੱਝ ਕੇ ਖੇਡੀ ਜਾ ਰਹੀ ਰਾਜਨੀਤੀ ਕਰ ਕੇ ਤਾਂ ਇਹ ਸਿਰਫ਼ ਇੱਕ ਮਾਨਵਤਾਵਾਦੀ ਸੰਕਟ ਨਹੀਂ ਰਹਿ ਜਾਂਦਾ; ਇੱਕ ਜੰਗੀ ਅਪਰਾਧ ਬਣ ਜਾਂਦਾ ਹੈ। ਬਦਕਿਸਮਤੀ ਨਾਲ ਭਾਰਤ ਵਰਗਾ ਇੱਕ ਸਭਿਅਕ ਦੇਸ਼ ਉਨ੍ਹਾਂ ਮੁਲਕਾਂ ’ਚ ਗਿਣਿਆ ਜਾ ਰਿਹਾ ਹੈ ਜੋ ਇਸ ਨਸਲਕੁਸ਼ੀ ਨੂੰ ਆਕਾਰ ਦੇ ਰਹੇ ਹਨ ਤੇ ਜਾਰੀ ਰੱਖ ਰਹੇ ਹਨ ਕਿਉਂਕਿ, ਆਪਣੀ ਚੁੱਪ ਵਿੱਚ ਅਸੀਂ ਉਨ੍ਹਾਂ ਨਾਲ ਖੜ੍ਹੇ ਦਿਖ ਰਹੇ ਹਾਂ ਜਿਹੜੇ ਸਾਂਝੀ ਮਾਨਵਤਾ ਦੀ ਮੌਤ ਦਾ ਫ਼ੈਸਲਾ ਦੇ ਰਹੇ ਹਨ। ਆਓ ਅਸੀਂ ਇਹ ਨਾ ਕਹੀਏ, “ਸਾਨੂੰ ਇਸ ਬਾਰੇ ਪਤਾ ਨਹੀਂ ਲੱਗਾ।” ਅਸੀਂ ਸਭ ਦੇਖਿਆ। ਅਸੀਂ ਜਾਣਦੇ ਸੀ। ਅਸੀਂ ਕੁਝ ਨਹੀਂ ਕੀਤਾ। ਸਾਡੀ ਇਖਲਾਕੀ ਅਸਫ਼ਲਤਾ ਭਾਰਤ ਦੇ ਆਨਲਾਈਨ ਜਨਤਕ ਦਾਇਰੇ ’ਚ ਵੀ ਦਿਖ ਰਹੀ ਹੈ, ਜਿੱਥੇ ਡਿਜੀਟਲ ਖੇਤਰ ਦੇ ਕੁਝ ਹਿੱਸਿਆਂ ਨੇ ਫ਼ਲਸਤੀਨੀ ਕਸ਼ਟਾਂ ਪ੍ਰਤੀ ਦੁਖਦਾਈ ਰੂਪ ’ਚ ਬੇਰੁਖੀ ਦਿਖਾਈ ਹੈ। ਸੋਸ਼ਲ ਮੀਡੀਆ ਪਲੈਟਫਾਰਮਾਂ ’ਤੇ ਅਜਿਹੀਆਂ ਪੋਸਟਾਂ ਨਜ਼ਰ ਆਉਂਦੀਆਂ ਹੁੰਦੀਆਂ ਹਨ ਜੋ ਹਿੰਸਾ ਦਾ ਜਸ਼ਨ ਮਨਾਉਂਦੀਆਂ ਹਨ, ਖ਼ਬਰਾਂ ਦੇ ਲੇਖਾਂ ਹੇਠ ਹੁੰਦੀਆਂ ਟਿੱਪਣੀਆਂ ਵਿੱਚ ਲੋਕਾਂ ਦੀਆਂ ਮੌਤਾਂ ਪ੍ਰਤੀ ਚਿੰਤਾਜਨਕ ਉਦਾਸੀਨਤਾ ਦਿਖਾਈ ਦਿੰਦੀ ਹੈ। ਵਰਤੋਂਕਾਰ ਅਜਿਹੀਆਂ ਪੋਸਟਾਂ ਸਾਂਝੀਆਂ ਕਰਦੇ ਹਨ ਜੋ ਬੇਰਹਿਮੀ ਨਾਲ ਫ਼ਲਸਤੀਨੀਆਂ ਦੇ ਦਰਦ ਨੂੰ ਨਜ਼ਰਅੰਦਾਜ਼ ਕਰਦੀਆਂ ਹਨ, ਇੱਥੋਂ ਤੱਕ ਕਿ ਇਸ ਦਾ ਮਜ਼ਾਕ ਵੀ ਉਡਾਉਂਦੀਆਂ ਹਨ, ਤੇ ਇਸ ਨਾਲ ਇੱਕ ਅਜਿਹਾ ਵਾਤਾਵਰਣ ਬਣਦਾ ਹੈ ਜਿੱਥੇ ਮਨੁੱਖੀ ਕਸ਼ਟ ਹਮਦਰਦੀ ਦੀ ਬਜਾਏ ਪੱਖਪਾਤੀ ਸੰਤੁਸ਼ਟੀ ਦਾ ਸਰੋਤ ਬਣ ਜਾਂਦਾ ਹੈ। ਇਸ ਤਰ੍ਹਾਂ ਦੀ ਬੇਰੁਖੀ ਸੁਤੰਤਰ ਰੂਪ ਵਿੱਚ ਪ੍ਰਗਟ ਹੁੰਦੀ ਹੈ, ਪਰ ਜਦੋਂ ਜ਼ਮੀਰ ਰੱਖਣ ਵਾਲੇ ਭਾਰਤੀ ਨਾਗਰਿਕ ਸ਼ਾਂਤੀਪੂਰਨ ਢੰਗ ਨਾਲ ਇਕਜੁੱਟਤਾ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਪੁਲਿਸ ਵੱਲੋਂ ਪ੍ਰੇਸ਼ਾਨ ਤੇ ਨਜ਼ਰਬੰਦ ਕੀਤਾ ਜਾਂਦਾ ਹੈ। ਵਿਦਿਆਰਥੀ ਤੇ ਸਿਵਲ ਸੁਸਾਇਟੀ ਦੇ ਮੈਂਬਰ, ਜੋ ਜੰਗਬੰਦੀ, ਮਾਨਵਤਾਵਾਦੀ ਸਹਾਇਤਾ ਤੋਂ ਰੋਕਾਂ ਚੁੱਕਣ, ਹਮਦਰਦੀ ਤੇ ਸਾਡੇ ਕੌਮੀ ਹੁੰਗਾਰੇ ਵਿੱਚ ਤੁਰੰਤ ਕਾਰਵਾਈ ਦੀ ਮੰਗ ਕਰਦੇ ਹਨ, ਨੂੰ ਮੁਸੀਬਤ ਖੜ੍ਹੀ ਕਰਨ ਵਾਲਿਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਸਰਕਾਰੀ ਪ੍ਰਣਾਲੀ, ਜੋ ਅਕਸਰ ਆਨਲਾਈਨ ਨਫ਼ਰਤੀ ਭਾਸ਼ਣਾਂ ਨੂੰ ਨਜ਼ਰਅੰਦਾਜ਼ ਕਰਦੀ ਹੈ, ਸ਼ਾਂਤੀ ਤੇ ਨਿਆਂ ਦੀ ਵਕਾਲਤ ਕਰਨ ਵਾਲਿਆਂ ਨੂੰ ਦਬਾਉਣ ’ਚ ਸਰਗਰਮ ਹੋ ਜਾਂਦੀ ਹੈ।

ਹਾਈ ਕੋਰਟ ਦੇ ਇੱਕ ਹਾਲੀਆ ਫ਼ੈਸਲੇ, ਜਿਸ ’ਚ ਪਟੀਸ਼ਨਕਰਤਾ ਗਾਜ਼ਾ ਦੀ ਨਸਲਕੁਸ਼ੀ ਵਿਰੁੱਧ ਇੱਕ ਰੋਸ ਪ੍ਰਦਰਸ਼ਨ ਕਰਨ ਲਈ ਪੁਲੀਸ ਪ੍ਰਵਾਨਗੀ ਤੋਂ ਹੋਈ ਨਾਂਹ ਨੂੰ ਚੁਣੌਤੀ ਦੇ ਰਹੇ ਸਨ, ਨੇ ਕੌਮਾਂਤਰੀ ਇਕਜੁੱਟਤਾ ਮੁਜ਼ਾਹਰਿਆਂ ਪ੍ਰਤੀ ਚਿੰਤਾਜਨਕ ਨਿਆਂਇਕ ਰਵੱਈਏ ਨੂੰ ਪ੍ਰਦਰਸ਼ਿਤ ਕੀਤਾ ਹੈ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਨਾਗਰਿਕਾਂ ਨੂੰ ਹਜ਼ਾਰਾਂ ਮੀਲ ਦੂਰ ਦੇ ਮੁੱਦਿਆਂ ਨਾਲੋਂ ਘਰੇਲੂ ਚਿੰਤਾਵਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਨਾਲ ਹੀ ਵਿਵਾਦਿਤ ਢੰਗ ਨਾਲ ਇਹ ਦਾਅਵਾ ਕੀਤਾ ਕਿ ਗਾਜ਼ਾ ਵਰਗੇ ਦੂਰ ਦੇ ਸੰਘਰਸ਼ਾਂ ’ਤੇ ਧਿਆਨ ਕੇਂਦਰਿਤ ਕਰਨਾ ਦੇਸ਼ਭਗਤੀ ਨਹੀਂ ਸੀ। ਬੈਂਚ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਅਜਿਹੇ ਪ੍ਰਦਰਸ਼ਨ ਰਾਸ਼ਟਰ ਦੀ ਵਿਦੇਸ਼ ਨੀਤੀ ਅਤੇ ਕੂਟਨੀਤਕ ਸਬੰਧਾਂ ਨੂੰ ਸੰਭਾਵੀ ਤੌਰ ’ਤੇ ਗੁੰਝਲਦਾਰ ਬਣਾ ਸਕਦੇ ਹਨ, ਖ਼ਾਸ ਤੌਰ ’ਤੇ ਇਜ਼ਰਾਇਲ-ਫ਼ਲਸਤੀਨੀ ਸੰਘਰਸ਼ ਦੇ ਸੰਦਰਭ ਵਿੱਚ, ਜਿਸ ਨੂੰ ਅਦਾਲਤ ਨੇ ਰਾਸ਼ਟਰੀ ਵਿਦੇਸ਼ੀ ਮਾਮਲਿਆਂ ਦਾ ਮੁੱਦਾ ਮੰਨਿਆ। ਨਿਆਂਪਾਲਿਕਾ ਦਾ ਤੰਗ ਰਾਸ਼ਟਰੀ ਹਿੱਤਾਂ ਅਤੇ ਦੇਸ਼ਭਗਤੀ ’ਤੇ ਦਿੱਤਾ ਜ਼ੋਰ, ਫ਼ਲਸਤੀਨੀ ਇਕਜੁੱਟਤਾ ਨਾਲ ਸਬੰਧਿਤ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਨਾਲ ਜੁੜੇ ਸਰੋਕਾਰਾਂ ਨੂੰ ਠੇਸ ਪਹੁੰਚਾਉਂਦਾ ਹੈ ਤੇ ਪ੍ਰਚੱਲਿਤ ‘ਰਾਸ਼ਟਰੀ ਭਾਵਨਾ’ ਨੂੰ ਵੀ ਦਰਸਾਉਂਦਾ ਹੈ।

ਗਾਜ਼ਾ ’ਚ ਜੋ ਵਾਪਰ ਰਿਹਾ ਹੈ ਉਹ ਯੁੱਧ ਦੀ ਅਰਾਜਕਤਾ ਦਾ ਨਤੀਜਾ ਨਹੀਂ ਹੈ- ਮੁੱਠੀ ਭਰ ਹਥਿਆਰਬੰਦ ਮੁਲਕਾਂ ਦੁਆਰਾ ਇੱਕ ਸੰਪੂਰਨ ਨਸਲ ਦੀ ਹਿੰਮਤ ਅਤੇ ਸਰੀਰ ਨੂੰ ਤੋੜਨ ਲਈ ਬੇਪਰਵਾਹ ਤੇ ਯੋਜਨਾਬੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ ਤੇ ਇਨ੍ਹਾਂ ਦੇਸ਼ਾਂ ਦੀ ਖ਼ੂਨ ਦੀ ਪਿਆਸ ਬੁੱਝ ਨਹੀਂ ਰਹੀ। ਉਨ੍ਹਾਂ ਦੀ ਲੋਕਾਂ ਨੂੰ ਮਾਰਨ ਅਤੇ ਫੱਟੜ ਕਰਨ ਦੀ ਇੱਛਾ ਇੰਨੀ ਤੀਬਰ ਹੈ ਕਿ ਉਹ ਆਪਣੇ ਹੀ ਨਾਗਰਿਕਾਂ ਦੇ ਵਿਰੋਧ ਪ੍ਰਦਰਸ਼ਨਾਂ ਨੂੰ ਅਪਰਾਧਕ ਘੋਸ਼ਿਤ ਕਰ ਰਹੇ ਹਨ। ਫਲਸਤੀਨੀ ਬੱਚੇ ਇਸ ਲਈ ਨਹੀਂ ਮਰ ਰਹੇ ਕਿ ਦੁਨੀਆ ਵਿੱਚ ਭੋਜਨ ਨਹੀਂ ਹੈ, ਬਲਕਿ ਇਸ ਲਈ ਜਾਨ ਗੁਆ ਰਹੇ ਹਨ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਇਸ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਬੁਨਿਆਦੀ ਜ਼ਰੂਰਤਾਂ- ਰੋਟੀ, ਪਾਣੀ, ਦਵਾਈਆਂ- ਨੂੰ ਰੋਕ ਕੇ ਯੁੱਧ ਦੇ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਫਿਰ ਵੀ ਆਲਮੀ ਭਾਈਚਾਰਾ ਜੋ ਰਿਪੋਰਟਾਂ, ਸੈਟੇਲਾਈਟ ਚਿੱਤਰਾਂ ਤੇ ਗਵਾਹੀਆਂ ਰਾਹੀਂ ਸਭ ਕੁਝ ਦੇਖ-ਸੁਣ ਰਿਹਾ ਹੈ, ਚੁੱਪ ਬੈਠਾ ਹੈ ਤੇ ਕੁਝ ਨਹੀਂ ਕਰ ਰਿਹਾ।

# ਤਵਾਰੀਖ਼ੀ ਪੈੜ ਬਣ ਗਏ ਹਨ ਚੰਨ ’ਤੇ ਮਨੁੱਖ ਦੇ ਪੈਰਾਂ ਦੇ ਨਿਸ਼ਾਨ

ਪ੍ਰਿੰ. ਹਰੀ ਕ੍ਰਿਸ਼ਨ ਮਾਇਰ

ਨਿੱਕੇ ਹੁੰਦਿਆਂ ਤੋਂ ਅਸੀਂ ਚੰਨ ਨੂੰ ਵਿੰਹਦੇ ਆ ਰਹੇ ਹਾਂ। ਬਾਤ ਸੁਣਾਉਂਦੀ ਦਾਦੀ ਚੰਨ ਵੱਲ ਉਂਗਲ ਕਰਕੇ ਕਹਿੰਦੀ, “ਔਹ ਦੇਖ ਚੰਨ ਦੀ ਮਾਂ ਚਰਖਾ ਕੱਤਦੀ। ਛੋਟਾ ਹੁੰਦਾ ਮੈਂ ਵੀ ਸੋਚਦਾ ਸਾਂ ਕਿ ਚੰਨ ਦਾ ਵੀ ਸਾਡੇ ਵਰਗਾ ਘਰ ਹੁੰਦਾ ਹੋਵੇਗਾ। ਚੰਨ ਦਾ ਕੁੜਤਾ ਪਜਾਮਾ ਬਣਾਉਣ ਲਈ ਉਸ ਦੀ ਮਾਂ ਚਰਖੇ ’ਤੇ ਸੂਤ ਕੱਤਦੀ ਹੋਵੇਗੀ। ਵੱਡਾ ਹੋਇਆ ਤਾਂ ਪਤਾ ਲੱਗਾ ਕਿ ਸੂਰਜ ਤੋਂ ਦੋ ਗਰਮ ਟੁਕੜੇ ਵੱਖ ਹੋਏ ਸਨ। ਇੱਕ ਟੁਕੜਾ ਠੰਡਾ ਹੋ ਕੇ ਧਰਤੀ ਬਣ ਗਿਆ ਅਤੇ ਦੂਜਾ ਚੰਨ। ਧਰਤੀ ਅਤੇ ਚੰਨ ਇੱਕੋ ਸਮੇਂ ਹੋਂਦ ਵਿੱਚ ਆਏ ਮੰਨੇ ਜਾਂਦੇ ਹਨ।

ਪੁਰਾਤਨ ਲੋਕਾਂ ਨੇ ਚੰਨ ਬਾਰੇ ਕਿੰਨੇ ਹੀ ਕਿੱਸੇ ਕਹਾਣੀਆਂ ਜੋੜ ਰੱਖੇ ਸਨ। ਚੰਨ ਨਾਲ ਜੁੜਿਆ ਕੈਲੰਡਰ ਵੀ ਪ੍ਰਚਲਿਤ ਹੈ। ਚੰਨ ਗ੍ਰਹਿਣ ਨੂੰ ਕਿਸੇ ਰਿਸ਼ੀ ਦਾ ਦਿੱਤਾ ਸਰਾਪ ਮੰਨਿਆ ਜਾਂਦਾ ਰਿਹਾ ਹੈ। ਫਿਰ ਜਦੋਂ ਮਨੁੱਖ ਚੰਨ ’ਤੇ ਗੇੜਾ ਲਗਾ ਆਇਆ ਤਾਂ ਇਹ ਸਾਰੇ ਕਿੱਸੇ ਕਹਾਣੀਆਂ ਝੂਠੇ ਨਿਕਲੇ।

ਚੰਨ ਵੱਲ ਭੇਜੇ ਪੁਲਾੜੀ ਵਾਹਨਾਂ ਦੀ ਸ਼ੁਰੂਆਤ 4 ਅਕਤੂਬਰ 1957 ਤੋਂ ਹੋਈ, ਜਦੋਂ ਰੂਸ ਨੇ ਪੁਲਾੜੀ ਯਾਨ ਸਪੂਤਨਿਕ ਨੂੰ ਚੰਨ ਵੱਲ ਭੇਜਿਆ ਸੀ। ਫਿਰ 2 ਜਨਵਰੀ 1959 ਨੂੰ ਪੁਲਾੜੀ ਵਾਹਨ ਲੂਨਾ-1 ਰੂਸ ਦੀ ਧਰਤੀ ਤੋਂ ਉੱਡਿਆ। ਫਿਰ ਲੂਨਾ-2 ਪੁਲਾੜੀ ਯਾਨ 12 ਸਤੰਬਰ 1959 ਨੂੰ ਚੰਨ ਦੀ ਸਤ੍ਹਾ ’ਤੇ ਪਹੁੰਚਣ ਵਾਲਾ ਪਹਿਲਾ ਪੁਲਾੜੀ ਯਾਨ ਬਣ ਗਿਆ। ਲੂਨਾ-3 ਪੁਲਾੜੀ ਵਾਹਨ ਨੂੰ 4 ਅਕਤੂਬਰ 1959 ਨੂੰ ਚੰਨ ਵੱਲ ਭੇਜਿਆ ਗਿਆ। ਇਹ ਚੰਨ ਦੀਆਂ ਫੋਟੋਆਂ ਵੀ ਖਿੱਚ ਲਿਆਇਆ ਸੀ। ਸੰਨ 1966 ’ਚ ਭੇਜਿਆ ਪੁਲਾੜੀ ਵਾਹਨ ਲੂਨਾ -9 ਚੰਨ ’ਤੇ ਸੰਜਮ ਨਾਲ ਉੱਤਰਨ ਵਾਲਾ ਅਤੇ ਲੂਨਾ-10 ਚੰਨ ਦੀ ਧਰਤੀ ਅੰਦਰ ਦਾਖਲ ਹੋਣ ਵਾਲਾ ਪਹਿਲਾ ਪੁਲਾੜੀ ਮਿਸ਼ਨ ਬਣ ਗਿਆ। ਇੰਜ ਰੂਸ ਦੁਨੀਆ ਵਿੱਚ ਸਭ ਤੋਂ ਪਹਿਲਾਂ ਮਨੁੱਖ ਰਹਿਤ ਪੁਲਾੜੀ ਵਾਹਨ ਚੰਨ ’ਤੇ ਭੇਜਣ ਅਤੇ ਉਸ ਨੂੰ ਮੁੜ ਧਰਤੀ ’ਤੇ ਲਿਆਉਣ ਵਿੱਚ ਕਾਮਯਾਬ ਹੋ ਗਿਆ ਸੀ। ਇਸ ਤੋਂ ਬਾਅਦ ਪੁਲਾੜੀ ਵਾਹਨ ਰਾਹੀਂ ਮਨੁੱਖ ਨੂੰ ਚੰਨ ’ਤੇ ਲਿਜਾਣ ਅਤੇ ਮੋੜ ਲਿਆਉਣ ਦੇ ਯਤਨ ਨਿਰੰਤਰ ਜਾਰੀ ਰਹੇ। ਸੰਨ 1961 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੌਹਨ ਕੈਨੇਡੀ ਨੇ ਐਲਾਨ ਕੀਤਾ ਕਿ ਅਮਰੀਕਾ ਸੰਨ 1970 ਤੀਕ ਚੰਨ ਉੱਪਰ ਮਨੁੱਖ ਨੂੰ ਉਤਾਰਨ ਅਤੇ ਵਾਪਸ ਧਰਤੀ ’ਤੇ ਲਿਆਉਣ ਦੇ ਸਮਰੱਥ ਹੋ ਜਾਵੇਗਾ, ਪਰ ਜੌਹਨ ਕੈਨੇਡੀ ਦਾ ਲਿਆ ਸੁਪਨਾ ਮਿੱਥੇ ਸਮੇਂ ਤੋਂ ਪਹਿਲਾਂ ਹੀ ਸਾਕਾਰ ਹੋ ਗਿਆ।

ਅਮਰੀਕਾ ਵੱਲੋਂ 24 ਦਸੰਬਰ 1968 ਨੂੰ ਅਪੋਲੋ-8 ਪੁਲਾੜੀ ਵਾਹਨ ਪੁਲਾੜ ਵਿੱਚ ਭੇਜਿਆ ਗਿਆ। ਇਹ ਪੁਲਾੜੀ ਵਾਹਨ ਚੰਨ ਦੇ ਪੂਰੇ ਦਸ ਚੱਕਰ ਲਗਾ ਕੇ 27 ਦਸੰਬਰ ਨੂੰ ਸ਼ਾਂਤ ਮਹਾਂਸਾਗਰ ’ਤੇ ਵਾਪਸ ਆ ਗਿਆ। ਫਿਰ ਅਪੋਲੋ-10 ਪੁਲਾੜ ਗੱਡੀ 15 ਮਈ 1969 ਨੂੰ ਦੋ ਪੁਲਾੜ ਯਾਤਰੀਆਂ ਸਮੇਤ ਚੰਨ ਵੱਲ ਭੇਜੀ ਗਈ। ਇਸ ਨੇ ਚੰਨ ਦੇ ਤਿੰਨ ਚੱਕਰ ਲਗਾਏ ਅਤੇ ਮੁੜ ਧਰਤੀ ’ਤੇ ਮੁੜ ਆਈ।



ਫਿਰ ਅਮਰੀਕਾ ਦੀ ਪੁਲਾੜੀ ਵਾਹਨ ਅਪੋਲੋ-11 ਦਾ ਮਾਡਿਊਲ ਕੋਲੰਬੀਆ ਤਿੰਨ ਪੁਲਾੜ ਯਾਤਰੀਆਂ ਨੀਲ ਆਰਮਸਟਰਾਂਗ, ਈ. ਐਲਡਰਿਨ ਅਤੇ ਪਾਇਲਟ ਮਾਈਕਲ ਕੋਲਿਨਜ਼ ਨੂੰ ਨਾਲ ਲੈ ਕੇ ਫਲੋਰੀਡਾ ਸਥਿਤ ਕੈਨੇਡੀ ਸਪੇਸ ਸੈਂਟਰ ਤੋਂ 16 ਜੁਲਾਈ 1969 ਨੂੰ ਚੰਨ ਵੱਲ ਰਵਾਨਾ ਹੋਇਆ। ਇਸ ਨੂੰ ਸੈਚੂਰਨ-5 ਰਾਕਟ ਛੱਡ ਕੇ ਆਇਆ ਸੀ। ਇਹ ਪੁਲਾੜੀ ਵਾਹਨ 20 ਜੁਲਾਈ 1969 ਨੂੰ ਚੰਨ ’ਤੇ ਮਿਥੀ ਥਾਂ ਸ਼ਾਂਤੀ ਸਾਗਰ ’ਤੇ ਉਤਾਰਿਆ ਗਿਆ। ਨੀਲ ਆਰਮਸਟਰਾਂਗ ਪੁਲਾੜੀ ਵਾਹਨ ਦੇ ਲੂਨਰ ਮਾਡਿਊਲ ‘ਈਗਲ’ ’ਚੋਂ ਪੌੜੀ ਲਾ ਕੇ ਸਭ ਤੋਂ ਪਹਿਲਾਂ ਚੰਨ ਦੀ ਦਲਦਲੀ ਜ਼ਮੀਨ ’ਤੇ ਉਤਰਿਆ। ਚੰਨ ’ਤੇ ਪੈਰ ਟਿਕਾਉਂਦੇਉਹ ਬੋਲਿਆ, “ਇਹ ਤਾਂ ਇੱਕ ਛੋਟਾ ਜਿਹਾ ਕਦਮ ਹੈ, ਪਰ ਮਾਨਵਤਾ ਲਈ ਇਹ ਇੱਕ ਬਹੁਤ ਵੱਡੀ ਇਤਿਹਾਸਕ ਪੁਲਾਂਘ ਹੈ। ਆਰਮਸਟਰਾਂਗ ਦੇ ਪੈਰ ਦਲਦਲ ਵਿੱਚ ਧਸ ਗਏ ਸਨ।

ਉਨ੍ਹਾਂ ਪੈਰਾਂ ਦੇ ਨਿਸ਼ਾਨ ਅੱਜ ਚਿਰਾਂ ਤੀਕ ਰਹਿਣ ਵਾਲੀ ਤਵਾਰੀਖ਼ੀ ਪੈੜ ਬਣ ਗਏ ਹਨ। ਵੀਹ ਮਿੰਟ ਪਿੱਛੋਂ ਐਲਡਰਿਨ ਆਰਮਸਟਰਾਂਗ ਵੀ ਨਾਲ ਆ ਰਲਿਆ ਸੀ। ਮਾਈਕਲ ਕੋਲਿਨਜ ਪੁਲਾੜੀ ਵਾਹਨ ਵਿੱਚ ਹੀ ਬੈਠਾ ਫੋਟੋਆਂ ਖਿੱਚਦਾ ਰਿਹਾ। ਡੇਟਾ ਇਕੱਤਰ ਕਰਦਾ ਰਿਹਾ। ਨੀਲ ਆਰਮਸਟਰਾਂਗ ਅਤੇ ਐਲਡਰਿਨ ਤਕਰੀਬਨ ਤਿੰਨ ਘੰਟੇ ਚੰਨ ਦੀ ਧੂੜ, ਮਿੱਟੀ, ਚੱਟਾਨਾਂ ਦੇ ਟੁਕੜੇ ਆਦਿ ਇਕੱਠੇ ਕਰਦੇ ਰਹੇ ਸਨ। ਉਨ੍ਹਾਂ ਨੇ ਚੰਨ ਦੀ ਸਤ੍ਹਾ ਤੋਂ 47.5 ਪੌਂਡ (21.5 ਕਿਲੋਗਰਾਮ) ਪਦਾਰਥ ਇਕੱਤਰ ਕਰ ਲਿਆ ਸੀ। ਚੰਨ ਦੀ ਜ਼ਮੀਨ ਦੀਆਂ ਫੋਟੋਆਂ ਖਿੱਚੀਆਂ। ਕੁਝ ਪ੍ਰਯੋਗ ਕੀਤੇ। ਡੇਟਾ ਇਕੱਠਾ ਕਰਕੇ ਤਰਤੀਬ ’ਚ ਕੀਤਾ। ਕੈਮਰੇ ਦਾ ਮੂੰਹ ਆਪਣੇ ਵੱਲ ਮੋੜ ਕੇ ਆਪਣੇ ਗ੍ਰਹਿ ਧਰਤੀ ਦੇ ਲੋਕਾਂ ਨੂੰ ਪੁਲਾੜ ਯਾਤਰੀ ਚੰਨ ਦੀ ਧਰਤੀ ’ਤੇ ਤੁਰਦੇ ਫਿਰਦੇ ਦਿਖਾਏ ਗਏ ਸਨ। ਉਨ੍ਹਾਂ ਚੰਨ ’ਤੇ ਇੱਕ ਥਾਂ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਚਾਰਲਸ ਨਿਕਸਨ ਦੇ ਦਸਤਖ਼ਤਾਂ ਵਾਲੀ ਧਾਤ ਦੀ ਪਲੇਟ ਰੱਖ ਕੇ, ਅਮਰੀਕਾ ਦਾ ਝੰਡਾ ਵੀ ਲਾਇਆ। ਪੁਲਾੜ ਯਾਤਰੀਆਂ ਨੇ ਚੰਨ ਦੀ ਸਤ੍ਹਾ ’ਤੇ ਤਕਰੀਬਨ 21 ਘੰਟੇ 36 ਮਿੰਟ ਸ਼ਾਂਤੀ ਸਾਗਰ ਸਾਈਟ ’ਤੇ ਗੁਜ਼ਾਰੇ। ਅਪੋਲੋ-11 ਮਿਸ਼ਨ ਦਾ ਤੈਅ ਕੀਤਾ ਸਮਾਂ 8 ਦਿਨ 18 ਮਿੰਟ 35 ਸੈਕਿੰਡ ਸੀ। ਪੁਲਾੜ ਯਾਤਰੀ ਇਸ ਸਮੇਂ ਦੌਰਾਨ ਚੰਨ ਦੀ ਧਰਤੀ ’ਤੇ ਤਕਰੀਬਨ ਇੱਕ ਕਿਲੋਮੀਟਰ ਦੀ ਦੂਰੀ ਤੀਕ ਹੀ ਤੁਰੇ ਸਨ।


ਬਾਅਦ ਵਿੱਚ ਰਾਸ਼ਟਰਪਤੀ ਚਾਰਲਸ ਨੇ ਵ੍ਹਾਈਟ ਹਾਊਸ ਤੋਂ ਪੁਲਾੜ ਯਾਤਰੀਆਂ ਨੂੰ ਫੋਨ ’ਤੇ ਮੁਬਾਰਕਬਾਦ ਵੀ ਦਿੱਤੀ ਸੀ। ਧਰਤੀ ਦੇ ਲੱਖਾਂ ਲੋਕਾਂ ਨੇ ਪ੍ਰਸਾਰਨ ਮਾਧਿਅਮ ਰਾਹੀਂ ਨੀਲ ਆਰਮਸਟਰਾਂਗ ਅਤੇ ਐਲਡਰਿਨ ਨੂੰ ਚੰਨ ਦੀ ਧਰਤੀ ’ਤੇ ਉਤਰਦਿਆਂ ਦੇਖਿਆ ਸੀ। ਵਿਸ਼ਵ ਦੇ ਕਿੰਨੇ ਹੀ ਮੁਲਕਾਂ ਨੇ ਨਾਸਾ ਨੂੰ ਵਧਾਈ ਦੇ ਸੰਦੇਸ਼ ਭੇਜੇ ਸਨ। ਮਾਸਕੋ ਰੇਡੀਓ ਨੇ ਚੰਨ ’ਤੇ ਮਨੁੱਖ ਦੇ ਪੈਰ ਰੱਖਣ ਦੀ ਖ਼ਬਰ ਸਭ ਤੋਂ ਪਹਿਲਾਂ ਪ੍ਰਸਾਰਿਤ ਕੀਤੀ ਸੀ।

ਈਗਲ ਪੁਲਾੜੀ ਵਾਹਨ ਨੂੰ ਪਾਇਲਟ ਨੇ ਪੂਰਨ ਸੁਰੱਖਿਆ ਨਾਲ 21 ਜੁਲਾਈ ਨੂੰ ਕੋਲੰਬੀਆ ਨਾਲ ਜੋੜਨ ਲਈ ਮਿਥੀ ਥਾਂ ’ਤੇ ਲੈ ਆਂਦਾ ਸੀ। ਫਿਰ ਕੋਲੰਬੀਆ ਪੁਲਾੜੀ ਵਾਹਨ ਵਾਪਸ ਧਰਤੀ ਵੱਲ ਮੁੜ ਪਿਆ। ਧਰਤੀ ਵੱਲ ਮੁੜਦਿਆਂ ਗੁਆਮ ਟ੍ਰੈਕਿੰਗ ਸਟੇਸ਼ਨ ਵਿੱਚ ਖ਼ਰਾਬੀ ਪੈਣ ਨਾਲ ਪਲ ਭਰ ਲਈ ਪੁਲਾੜ ਗੱਡੀ ਦਾ ਸੰਪਰਕ ਧਰਤੀ ਨਾਲੋਂ ਟੁੱਟਿਆ ਰਿਹਾ, ਪਰ ਸਟੇਸ਼ਨ ਡਾਇਰੈਕਟਰ ਚਾਰਲਸ ਫੋਰਸ ਦੇ ਦਸ ਸਾਲਾ ਪੁੱਤਰ ਦੇ ਨਿੱਕੇ ਹੱਥਾਂ ਨਾਲ ਹਾਊਸਿੰਗ ਵਿੱਚ ਗ੍ਰੀਸ ਭਰਨ ਨਾਲ ਸੰਪਰਕ ਮੁੜ ਜੁੜ ਗਿਆ ਸੀ। ਫਿਰ 24 ਜੁਲਾਈ 1969 ਨੂੰ ਸਫਲਤਾਪੂਰਵਕ ਪੁਲਾੜੀ ਵਾਹਨ ਦਾ ਮਾਡਿਊਲ ਕੋਲੰਬੀਆ ਧਰਤੀ ਤੇ ਸ਼ਾਂਤ ਮਹਾਂਸਾਗਰ ਦੀ ਸਤ੍ਹਾ ’ਤੇ ਆ ਟਕਰਾਇਆ। ਕਿੰਗ ਹੈਲੀਕਾਪਟਰ ਅਤੇ ਗਰੂਮੈਨ ਟ੍ਰੇਸਰ ਰਿਕਵਰੀ ਉਪਕਰਨ, ਸੰਚਾਰ ਉਪਕਰਨ, ਫੋਟੋਗ੍ਰਾਫਿਕ ਕੈਮਰਿਆਂ ਨਾਲ ਲੈਸ ਹੋ ਕੇ ਪਹਿਲਾਂ ਹੀ ਤਿਆਰ ਸਨ। ਕੋਲੰਬੀਆ ਨੂੰ ਸੰਤੁਲਨ ਵਿੱਚ ਲਿਆਂਦਾ ਗਿਆ। ਗੋਤਾਖੋਰਾਂ ਨੇ ਪੁਲਾੜ ਯਾਤਰੀਆਂ ਨੂੰ ਦੂਜੇ ਲੋਕਾਂ ਤੋਂ ਵੱਖ ਕਰਨ ਲਈ ਵਿਸ਼ੇਸ਼ ਕਿਸਮ ਦੇ ਕੱਪੜੇ ਦਿੱਤੇ। ਉਨ੍ਹਾਂ ਨੂੰ ਸੁਰੱਖਿਅਤ ਬੇੜੀ ਤੀਕ ਲਿਜਾਣ ਵਿੱਚ ਮਦਦ ਕੀਤੀ। ਉਨ੍ਹਾਂ ਨੂੰ ਚੰਨ ਦੀ ਸਤ੍ਹਾ ਤੋਂ ਚਿੰਬੜੇ ਰੋਗਜਨਕ ਪਦਾਰਥਾਂ ਤੋਂ ਮੁਕਤ ਕਰਨ ਲਈ ਸੋਡੀਅਮ ਹਾਈਪੋਕਲੋਰਾਈਟ ਘੋਲ ਨਾਲ ਇਸ਼ਨਾਨ ਕਰਾਇਆ ਗਿਆ। ਪੁਲਾੜ ਗੱਡੀ ਤੋਂ ਚੰਨ ਦੀ ਧੂੜ ਲਾਹੁਣ ਲਈ ਕੋਲੰਬੀਆ ਨੂੰ ਬੀਟਾਡੀਨ ਨਾਲ ਧੋਤਾ ਗਿਆ। ਉਨ੍ਹਾਂ ਨੂੰ ਮੋਬਾਈਲ ਕੁਆਰਟਾਈਨ ਦੀ ਸਹੂਲਤ ਦਿੱਤੀ ਗਈ ਸੀ। ਫਿਰ ਉਨ੍ਹਾਂ ਨੂੰ ਇੱਕੀ ਦਿਨ ਇਕਾਂਤਵਾਸ ਲਈ ਭੇਜਿਆ ਗਿਆ। ਪੁਲਾੜ ਗੱਡੀ ਵਿੱਚੋਂ ਚੰਨ ਤੋਂ ਲਿਆਂਦੇ ਮਿੱਟੀ ਦੇ ਨਮੂਨੇ, ਡੇਟਾ, ਫਿਲਮਾਂ, ਟੇਪਾਂ ਬਗੈਰਾ ਉਤਾਰ ਲਏ ਗਏ ਸਨ। ਇਨ੍ਹਾਂ ਨੂੰ ਅਗਲੇਰੀ ਜਾਂਚ ਪੜਤਾਲ ਲਈ ਪ੍ਰਯੋਗਸ਼ਾਲਾ ਵਿੱਚ ਭੇਜ ਦਿੱਤਾ ਗਿਆ ਸੀ ਅਪੋਲੋ-11 ਮਨੁੱਖ ਨੂੰ ਚੰਨ ’ਤੇ ਲਿਜਾਣ ਵਾਲਾ ਦੁਨੀਆ ਦਾ ਪਹਿਲਾ ਪੁਲਾੜੀ ਵਾਹਨ ਬਣ ਗਿਆ। ਇਸ ਦੇ ਨਾਲ ਨੀਲ ਆਰਮਸਟਰਾਂਗ ਚੰਨ ’ਤੇ ਪੈੜਾਂ ਪਾਉਣ ਵਾਲਾ ਪਹਿਲਾ ਪੁਲਾੜ ਯਾਤਰੀ ਬਣ ਗਿਆ। ਅਮਰੀਕਾ ਮਨੁੱਖ ਨੂੰ ਪੁਲਾੜੀ ਵਾਹਨ ਰਾਹੀਂ ਚੰਨ ’ਤੇ ਲਿਜਾਣ ਵਾਲਾ ਪਹਿਲਾ ਮੁਲਕ ਬਣ ਗਿਆ।

# ਸ਼੍ਰੋਮਣੀ ਅਕਾਲੀ ਦਲ ਕਾਰਨ ਹੀ ਪੰਜਾਬ ਦਾ ਇੱਕ ਹਿੱਸਾ ਭਾਰਤ 'ਚ ਹੋਇਆ ਸ਼ਾਮਿਲ

ਡਾ. ਗ਼ੁਲਾਮ ਮੁਸਤਫ਼ਾ ਡੋਗਰ




ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਜਦੋਂ ਕਾਂਗਰਸ, ਮੁਸਲਿਮ ਲੀਗ, ਅਕਾਲੀ ਦਲ, ਯੂਨੀਨਿਸਟ ਪਾਰਟੀ ਤੇ ਹੋਰ ਧਿਰਾਂ ਦਰਮਿਆਨ ਪੰਜਾਬ ਨੂੰ ਇਕੱਠਾ ਰੱਖਣ ਲਈ ਕੋਈ ਸਹਿਮਤੀ ਨਾ ਬਣੀ ਤਾਂ ਗਵਰਨਰ ਪੰਜਾਬ ਈ.ਐਮ. ਜੈਨਕੀਨਸ ਨੇ ਪੰਜਾਬ ਅਸੈਂਬਲੀ ਦੇ ਮੈਂਬਰਾਂ ਨੂੰ ਕਿਹਾ ਕਿ ਤੁਸੀਂ ਖ਼ੁਦ ਇਕੱਠੇ ਹੋ ਕੇ ਫ਼ੈਸਲਾ ਕਰ ਲਵੋ ਕਿ ਤੁਸੀਂ ਪੰਜਾਬ ਨੂੰ ਇਕੱਠਾ ਰੱਖਣਾ ਹੈ ਜਾਂ ਵੰਡਣਾ ਹੈ? ਇਹ ਫ਼ੈਸਲਾ ਪੰਜਾਬ ਅਸੈਂਬਲੀ ਦੇ ਹਿੰਦੂ, ਸਿੱਖ ਤੇ ਮੁਸਲਮਾਨ ਮੈਂਬਰਾਂ ਨੇ ਕਰਨਾ ਸੀ। ਜੇ ਤਾਂ ਸਿੱਧੇ-ਸਿੱਧੇ ਵੋਟ ਪੈਂਦੇ ਤਾਂ ਫ਼ੈਸਲਾ ਬੜਾ ਆਸਾਨ ਸੀ ਕੁੱਲ 175 ਮੈਂਬਰ ਸਨ, ਜਿਨ੍ਹਾਂ ਵਿਚੋਂ 73 ਮੁਸਲਮਾਨ ਸਨ, 51 ਹਿੰਦੂ ਸਨ ਤੇ 22 ਮੈਂਬਰ ਅਕਾਲੀ ਦਲ ਦੇ ਅਤੇ 19 ਮੈਂਬਰ ਯੂਨੀਨਿਸਟ ਪਾਰਟੀ ਦੇ ਸਨ, ਜਿਨ੍ਹਾਂ ਵਿੱਚ ਹਿੰਦੂ, ਸਿੱਖ ਤੇ ਮੁਸਲਮਾਨ ਸਾਰੇ ਸ਼ਾਮਿਲ ਸਨ। 11 ਆਜ਼ਾਦ ਮੈਂਬਰ ਸਨ, ਜਿਨ੍ਹਾਂ ਵਿੱਚ ਮੁਸਲਮਾਨ, ਸਿੱਖ ਤੇ ਹਿੰਦੂ ਤਿੰਨੋ ਸਨ। ਮੁਸਲਿਮ ਲੀਗ ਵਾਲੇ ਪੰਜਾਬ ਨੂੰ ਇਕੱਠਾ ਰੱਖਣਾ ਚਾਹੁੰਦੇ ਸਨ। ਯੂਨੀਨਿਸਟ ਪਾਰਟੀ ਵੱਲੋਂ ਪਹਿਲਾਂ ਹੀ ਪੰਜਾਬ ਨੂੰ ਇਕੱਠਾ ਰੱਖਣ ਦੀ ਖ਼ਾਹਿਸ਼ ਪ੍ਰਗਟ ਕੀਤੀ ਗਈ ਸੀ। ਇਸ ਵਾਸਤੇ 73 ਮੁਸਲਿਮ ਲੀਗ ਦੇ ਅਤੇ 9 ਮੈਂਬਰ ਮੁਸਲਮਾਨ ਯੂਨੀਨਿਸਟ ਪਾਰਟੀ ਦੇ, 2 ਆਜ਼ਾਦ ਮੁਸਲਿਮ ਮੈਂਬਰ ਤੇ 5 ਮੁਸਲਿਮ ਮੈਂਬਰ ਸਪੈਸ਼ਲ ਸੀਟਾਂ ਵਾਲੇ ਸਨ। ਇੱਕ ਮੁਸਲਮਾਨ ਕਾਂਗਰਸ ਦਾ ਮੈਂਬਰ ਵੀ ਸੀ। ਉਸ ਨੇ ਵੀ ਵੋਟ ਇਸੇ ਪਾਸੇ ਹੀ ਦੇਣਾ ਸੀ। ਪੰਜਾਬ ਵਿੱਚ ਦੋ ਇਸਾਈ ਮੈਂਬਰ ਵੀ ਸਨ। ਕੁੱਲ 92 ਮੈਂਬਰ ਹੋ ਜਾਂਦੇ।

92 ਮੈਂਬਰ ਪੰਜਾਬ ਦੀ ਅਸੈਂਬਲੀ ਵਿੱਚ 50 ਫ਼ੀਸਦੀ ਤੋਂ ਜ਼ਿਆਦਾ ਵੋਟ ਰੱਖਦੇ ਸਨ। ਇਸ ਲਈ ਜੇਕਰ ਸਿੱਧੇ ਤੌਰ 'ਤੇ ਵੋਟ ਪੈਂਦੇ ਤਾਂ ਪੰਜਾਬ ਇਕੱਠਾ ਰਹਿ ਸਕਦਾ ਸੀ। ਪਰ ਅੰਗਰੇਜ਼ਾਂ ਵੱਲੋਂ ਇਕ ਤਰੀਕਾ ਸਾਹਮਣੇ ਲਿਆਂਦਾ ਗਿਆ, ਇਸ ਦੀ ਜਾਣਕਾਰੀ 3 ਜੂਨ, 1947 ਨੂੰ ਗਵਰਨਰ ਪੰਜਾਬ ਈ.ਐਮ. ਜੈਨਕੀਨਸ ਨੇ ਇੱਕ ਬਿਆਨ ਰਾਹੀਂ ਦਿੱਤੀ, ਜਿਸ ਦੇ ਤਹਿਤ ਇੱਕ ਇਜਲਾਸ 23 ਜੂਨ ਨੂੰ ਤੇ ਦੂਜਾ 4 ਜੁਲਾਈ, 1947 ਨੂੰ ਬੁਲਾਇਆ ਗਿਆ ਕਿਉਂਕਿ ਪੰਜਾਬ ਅਸੈਂਬਲੀ ਦੇ ਮੁਸਲਮਾਨ ਮੈਂਬਰ ਚਾਹੇ ਉਹ ਮੁਸਲਿਮ ਲੀਗ ਨਾਲ ਸੰਬੰਧ ਰੱਖਦੇ ਸਨ ਜਾਂ ਯੂਨੀਨਿਸਟ ਪਾਰਟੀ ਨਾਲ ਤੇ ਜਾਂ ਆਜ਼ਾਦ ਸਨ, ਉਹ ਸਾਰੇ ਪੰਜਾਬ ਨੂੰ ਇਕੱਠਾ ਰੱਖ ਕੇ ਪਾਕਿਸਤਾਨ ਵਿੱਚ ਸ਼ਾਮਿਲ ਕਰਨਾ ਚਾਹੁੰਦੇ ਸਨ। ਪਰ ਦੂਸਰੇ ਪਾਸੇ ਕਾਂਗਰਸ ਤੇ ਅਕਾਲੀ ਦਲ ਦੇ ਮੈਂਬਰ ਹਰ ਕੀਮਤ 'ਤੇ ਪੰਜਾਬ ਨੂੰ ਵੰਡਣਾ ਚਾਹੁੰਦੇ ਸਨ ਅਤੇ ਇਸ ਦਾ ਇਕ ਹਿੱਸਾ ਭਾਰਤ ਵਿੱਚ ਸ਼ਾਮਿਲ ਕਰਨਾ ਚਾਹੁੰਦੇ ਸਨ। ਗਵਰਨਰ ਨੇ ਇਸ ਗੱਲ ਦਾ ਹੁਕਮ ਦਿੱਤਾ ਕਿ ਪੰਜਾਬ ਅਸੈਂਬਲੀ ਦੇ ਮੈਂਬਰਾਂ ਨੂੰ ਦੋ ਹਿੱਸਿਆਂ ਵਿੱਚ ਤਕਸੀਮ ਕਰ ਦਿੱਤਾ ਜਾਵੇ। ਇਕ ਹਿੱਸੇ ਵਿੱਚ ਚੜ੍ਹਦੇ ਪੰਜਾਬ ਦੇ ਮੈਂਬਰ ਇਕੱਠੇ ਕੀਤੇ ਜਾਣ, ਜਿਸ ਵਿੱਚ ਅੱਜ ਦੇ ਹਿਮਾਚਲ ਪ੍ਰਦੇਸ਼, ਹਰਿਆਣਾ, ਗੁਰਦਾਸਪੁਰ ਤੋਂ ਫ਼ਿਰੋਜ਼ਪੁਰ ਦੀ ਹੱਦ ਤੱਕ। ਦੂਸਰੇ ਹਿੱਸੇ ਵਿੱਚ ਲਹਿੰਦੇ ਪੰਜਾਬ ਦੇ ਮੈਂਬਰ ਇਕੱਠੇ ਕੀਤੇ ਜਾਣ ਜੋ ਗੁਰਦਾਸਪੁਰ ਤੋਂ ਲਹਿੰਦੇ ਵਾਲੇ ਪਾਸੇ ਅਟਕ ਤੱਕ ਤੇ ਦੱਖਣ ਵਾਲੇ ਪਾਸੇ ਮੁਲਤਾਨ ਤੇ ਡੇਰਾ ਗਾਜ਼ੀਖਾਨ ਤੱਕ ਦੇ ਮੈਂਬਰ ਹੋਣ। ਦੋਵਾਂ ਹਿੱਸਿਆਂ ਦੇ ਮੈਂਬਰਾਂ ਦੇ ਅਲੱਗ-ਅਲੱਗ ਵੋਟ ਪਵਾਏ ਜਾਣ। ਪੰਜਾਬ ਅਸੈਂਬਲੀ ਦੇ ਦੋਵੇਂ ਹਿੱਸਿਆਂ ਦੇ ਮੈਂਬਰ ਵੱਖ-ਵੱਖ ਵੋਟਾਂ ਪਾ ਕੇ ਕਹਿਣ ਕਿ ਪੰਜਾਬ ਵੰਡਿਆ ਨਹੀਂ ਜਾਣਾ ਚਾਹੀਦਾ, ਤਾਂ ਪੰਜਾਬ ਇਕੱਠਾ ਹੀ ਰਹੇਗਾ। ਪਰ ਜੇ ਦੋਵੇਂ ਹਿੱਸਿਆਂ ਵਿਚੋਂ ਇੱਕ ਹਿੱਸੇ ਦੇ ਵੀ 20 ਤੋਂ ਵੱਧ ਮੈਂਬਰਾਂ ਦੀ ਬਹੁਮੰਤਵੀ ਨਾਲ ਵੋਟਾਂ ਪਾ ਕੇ ਇਹ ਕਹਿ ਦਿੱਤਾ ਕਿ ਪੰਜਾਬ ਵੰਡਿਆ ਜਾਣਾ ਹੈ ਤਾਂ ਪੰਜਾਬ ਵੰਡਿਆ ਹੀ ਜਾਵੇਗਾ। ਉਹ 23 ਜੂਨ, 1947 ਸੋਮਵਾਰ ਦਾ ਮੰਦਭਾਗਾ ਦਿਨ ਸੀ। ਸਾਢੇ ਤਿੰਨ ਕਰੋੜ ਪੰਜਾਬੀਆਂ ਦਾ ਫ਼ੈਸਲਾ ਪੰਜਾਬ ਦੀਆਂ ਤਿੰਨ ਵੱਡੀਆਂ ਸਿਆਸੀ ਜਮਾਤਾਂ ਦੇ 175 ਮੈਂਬਰਾਂ ਨੇ ਕਰਨਾ ਸੀ। ਪੰਜਾਬ ਅਸੈਂਬਲੀ ਦੇ ਸਪੀਕਰ ਦੀਵਾਨ ਬਹਾਦਰ ਐਸ.ਪੀ. ਸਿੰਘ ਜੋ ਕਿ ਮਜ਼ਬੀ ਤੌਰ 'ਤੇ ਇਸਾਈ ਸਨ, ਦੀ ਪ੍ਰਧਾਨਗੀ ਹੇਠ ਲਹਿੰਦੇ ਪੰਜਾਬ ਦੀ ਮੀਟਿੰਗ ਪੰਜਾਬ ਅਸੈਂਬਲੀ ਦੇ ਟੀ-ਰੂਮ ਵਿੱਚ ਰੱਖੀ ਗਈ। ਦੂਸਰੇ ਪਾਸੇ ਡਿਪਟੀ ਸਪੀਕਰ ਸਰਦਾਰ ਕਪੂਰ ਸਿੰਘ ਨੇ ਪੰਜਾਬ ਅਸੈਂਬਲੀ ਦੇ ਕੈਬਨਿਟ ਰੂਮ ਵਿੱਚ ਚੜ੍ਹਦੇ ਪੰਜਾਬ ਦੇ ਮੈਂਬਰਾਂ ਦੀ ਮੀਟਿੰਗ ਰੱਖੀ। ਦੋਵੇਂ ਇਜਲਾਸ ਅਲੱਗ-ਅਲੱਗ 23 ਜੂਨ, 1947 ਨੂੰ ਸਵੇਰੇ ਦਸ ਵਜੇ ਹੋਏ। ਪਹਿਲਾਂ ਲਹਿੰਦੇ ਪੰਜਾਬ ਦੀ ਅਸੈਂਬਲੀ ਦਾ ਰਿਜ਼ਲਟ ਵੇਖ ਲਵੋ। ਲਹਿੰਦੇ ਪੰਜਾਬ ਦੇ ਮੁਸਲਮਾਨ ਮੈਂਬਰ, ਜਿਨ੍ਹਾਂ ਦੀ ਗਿਣਤੀ 69 ਸੀ ਉਨ੍ਹਾਂ ਨੇ ਵੋਟ ਪਾਏ ਕਿ ਪੰਜਾਬ ਕਿਸੇ ਵੀ ਕੀਮਤ 'ਤੇ ਵੰਡਿਆ ਨਹੀਂ ਜਾਣਾ ਚਾਹੀਦਾ। ਇਕੱਠਾ ਹੀ ਰਹਿਣਾ ਚਾਹੀਦਾ ਹੈ। ਲਹਿੰਦੇ ਪੰਜਾਬ ਦੀ ਅਸੈਂਬਲੀ ਦੇ ਸਾਰੇ ਸਿੱਖ ਤੇ ਹਿੰਦੂ ਮੈਂਬਰਾਂ ਨੇ ਵੋਟ ਪਾਏ ਕਿ ਪੰਜਾਬ ਹਰ ਸੂਰਤ ਵਿੱਚ ਵੰਡਿਆ ਜਾਣਾ ਚਾਹੀਦਾ ਹੈ। ਇਨ੍ਹਾਂ ਮੈਂਬਰਾਂ ਦੀ ਗਿਣਤੀ 27 ਸੀ। ਇਸ ਤਰ੍ਹਾਂ ਲਹਿੰਦੇ ਪੰਜਾਬ ਨੇ ਪੰਜਾਬ ਨੂੰ ਨਾ ਵੰਡਣ ਦੇ ਪੱਖ ਵਿੱਚ ਫ਼ੈਸਲਾ ਦੇ ਦਿੱਤਾ। ਲਹਿੰਦੇ ਪੰਜਾਬ ਦੇ ਜਿਨ੍ਹਾਂ ਮੈਂਬਰਾਂ ਨੇ ਪੰਜਾਬ ਦੀ ਵੰਡ ਕਰਨ ਦੇ ਪੱਖ ਵਿੱਚ ਵੋਟ ਪਾਏ ਉਨ੍ਹਾਂ ਵਿੱਚ 8 ਮੈਂਬਰ ਅਕਾਲੀ ਦਲ ਦੇ ਸਨ, ਜਿਨ੍ਹਾਂ ਦੇ ਨਾਂਅ ਸਰਦਾਰ ਅਜੀਤ ਸਿੰਘ ਲਾਇਲਪੁਰ ਦੱਖਣ ਪਾਸੇ ਤੋਂ ਸਨ, ਦਲੀਪ ਸਿੰਘ ਕਾਂਗ ਲਾਇਲਪੁਰ ਤੋਂ, ਸ. ਜਸਵੰਤ ਸਿੰਘ ਦੁੱਗਲ ਲਹਿੰਦਾ ਦੱਖਣੀ ਪੰਜਾਬ, ਜੁਗਿੰਦਰ ਸਿੰਘ ਮਾਨ ਗੁੱਜਰਾਂਵਾਲਾ, ਅਜਲ ਸਿੰਘ ਸ਼ਹਿਰੀ ਸੀਟ, ਨਰਿੰਦਰ ਸਿੰਘ ਮਿੰਟਗੁਮਰੀ, ਵਰਿਆਮ ਸਿੰਘ, ਕਰਤਾਰ ਸਿੰਘ, ਗੁਰਬਚਨ ਸਿੰਘ ਬਾਜਵਾ ਆਜ਼ਾਦ, ਸੱਜਣ ਸਿੰਘ ਕਸੂਰ, ਸਰਦੋਰ ਸਿੰਘ ਲਾਹੌਰ, ਸ਼ਿਵ ਸਿੰਘ ਕਾਂਗਰਸ, ਸੁੰਦਰ ਸਿੰਘ ਸਿਆਲਕੋਟ ਤੇ ਬਾਕੀ 14 ਮੈਂਬਰ ਕਾਂਗਰਸ ਦੇ ਸਨ।


ਇਸ ਤਰ੍ਹਾਂ ਲਹਿੰਦੇ ਪੰਜਾਬ ਦੇ ਮੁਸਲਮਾਨ ਮੈਂਬਰਾਂ ਨੇ ਇਹ ਫ਼ੈਸਲਾ ਕਰ ਦਿੱਤਾ ਕਿ ਪੰਜਾਬ ਵੰਡਿਆ ਨਹੀਂ ਜਾਣਾ ਚਾਹੀਦਾ। ਦੂਜੇ ਪਾਸੇ ਕੈਬਨਿਟ ਰੂਮ ਵਿੱਚ ਚੜ੍ਹਦੇ ਪੰਜਾਬ ਦੇ ਅਸੈਂਬਲੀ ਦੇ ਮੈਂਬਰਾਂ ਦੀ ਬੈਠਕ ਹੋਈ ਤੇ ਉਨ੍ਹਾਂ ਦਾ ਨਤੀਜਾ ਕੁਝ ਇਸ ਤਰ੍ਹਾਂ ਦਾ ਸੀ। ਚੜ੍ਹਦੇ ਪੰਜਾਬ ਨਾਲ ਤੁਅੱਲਕ ਰੱਖਣ ਵਾਲੇ 22 ਮੁਸਲਮਾਨ ਮੈਂਬਰਾਂ ਨੇ ਵੋਟ ਪਾਏ ਕਿ ਪੰਜਾਬ ਨਹੀਂ ਵੰਡਿਆ ਜਾਣਾ ਚਾਹੀਦਾ। ਜਦੋਂ ਕਿ ਦੂਜੇ ਪਾਸੇ 50 ਸਿੱਖ ਤੇ ਹਿੰਦੂ ਮੈਂਬਰਾਂ ਨੇ ਵੋਟ ਪਾਏ ਕਿ ਪੰਜਾਬ ਹਰ ਸੂਰਤ ਵਿੱਚ ਵੰਡਿਆ ਜਾਣਾ ਚਾਹੀਦਾ ਹੈ। ਅਸਲ ਵਿੱਚ ਪੰਜਾਬ ਦੇ ਵੰਡਣ ਤੇ ਨਾ ਵੰਡਣ ਦੀ ਸਾਰੀ ਖੇਡ ਅਕਾਲੀ ਦਲ ਦੇ 22 ਮੈਂਬਰਾਂ ਦੀਆਂ ਵੋਟਾਂ 'ਤੇ ਟਿਕੀ ਹੋਈ ਸੀ। ਅਕਾਲੀ ਦਲ ਦੇ ਇਹ ਵੋਟ ਜਿਸ ਪਾਸੇ ਜਾਂਦੇ, ਉਹ ਪਾਸਾ ਜਿੱਤ ਜਾਣਾ ਸੀ। ਅੰਗਰੇਜ਼ਾਂ ਵੱਲੋਂ ਬਣਾਏ ਫ਼ਾਰਮੂਲੇ ਮੁਤਾਬਿਕ ਪੰਜਾਬ ਅਸੈਂਬਲੀ ਦੇ ਮੈਂਬਰਾਂ ਦਾ ਇਕ ਹਿੱਸਾ ਲਹਿੰਦਾ ਜਾਂ ਚੜ੍ਹਦਾ ਬਹੁਸੰਮਤੀ ਨਾਲ ਪੰਜਾਬ ਦੀ ਵੰਡ ਦੇ ਹੱਕ ਵਿੱਚ ਵੋਟ ਪਾਏਗਾ ਤਾਂ ਪੰਜਾਬ ਲਾਜ਼ਮੀ ਹੀ ਵੰਡਿਆ ਜਾਣਾ ਸੀ। ਪੰਜਾਬ ਉਸੇ ਸੂਰਤ ਵਿੱਚ ਇਕ ਰਹਿ ਸਕਦਾ ਸੀ, ਜਦੋਂ ਪੰਜਾਬ ਦੇ ਦੋਵੇਂ ਹਿੱਸਿਆਂ ਦੇ ਮੈਂਬਰ ਵਾਧੂ ਗਿਣਤੀ ਨਾਲ ਪੰਜਾਬ ਨਾ ਵੰਡਣ ਦੇ ਹੱਕ ਵਿੱਚ ਵੋਟ ਪਾਉਂਦੇ। ਚੜ੍ਹਦੇ ਪੰਜਾਬ ਦੇ ਮੈਂਬਰਾਂ ਦੀ ਵੱਧ ਗਿਣਤੀ ਨੇ ਪੰਜਾਬ ਵੰਡਣ ਦੇ ਹੱਕ ਵਿੱਚ ਵੋਟਾਂ ਪਾਈਆਂ ਸਨ। ਇਸ ਵਾਸਤੇ ਪੰਜਾਬ ਨੂੰ ਵੰਡਣ ਦੇ ਫ਼ੈਸਲੇ 'ਤੇ ਹਮੇਸ਼ਾ ਵਾਸਤੇ ਮੋਹਰ ਲੱਗ ਗਈ। ਇਸ ਦੇ ਨਾਲ ਹੀ ਇੱਕ ਕਰੋੜ ਪੰਜਾਬੀਆਂ ਦੀ ਤਬਾਹੀ ਤੇ ਘਰੋਂ ਬੇਘਰ ਹੋਣ ਦਾ ਰਾਹ ਵੀ ਸਿੱਧਾ ਹੋ ਗਿਆ। ਲਹਿੰਦੇ ਪੰਜਾਬ ਵਿੱਚ ਮੁਸਲਮਾਨ ਮੈਂਬਰ ਬਹੁਤ ਜ਼ਿਆਦਾ ਸਨ। ਇਸ ਵਾਸਤੇ ਅਕਾਲੀ ਦਲ ਦੇ 8 ਤੇ 4 ਆਜ਼ਾਦ ਸਿੱਖ ਮੈਂਬਰਾਂ ਤੇ ਕਾਂਗਰਸ ਦੇ ਮੈਂਬਰਾਂ ਨਾਲ ਫ਼ਰਕ ਨਹੀਂ ਪਿਆ ਸੀ। ਫ਼ਰਕ 42 ਵੋਟਾਂ ਦਾ ਸੀ, ਜੋ ਬਹੁਤ ਵੱਡਾ ਸੀ। ਕੁੱਲ 96 ਵੋਟਾਂ ਵਿਚੋਂ 69 ਯਾਨੀ 72 ਫ਼ੀਸਦੀ ਪੰਜਾਬ ਨੂੰ ਨਾ ਵੰਡਣ ਵਾਸਤੇ ਪਈਆਂ। ਸਿਰਫ਼ 27 ਵੋਟ ਭਾਵ 28 ਫ਼ੀਸਦੀ ਪੰਜਾਬ ਦੀ ਵੰਡ ਵਾਸਤੇ ਪਏ। ਪੰਜਾਬ ਨੂੰ ਵੰਡਣ ਦਾ ਫ਼ੈਸਲਾ ਚੜ੍ਹਦੇ ਪੰਜਾਬ ਨੇ ਕੀਤਾ। ਇਸ ਵਿੱਚ ਅਕਾਲੀ ਦਲ ਦੀਆਂ 14 ਵੋਟਾਂ ਦਾ ਬਹੁਤ ਵੱਡਾ ਹੱਥ ਸੀ। ਜੋ ਇਹ ਸਨ ਗੁਰਬਚਨ ਸਿੰਘ ਫ਼ਿਰੋਜ਼ਪੁਰ, ਇੰਦਰ ਸਿੰਘ ਸ਼ਹਿਰੀ ਸੀਟ, ਈਸ਼ਰ ਸਿੰਘ ਮਝੈਲ ਅੰਮ੍ਰਿਤਸਰ, ਜਗਜੀਤ ਸਿੰਘ ਮਾਨ ਸਪੈਸ਼ਲ ਸੀਟ ਸੈਂਟਰਲ ਪੰਜਾਬ, ਕਪੂਰ ਸਿੰਘ ਲੁਧਿਆਣਾ, ਨਰਵਟਨ ਸਿੰਘ ਦੱਖਣ ਚੜ੍ਹਦਾ ਪੰਜਾਬ, ਪਿਆਰਾ ਸਿੰਘ ਹੁਸ਼ਿਆਰਪੁਰ, ਰਤਨ ਸਿੰਘ ਮੋਗਾ, ਸਵਰਨ ਸਿੰਘ ਜਲੰਧਰ, ਤਾਰਾ ਸਿੰਘ ਫ਼ਿਰੋਜ਼ਪੁਰ, ਊਧਮ ਸਿੰਘ ਅੰਮ੍ਰਿਤਸਰ, ਬਲਦੇਵ ਸਿੰਘ ਅੰਬਾਲਾ, ਸ਼ਿਵਸਰਨ ਸਿੰਘ ਹੁਸ਼ਿਆਰਪੁਰ, ਵਰਿਆਮ ਸਿੰਘ ਪਟਿਆਲਾ। ਜੇ ਅਕਾਲੀ ਦਲ ਦੇ ਚੜ੍ਹਦੇ ਪੰਜਾਬ ਦੇ 14 ਵੋਟ ਪੰਜਾਬ ਦੀ ਵੰਡ ਵਾਸਤੇ ਨਾ ਪੈਂਦੇ ਬਾਕੀ 36 ਵੋਟਾਂ ਰਹਿ ਜਾਣੀਆਂ ਸਨ। ਦੂਜੇ ਪਾਸੇ ਜੇ ਅਕਾਲੀ ਦਲ ਦੇ ਇਹੀ 14 ਵੋਟ ਪੰਜਾਬ ਦੇ ਇਕੱਠੇ ਰਹਿਣ ਵਾਲੇ ਪਾਸੇ ਰਹਿੰਦੇ ਤਾਂ 22+14=36 ਵੋਟ ਹੋ ਜਾਣੇ ਸਨ। ਇਸ ਤਰ੍ਹਾਂ ਇਹ ਵੰਡ ਰੁਕ ਜਾਣੀ ਸੀ।

ਪੰਜਾਬ ਅਸੈਂਬਲੀ ਦੇ ਕੁੱਲ ਮੈਂਬਰ 175 ਸਨ। ਪਰ ਇਨ੍ਹਾਂ ਵਿਚੋਂ ਕੁਝ ਯੂਰਪੀਅਨ ਮੈਂਬਰ ਵੀ ਸਨ। ਜਿਹੜੇ ਵੋਟ ਪਏ ਉਹ 168 ਸਨ। ਇਸ ਦਾ ਮਤਲਬ ਕੁੱਲ ਵਿਚੋਂ 7 ਵੋਟ ਨਹੀਂ ਪਏ। ਹੋ ਸਕਦਾ ਹੈ ਕੋਈ ਮੈਂਬਰ ਬਿਮਾਰ ਹੋਵੇ ਜਾਂ ਕਿਸੇ ਯੂਰਪੀਅਨ ਮੈਂਬਰ ਨੇ ਵੋਟ ਨਾ ਪਾਏ ਹੋਣ। ਵੰਡ ਦੇ ਹੱਕ ਵਿੱਚ ਲਹਿੰਦੇ ਪੰਜਾਬ 'ਚੋਂ ਹਿੰਦੂਆਂ ਤੇ ਸਿੱਖਾਂ ਦੇ 27 ਵੋਟ ਤੇ ਚੜ੍ਹਦੇ ਪੰਜਾਬ 'ਚੋਂ ਹਿੰਦੂਆਂ ਤੇ ਸਿੱਖਾਂ ਦੇ 50 ਵੋਟ ਕੁੱਲ 77 ਵੋਟ ਪੰਜਾਬ ਨੂੰ ਵੰਡਣ ਵਾਸਤੇ ਪਏ। ਜਦੋਂ ਕਿ ਪੰਜਾਬ ਨੂੰ ਨਾ ਵੰਡਣ ਵਾਸਤੇ ਲਹਿੰਦੇ ਪੰਜਾਬ 'ਚੋਂ ਮੁਸਲਮਾਨਾਂ ਦੇ 69 ਵੋਟ ਤੇ ਚੜ੍ਹਦੇ ਪੰਜਾਬ 'ਚੋਂ 22 ਕੁੱਲ 91 ਵੋਟ ਪਏ। 77 ਨਾਲੋਂ 91 ਵੋਟਾਂ ਜ਼ਿਆਦਾ ਸਨ, ਕਿਉਂਕਿ ਇਨ੍ਹਾਂ ਨੂੰ ਦੋ ਹਿੱਸਿਆਂ 'ਚ ਤਕਸੀਮ ਕੀਤਾ ਗਿਆ ਸੀ। ਉਨ੍ਹਾਂ ਨੂੰ ਪਤਾ ਸੀ ਕਿ ਚੜ੍ਹਦੇ ਪੰਜਾਬ 'ਚ ਹਿੰਦੂ ਸਿੱਖ ਜ਼ਿਆਦਾ ਨੇ। ਉੱਥੇ ਇਹ ਗੱਲ ਨਹੀਂ ਮੰਨੀ ਜਾਣੀ। ਉਨ੍ਹਾਂ ਵਲੋਂ ਪੰਜਾਬ ਨੂੰ ਵੰਡਣ ਵਾਸਤੇ ਵੋਟ ਪਾ ਦਿੱਤੇ ਜਾਣੇ ਹਨ। ਇਸ ਵਾਸਤੇ ਪੰਜਾਬ ਵੰਡਿਆ ਹੀ ਜਾਣਾ ਸੀ ਤੇ ਅਖ਼ੀਰ ਪੰਜਾਬ ਵੰਡਿਆ ਹੀ ਗਿਆ।

ਯੂਨੀਨਿਸਟ ਪਾਰਟੀ ਪੰਜਾਬ ਦੇ ਮੈਂਬਰ ਪੰਜਾਬ ਨੂੰ ਇਕੱਠਾ ਰੱਖਣ ਦੇ ਹਾਮੀ ਸਨ। ਇਸ ਦੇ ਵੀ ਕੁਝ ਮੈਂਬਰ ਚੜ੍ਹਦੇ ਪੰਜਾਬ 'ਚ ਮੌਜੂਦ ਸਨ, ਜਿਵੇਂ ਹਾਂਸੀ ਤੋਂ ਸੂਰਜ ਮੱਲ, ਗੁੜਗਾਉਂ ਤੋਂ ਮਨੋਹਰ ਸਿੰਘ ਤੇ ਪ੍ਰੇਮ ਸਿੰਘ, ਹੁਸ਼ਿਆਰਪੁਰ ਤੋਂ ਮੰਗੂ ਰਾਮ, ਜਲੰਧਰ ਤੋਂ ਸੰਤ ਰਾਮ। ਸਿੱਖ ਪੰਥ ਦੇ ਸੱਤ ਹੋਰ ਮੈਂਬਰ ਵੀ ਸਨ ਜੋ ਕਾਂਗਰਸ ਵਿੱਚ ਸ਼ਾਮਿਲ ਸਨ। ਇਨ੍ਹਾਂ ਵਿਚੋਂ ਬਚਨ ਸਿੰਘ ਲੁਧਿਆਣੇ ਤੋਂ, ਕਹਿਰ ਸਿੰਘ ਜਗਰਾਓਂ ਤੋਂ, ਕਾਬਲ ਸਿੰਘ ਜਲੰਧਰ ਤੋਂ, ਰੋੜ ਸਿੰਘ ਫ਼ਿਰੋਜ਼ਪੁਰ ਤੋਂ, ਪ੍ਰਤਾਪ ਸਿੰਘ ਕੈਰੋਂ ਅੰਮ੍ਰਿਤਸਰ ਤੋਂ, ਸ਼ਿਵ ਸਿੰਘ ਗੁਰਦਾਸਪੁਰ ਤੋਂ ਗੁਰਬੰਤਾ ਸਿੰਘ ਜਲੰਧਰ ਤੋਂ। ਇਨ੍ਹਾਂ ਵਿੱਚ ਕੁਝ ਆਜ਼ਾਦ ਮੈਂਬਰ ਵੀ ਸਨ। ਜੇ ਚੜ੍ਹਦੇ ਪੰਜਾਬ ਵਿੱਚ ਅਕਾਲੀ ਦਲ ਦੇ ਵੋਟ ਪੰਜਾਬ ਨੂੰ ਇਕੱਠੇ ਰੱਖਣ ਲਈ ਪੈਂਦੇ ਤੇ ਨਾਲ ਯੂਨੀਨਿਸਟ ਮੈਂਬਰਾਂ ਦੇ ਵੀ ਵੋਟ ਇਸ ਪਾਸੇ ਪੈਂਦੇ ਤੇ ਕਾਂਗਰਸ ਪਾਰਟੀ ਵਿੱਚ ਜਿਹੜੇ 7 ਸਿੱਖ ਵੋਟ ਸਨ ਉਹ ਵੀ ਇਸ ਪਾਸੇ ਪੈਂਦੇ ਤਾਂ ਇਸ ਤਰ੍ਹਾਂ ਪੰਜਾਬ ਨੂੰ ਇਕੱਠਾ ਰੱਖਿਆ ਜਾ ਸਕਦਾ ਸੀ। ਚੜ੍ਹਦੇ ਪੰਜਾਬ ਵਿੱਚ ਮੁਸਲਮਾਨਾਂ ਦੇ ਕੁੱਲ ਵੋਟ 22, ਅਕਾਲੀ ਦਲ ਦੇ 14, ਕਾਂਗਰਸ ਵਿੱਚ ਜੋ ਸਿੱਖ ਮੈਂਬਰ ਸਨ ਉਨ੍ਹਾਂ ਦੇ 7 ਵੋਟ ਸਨ ਤੇ ਯੂਨੀਨਿਸਟ ਪਾਰਟੀ ਦੇ ਵੋਟ 5 ਸਨ। ਇਹ ਸਾਰੀਆਂ ਵੋਟਾਂ ਕੁੱਲ 45 ਸਨ। ਇਸ ਤਰ੍ਹਾਂ ਪੰਜਾਬ ਦੀ ਵੰਡ ਵਾਸਤੇ ਜੋ ਵੋਟ ਸਨ ਉਹ 24 ਰਹਿ ਜਾਣੇ ਸਨ। ਇਸ ਤਰ੍ਹਾਂ ਪੰਜਾਬ ਦੀ ਵੰਡ ਰੁਕ ਸਕਦੀ ਸੀ।

1947 ਵਿੱਚ ਅਕਾਲੀ ਦਲ ਦਾ ਕਿਰਦਾਰ ਪੰਜਾਬ ਨੂੰ ਵੰਡਣ ਜਾਂ ਇਕੱਠਿਆਂ ਰੱਖਣ ਵਿੱਚ ਬਹੁਤ ਹੀ ਅਹਿਮ ਸੀ। ਭਾਵੇਂ ਇਹਦੇ ਮੈਂਬਰ ਘੱਟ ਸਨ। ਅਕਾਲੀ ਦਲ ਤੇ ਸਿੱਖ ਇਸ ਪੱਖੋਂ ਇੰਨੇ ਮਜ਼ਬੂਤ ਸਨ ਕਿ ਉਹ ਜੋ ਚਾਹੁੰਦੇ ਕਾਂਗਰਸ ਕੋਲੋਂ ਜਾਂ ਮੁਸਲਿਮ ਲੀਗ ਕੋਲੋਂ ਮੰਨਵਾ ਸਕਦੇ ਸਨ। ਇਹ ਦੋਵੇਂ ਜਮਾਤਾਂ ਬਹੁਤ ਮਜ਼ਬੂਤ ਸਨ, ਕਿਉਂਕਿ ਇਨ੍ਹਾਂ ਨੇ ਜਿਸ ਪਾਸੇ ਜਾਣਾ ਸੀ ਉਸ ਪਾਸੇ ਪੂਰਾ ਪੰਜਾਬ ਹੀ ਜਾ ਸਕਦਾ ਸੀ। ਘੱਟ ਤੋਂ ਘੱਟ ਅੱਧਾ ਪੰਜਾਬ ਤਾਂ ਚਲੇ ਜਾਣਾ ਸੀ। ਜੇਕਰ ਮੁਸਲਿਮ ਲੀਗ ਵਾਲੇ ਪਾਸੇ ਜਾਂਦੇ ਤਾਂ ਫ਼ਿਰ ਪੂਰਾ ਪੰਜਾਬ ਇੱਕ ਪਾਸੇ ਭਾਵ ਪਾਕਿਸਤਾਨ ਵਿੱਚ ਚਲਾ ਜਾਣਾ ਸੀ। ਸਿੱਖਾਂ ਦੀ ਉਸ ਵਕਤ ਇੰਨੀ ਅਹਿਮੀਅਤ ਸੀ ਕਿ ਜੇਕਰ ਇਹ ਸੌਦੇਬਾਜ਼ੀ ਕਰਦੇ ਦੋਵੇਂ ਜਮਾਤਾਂ ਨਾਲ ਤਾਂ ਆਪਣੀ ਆਬਾਦੀ ਜੋ 14-15 ਫ਼ੀਸਦੀ ਸੀ ਉਸ ਤੋਂ ਕਿਤੇ ਜ਼ਿਆਦਾ ਇਹ ਲਾਭ ਹਾਸਿਲ ਕਰ ਸਕਦੇ ਸਨ। ਕਾਂਗਰਸ ਕੋਲੋਂ ਜਾਂ ਮੁਸਲਿਮ ਲੀਗ ਕੋਲੋਂ। ਪਰ ਇਨ੍ਹਾਂ ਨੇ ਕੋਈ ਸਪੱਸ਼ਟ ਸੌਦੇਬਾਜ਼ੀ ਨਹੀਂ ਕੀਤੀ ਤੇ ਭਾਰਤ ਨਾਲ ਜਾਣਾ ਬਿਹਤਰ ਸਮਝਿਆ। ਸਿੱਖ ਵੋਟਾਂ ਦੀ ਤਾਕਤ ਇੰਨੀ ਸੀ ਕਿ ਇਹ ਦੋਵੇਂ ਮੁਲਕਾਂ ਦੀ ਸੀਮਾ ਨੂੰ ਤਕਰੀਬਨ 400-450 ਮੀਲ ਲਹਿੰਦੇ ਵਾਲੇ ਪਾਸੇ ਜਾਂ ਚੜ੍ਹਦੇ ਵਾਲੇ ਪਾਸੇ ਲਿਜਾ ਸਕਦੇ ਸਨ। ਇਨ੍ਹਾਂ ਕੋਲ ਦੋ ਬਦਲ ਸਨ, ਜਿਨ੍ਹਾਂ ਨੂੰ ਅਸੀਂ ਵਾਰੀ-ਵਾਰੀ ਵੇਖ ਸਕਦੇ ਹਾਂ। ਜੇਕਰ ਸਿੱਖ ਮੁਸਲਿਮ ਲੀਗ ਨਾਲ ਜਾਂਦੇ ਇਸ ਸੂਰਤ ਵਿੱਚ ਪਾਕਿਸਤਾਨ ਦੀ ਸਰਹੱਦ ਰੋਹਤਕ ਤੱਕ ਚਲੀ ਜਾਣੀ ਸੀ। ਇਸ ਤਰ੍ਹਾਂ ਕਾਂਗਰਸ ਦਾ ਬਹੁਤ ਵੱਡਾ ਨੁਕਸਾਨ ਹੋ ਜਾਣਾ ਸੀ, ਕਿਉਂਕਿ ਪੰਜਾਬ (ਪਾਕਿਸਤਾਨ) ਦੀ ਸੀਮਾ ਦਿੱਲੀ ਨਾਲ ਲੱਗ ਜਾਣੀ ਸੀ। ਜੇ ਸਿੱਖ ਕਾਂਗਰਸ ਵੱਲ ਜਾਂਦੇ ਤਾਂ ਉਹੀ ਹੋਣਾ ਸੀ, ਜੋ ਵੰਡ ਤੋਂ ਉਸ ਸਮੇਂ ਹੋਇਆ ਸੀ।







# ਗੁੱਸੇ ’ਚ ਕਿਉਂ ਆ ਜਾਂਦੀ ਹੈ ਕੁਦਰਤ?

## ਹਰ ਸਾਲ ਹੀ ਹੜ੍ਹਾਂ ਦੀ ਮਾਰ ਝੱਲਦੇ ਨੇ ਪੰਜਾਬੀ

## ਵਿਕਾਸ ਦੀ ਆੜ ’ਚ ਮਨੁੱਖ ਵੱਲੋਂ ਕੁਦਰਤ ਨਾਲ ਕੀਤੀ ਜਾ ਰਹੀ ਹੈ ਛੇੜ-ਛਾੜ

ਭਾਰਤ ਦੇ ਹਿਮਾਲਿਆ ਖੇਤਰ ਵਿੱਚ ਵਿਕਾਸ ਦੇ ਨਾਂਅ ’ਤੇ ਮਨੁੱਖ ਵੱਲੋਂ ਪਿਛਲੇ ਸਮੇਂ ਦੌਰਾਨ ਜੋ ਛੇੜਛਾੜ ਕੀਤੀ ਗਈ, ਉਸ ਕਾਰਨ ਕੁਦਰਤ ਨਾਰਾਜ਼ ਹੋ ਗਈ ਅਤੇ ਕੁਦਰਤ ਨੇ ਮਨੁੱਖ ਤੋਂ ਬਦਲਾ ਲੈਣਾ ਸ਼ੁਰੂ ਕਰ ਦਿੱਤਾ। ਗੁੱਸੇ ਵਿੱਚ ਆਈ ਕੁਦਰਤ ਦਾ ਖਮਿਆਜ਼ਾ ਵੀ ਮਨੁੱਖ ਨੂੰ ਹੀ ਭੁਗਤਣਾ ਪੈ ਰਿਹਾ ਹੈ। ਭਾਵੇਂ ਕਿ ਕੁਦਰਤ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਲਈ ਵੱਖ- ਵੱਖ ਸਮੇਂ ਸੈਮੀਨਾਰ ਕਰਵਾਏ ਜਾਂਦੇ ਹਨ ਅਤੇ ਕਈ ਕਿਸਮਾਂ ਦੇ ਦਾਅਵੇ ਅਤੇ ਵਾਅਦੇ ਕੀਤੇ ਜਾਂਦੇ ਹਨ ਪਰ ਇਹ ਸਭ ਕੁਝ ਹਵਾ ਹਵਾਈ ਹੀ ਹੁੰਦਾ ਹੈ ਅਤੇ ਮਨੁੱਖ ਵੱਲੋਂ ਕੁਦਰਤ ਨਾਲ ਖਿਲਵਾੜ ਲਗਾਤਾਰ ਜਾਰੀ ਰਹਿੰਦਾ ਹੈ। ਉਸ ਤੋਂ ਬਾਅਦ ਕੁਦਰਤ ਆਪਣਾ ਗੁੱਸਾ ਦਿਖਾਉਂਦੀ ਹੈ।


ਪੰਜਾਬ ਡਾਇਰੀ
ਜਗਮੋਹਨ ਸਿੰਘ ‘ਲੱਕੀ’
9463819174

ਪੰਜਾਬ ਦਾ ਬਿਆਸ ਦਰਿਆ ਇਸ ਸਮੇਂ ਪੂਰੀ ਤਰ੍ਹਾਂ ਹੜ੍ਹਾਂ ਦੀ ਮਾਰ ਹੇਠ ਆਇਆ ਹੋਇਆ ਹੈ। ਬਿਆਸ ਦਰਿਆ ਦੇ ਆਲ਼ੇ ਦੁਆਲ਼ੇ ਵਸੇ ਪਿੰਡਾਂ ਵਿੱਚ ਹੜ੍ਹਾਂ ਦਾ ਪਾਣੀ ਆ ਗਿਆ ਹੈ। ਪਹਾੜਾਂ ਵਿੱਚ ਵਧੇਰੇ ਮੀਂਹ ਪੈਣ ਤੋਂ ਬਾਅਦ ਹਿਮਾਚਲ ਪ੍ਰਦੇਸ਼ ਵੱਲੋਂ ਭਾਰੀ ਮਾਤਰਾ ਵਿੱਚ ਛੱਡੇ ਪਾਣੀ ਕਾਰਨ ਪੰਜਾਬ ਦੇ ਬਿਆਸ ਦਰਿਆ ’ਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਟੱਪ ਗਿਆ ਹੈ, ਜਿਸ ਕਾਰਨ ਇਸ ਦਰਿਆ ਦੇ ਆਲ਼ੇ ਦੁਆਲ਼ੇ ਵਸੇ ਪਿੰਡਾਂ ਦੇ ਲੋਕਾਂ ਵਿੱਚ ਹੜ੍ਹਾਂ ਦਾ ਪਾਣੀ ਕਹਿਰ ਢਾਹ ਰਿਹਾ ਹੈ। ਇਸ ਤੋਂ ਇਲਾਵਾ ਸਤਲੁੱਜ ਦਰਿਆ ਵਿੱਚ ਵੀ ਪਾਣੀ ਖਤਰੇ ਦੇ ਨਿਸ਼ਾਨ ਦੇ ਨੇੜੇ ਵਹਿ ਰਿਹਾ ਹੈ। ਦੋਵਾਂ ਦਰਿਆਵਾਂ ਨੇੜਲੇ ਨੀਵੇਂ ਪਿੰਡਾਂ ਦੇ ਲੋਕ ਤਾਂ ਆਪਣੇ ਘਰ ਛੱਡ ਕੇ ਸੁਰੱਖਿਅਤ ਟਿਕਾਣਿਆਂ ’ਤੇ ਜਾ ਰਹੇ ਹਨ। ਪਿਛਲੇ ਸਾਲ ਵੀ ਬਿਆਸ ਦਰਿਆ ਦੇ ਆਲ਼ੇ ਦੁਆਲ਼ੇ ਦੇ ਪਿੰਡਾਂ ਵਿੱਚ ਹੜ੍ਹਾਂ ਵਰਗੀ ਸਥਿਤੀ ਬਣ ਗਈ ਸੀ।

ਹਰ ਸਾਲ ਇਸੇ ਤਰ੍ਹਾਂ ਹੁੰਦਾ ਹੈ। ਬਰਸਾਤਾਂ ਸਮੇਂ ਪੰਜਾਬ ਦੇ ਸਤਲੁਜ, ਬਿਆਸ ਦਰਿਆਵਾਂ ਦੇ ਨਾਲ ਹੀ ਪਟਿਆਲਾ ਨਦੀ, ਘੱਗਰ ਦਰਿਆ ਅਤੇ ਹੋਰ ਦਰਿਆ ਅਤੇ ਨਦੀਆਂ ਪਾਣੀ ਨਾਲ ਭਰ ਜਾਂਦੇ ਹਨ। ਅਕਸਰ ਇਹਨਾਂ ਨਦੀਆਂ ਅਤੇ ਦਰਿਆਵਾਂ ਵਿੱਚੋਂ ਪਾਣੀ ਉੱਛਲ ਕੇ ਬਾਹਰ ਆ ਜਾਂਦਾ ਹੈ ਜਾਂ ਇਹਨਾਂ ਨਦੀਆਂ ’ਤੇ ਬਣਾਏ ਗਏ ਬੰਨ੍ਹ ਟੁੱਟ ਜਾਂਦੇ ਹਨ, ਜਿਸ ਕਾਰਨ ਇਹ ਪਾਣੀ ਰਿਹਾਇਸ਼ੀ ਇਲਾਕਿਆਂ ਵਿੱਚ ਜਾ ਕੇ ਵੱਡਾ ਨੁਕਸਾਨ ਕਰਦਾ ਹੈ। ਇਸ ਤਰ੍ਹਾਂ ਹਰ ਸਾਲ ਪੰਜਾਬ ਦੇ ਵੱਡੀ ਗਿਣਤੀ ਇਲਾਕਿਆਂ ਨੂੰ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ।





ਇਹੋ ਜਿਹਾ ਹਾਲ ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਹੋਰਨਾਂ ਰਾਜਾਂ ਦਾ ਹੈ। ਇਹਨਾਂ ਰਾਜਾਂ ਵਿੱਚ ਹਰ ਸਾਲ ਬਰਸਾਤਾਂ ਦੇ ਮੌਸਮ ਵਿੱਚ ਭਾਰੀ ਬਰਸਾਤ ਕਾਰਨ ਹੜ੍ਹ ਆ ਜਾਂਦੇ ਹਨ, ਬੱਦਲ ਫੱਟ ਜਾਂਦੇ ਹਨ, ਜ਼ਮੀਨ ਖਿਸਕ ਜਾਂਦੀ ਹੈ, ਪਹਾੜਾਂ ਦਾ ਮਲਬਾ ਸੜਕਾਂ ’ਤੇ ਡਿੱਗ ਪੈਂਦਾ ਹੈ। ਉੱਚੇ ਪਹਾੜੀ ਇਲਾਕਿਆਂ ਵਿੱਚ ਬਰਫ਼ ਦੇ ਤੋਦੇ ਟੁੱਟ ਕੇ ਹੇਠਲੇ ਇਲਾਕਿਆਂ ਵਿੱਚ ਆ ਕੇ ਡਿੱਗਦੇ ਹਨ। ਪਹਾੜੀ ਇਲਾਕਿਆਂ ਵਿੱਚ ਆਏ ਹੜ੍ਹਾਂ ਅਤੇ ਬੱਦਲ ਫੱਟਣ ਕਾਰਨ ਭਾਰੀ ਨੁਕਸਾਨ ਹੁੰਦਾ ਹੈ।

ਪੰਜਾਬ ਅਤੇ ਪਹਾੜੀ ਰਾਜਾਂ ਵਿੱਚ ਭਾਵੇਂ ਲੋਕਾਂ ਦਾ ਰਹਿਣ ਸਹਿਣ ਅਤੇ ਹੋਰ ਬਹੁਤ ਕੁੱਝ ਵੱਖਰਾ ਹੈ ਪਰ ਇਹਨਾਂ ਸਾਰੇ ਰਾਜਾਂ ਦੇ ਲੋਕਾਂ ਦੀ ‘ਹੋਣੀ’ ਇੱਕੋ ਜਿਹੀ ਹੈ ਕਿਉਂਕਿ ਇਹ ਸਾਰੇ ਰਾਜ ਕੁਦਰਤੀ ਆਫ਼ਤਾਂ ਦਾ ਹਰ ਸਾਲ ਸਾਹਮਣਾ ਕਰਦੇ ਹਨ। ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਇਹਨਾਂ ਕੁਦਰਤੀ ਆਫ਼ਤਾਂ ਤੋਂ ਬਚਾਓ ਦੇ ਸਰਕਾਰਾਂ ਅਤੇ ਪ੍ਰਸ਼ਾਸਨ ਵੱਲੋਂ ਕੀਤੇ ਗਏ ਸਾਰੇ ਪ੍ਰਬੰਧ ਢਿੱਲੇ ਰਹਿ ਜਾਂਦੇ ਹਨ ਜਾਂ ਇਹ ਪ੍ਰਬੰਧ ਵੀ ਹੜ੍ਹਾਂ ਦੇ ਤੇਜ਼ ਪਾਣੀ ਵਿੱਚ ਰੁੜ੍ਹ ਜਾਂਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਹਰ ਸੂਬੇ ਵਿੱਚ ਬਰਸਾਤਾਂ ਤੋਂ ਪਹਿਲਾਂ ਹੀ ਹੜ੍ਹਾਂ ਅਤੇ ਹੋਰ ਕੁਦਰਤੀ ਆਫ਼ਤਾਂ ਤੋਂ ਬਚਾਓ ਲਈ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਵੱਡੇ ਉਪਰਾਲੇ ਕੀਤੇ ਜਾਂਦੇ ਹਨ ਅਤੇ ਇਹਨਾਂ ਕੰਮਾਂ ਨੂੰ ਕਰਨ ਲਈ ਕਰੋੜਾਂ ਰੁਪਏ ਵਿੱਚ ਰੁਪਏ ਖਰਚੇ ਜਾਂਦੇ ਹਨ ਪਰ ਕਰੋੜਾਂ ਰੁਪਏ ਖਰਚ ਕੇ ਕੁਦਰਤੀ ਆਫ਼ਤਾਂ ਤੋਂ ਬਚਾਓ ਦੇ ਕੀਤੇ ਗਏ ਪ੍ਰਬੰਧ ਕੁਦਰਤੀ ਆਫ਼ਤਾਂ ਆਉਣ ਵੇਲੇ ਅਕਸਰ ਢਹਿ ਢੇਰੀ ਹੋ ਜਾਂਦੇ ਹਨ ਅਤੇ ਆਮ ਲੋਕਾਂ ਨੂੰ ਫਿਰ ਕੁਦਰਤ ਦੇ ਰਹਿਮ ’ਤੇ ਹੀ ਜਿਉਣਾ ਪੈਂਦਾ ਹੈ।

ਮੈਦਾਨੀ ਅਤੇ ਪਹਾੜੀ ਇਲਾਕਿਆਂ ਵਿੱਚ ਮਨੁੱਖ ਵੱਲੋਂ ਕੁਦਰਤੀ ਸਰੋਤਾਂ ਨਾਲ ਕੀਤੀ ਜਾਂਦੀ ਵੱਡੇ ਪੱਧਰ ’ਤੇ ਛੇੜ-ਛਾੜ ਅਤੇ ਬੇਤਰਤੀਬੀਆਂ ਉਸਾਰੀਆਂ ਵੀ ਅਕਸਰ ਕੁਦਰਤੀ ਕਰੋਪੀਆਂ ਦਾ ਕਾਰਨ ਬਣਦੇ ਹਨ। ਮਨੁੱਖ ਨੇ ਆਪਣੀ ਸਹੂਲਤ ਲਈ ਮੈਦਾਨੀ ਇਲਾਕਿਆਂ ਦੇ ਨਾਲ ਪਹਾੜੀ ਖੇਤਰਾਂ ਵਿੱਚ ਵੀ ਬਹੁਮੰਜ਼ਿਲੀ ਇਮਾਰਤਾਂ ਦੀ ਉਸਾਰੀ ਕਰ ਲਈ ਹੈ, ਇਸ ਤੋਂ ਇਲਾਵਾ ਪਹਾੜੀ ਜੰਗਲਾਂ ਦਾ ਸਫਾਇਆ ਕਰ ਦਿੱਤਾ ਹੈ। ਹੜ੍ਹਾਂ ਅਤੇ ਹੋਰ ਕੁਦਰਤੀ ਆਫ਼ਤਾਂ ਤੋਂ ਬਚਾਓ ਲਈ ਕੀਤੇ ਜਾਂਦੇ ਪ੍ਰਬੰਧਾਂ ਵਿੱਚ ਅਕਸਰ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਢਿੱਲ ਮੱਠ ਦਿਖਾਈ ਜਾਂਦੀ ਹੈ। ਸਰਕਾਰ ਵੱਲੋਂ ਭੇਜਿਆ ਪੈਸਾ ਬੇਅਰਥ ਕੰਮਾਂ ’ਤੇ ਵਧੇਰੇ ਵਰਤਿਆ ਜਾਂਦਾ ਹੈ। ਜਿਸ ਕਾਰਨ ਇਹ ਕੁਦਰਤੀ ਆਫ਼ਤਾਂ ਹਰ ਸਾਲ ਆਮ ਜਨ ਜੀਵਨ ਨੂੰ ਅਸਤ ਵਿਅਸਤ ਕਰ ਦਿੰਦੀਆਂ ਹਨ।



ਕੇਂਦਰ ਸਰਕਾਰ ਅਤੇ ਵੱਖ- ਵੱਖ ਰਾਜਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਹਰ ਸਾਲ ਹੀ ਬਰਸਾਤਾਂ ਸਮੇਂ ਆਉਂਦੇ ਹੜ੍ਹਾਂ ਅਤੇ ਹੋਰ ਕੁਦਰਤੀ ਆਫ਼ਤਾਂ ਤੋਂ ਬਚਾਓ ਲਈ ਕੋਈ ਸਾਂਝੀ ਯੋਜਨਾ ਬਣਾਈ ਜਾਵੇ ਅਤੇ ਇਸ ਯੋਜਨਾ ਨੂੰ ਠੋਸ ਰੂਪ ਵਿੱਚ ਕਾਰਜਸ਼ੀਲ ਕੀਤਾ ਜਾਵੇ। ਕੁਦਰਤੀ ਆਫ਼ਤਾਂ ਨੂੰ ਆਉਣ ਤੋਂ ਕੋਈ ਵੀ ਸ਼ਕਤੀ ਰੋਕ ਨਹੀਂ ਸਕਦੀ ਪਰ ਇਹਨਾਂ ਤੋਂ ਬਚਾਓ ਲਈ ਕੀਤੇ ਗਏ ਅਗੇਤਰੇ ਪ੍ਰਬੰਧਾਂ ਕਾਰਨ ਜਾਨ ਮਾਲ ਦਾ ਨੁਕਸਾਨ ਹੋਣਾ ਘਟਾਇਆ ਜਾ ਸਕਦਾ ਹੈ। ਕੁਦਰਤ ਨੂੰ ਗੁੱਸੇ ਵਿੱਚ ਆਉਣ ਤੋਂ ਰੋਕਣ ਲਈ ਮਨੁੱਖ ਨੂੰ ਕੁਦਰਤ ਨਾਲ ਛੇੜ-ਛਾੜ ਬੰਦ ਕਰ ਦੇਣੀ ਚਾਹੀਦੀ ਹੈ। ਇਸੇ ਵਿੱਚ ਮਨੁੱਖ ਦੀ ਭਲਾਈ ਹੈ।






# ਪੰਜਾਬੀ ਅਸਲੇ ਅਤੇ ਨਸ਼ਿਆਂ ਦੇ ਸ਼ੌਕੀਨ

## ਪੰਜਾਬ ਵਿੱਚ 8 ਸਾਲਾਂ ਦੌਰਾਨ 3.65 ਲੱਖ ਡੋਪ ਟੈਸਟ, 55 ਕਰੋੜ ਦਾ ਵਿੱਤੀ ਬੋਝ

### ਅੰਮ੍ਰਿਤਸਰ-ਬਠਿੰਡਾ ਸਭ ਤੋਂ ਅੱਗੇ, ਅਸਲਾ ਲਾਇਸੈਂਸ ਲਈ ਡੋਪ ਟੈਸਟ ਜ਼ਰੂਰੀ, 55,318 ਪਾਜ਼ਟਿਵ ਟੈਸਟ



ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਰੋਕਣ ਅਤੇ ਅਸਲਾ ਲਾਇਸੈਂਸ ਦੇ ਅਰਜ਼ੀਕਾਰੀਆਂ ਵਿੱਚ ਨਸ਼ੇੜੀਆਂ ਦੀ ਪਛਾਣ ਲਈ ਸਰਕਾਰ ਨੇ ਡੋਪ ਟੈਸਟ ਲਾਜ਼ਮੀ ਕਰ ਦਿੱਤਾ ਸੀ। ਇਸ ਪ੍ਰਕਿਰਿਆ ਨੇ ਪਿਛਲੇ 8 ਸਾਲਾਂ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ 3,65,872 ਡੋਪ ਟੈਸਟ ਕਰਵਾਏ, ਜਿਸ 'ਤੇ ਲੋਕਾਂ ਨੇ ਕੁੱਲ 55 ਕਰੋੜ ਰੁਪਏ ਖਰਚ ਕੀਤੇ। ਆਰ.ਟੀ.ਆਈ. ਤਹਿਤ ਸਾਹਮਣੇ ਆਈ ਜਾਣਕਾਰੀ ਮੁਤਾਬਕ, ਇਨ੍ਹਾਂ ਟੈਸਟਾਂ ਵਿੱਚੋਂ 3,10,488 ਨੇਗੇਟਿਵ ਅਤੇ 55,318 ਪਾਜ਼ਟਿਵ ਰਹੇ। ਅੰਮ੍ਰਿਤਸਰ, ਬਠਿੰਡਾ ਅਤੇ ਤਰਨਤਾਰਨ ਵਰਗੇ ਜ਼ਿਲ੍ਹਿਆਂ ਨੇ ਸਭ ਤੋਂ ਵੱਧ ਟੈਸਟ ਕਰਵਾਏ, ਜੋ ਪੰਜਾਬੀਆਂ ਦੀ ਅਸਲੇ ਪ੍ਰਤੀ ਸ਼ੌਕੀਨੀ ਨੂੰ ਦਰਸਾਉਂਦੇ ਹਨ।

ਕੁਝ ਸਾਲ ਪਹਿਲਾਂ ਪੰਜਾਬ ਸਰਕਾਰ ਨੇ ਅਸਲਾ ਲਾਇਸੈਂਸ ਦੇਣ ਤੋਂ ਪਹਿਲਾਂ ਡੋਪ ਟੈਸਟ ਕਰਵਾਉਣਾ ਲਾਜ਼ਮੀ ਕਰ ਦਿੱਤਾ ਸੀ। ਇਸ ਦਾ ਮਕਸਦ ਸੀ ਕਿ ਨਸ਼ਿਆਂ ਦੀ ਆਦਤ ਵਾਲੇ ਵਿਅਕਤੀਆਂ ਨੂੰ ਹਥਿਆਰ ਨਾ ਦਿੱਤੇ ਜਾਣ, ਤਾਂ ਜੋ ਸਮਾਜਿਕ ਸੁਰੱਖਿਆ ਨੂੰ ਖਤਰਾ ਨਾ ਪੈਦਾ ਹੋਵੇ। ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੀ ਮਨੋਵਿਗਿਆਨਕ ਸਿਹਤ ਸ਼ਾਖਾ ਨੇ 8 ਨਵੰਬਰ 2019 ਨੂੰ ਸਾਰੇ ਸਿਵਲ ਸਰਜਨਾਂ ਨੂੰ ਪੱਤਰ ਜਾਰੀ ਕਰਕੇ ਨਿਯਮ ਜਾਰੀ ਕੀਤੇ ਸਨ। ਹਰ ਡੋਪ ਟੈਸਟ ਦੀ ਫੀਸ 1500 ਰੁਪਏ ਰੱਖੀ ਗਈ ਸੀ, ਜਿਸ ਵਿੱਚ ਮਾਰਫਿਨ, ਕੋਡਿਨ, ਟ੍ਰਾਮਾਡੋਲ, ਕੋਕੀਨ ਵਰਗੀਆਂ 10 ਕਿਸਮ ਦੀਆਂ ਨਸ਼ੀਲੀਆਂ ਦਵਾਈਆਂ ਦੀ ਜਾਂਚ ਕੀਤੀ ਜਾਂਦੀ ਹੈ। ਇਸ ਪ੍ਰਕਿਰਿਆ ਨੇ ਨਸ਼ਿਆਂ ਦੀ ਸਮੱਸਿਆ ਨੂੰ ਸਮਝਣ ਅਤੇ ਰੋਕਣ ਵਿਚ ਮਦਦ ਕੀਤੀ, ਪਰ ਇਸ ਨਾਲ ਲੋਕਾਂ 'ਤੇ ਵਿੱਤੀ ਬੋਝ ਵੀ ਵਧਿਆ।



ਜ਼ਿਲ੍ਹਾ-ਵਾਰ ਅੰਕੜੇ: ਅੰਮ੍ਰਿਤਸਰ ਸਭ ਤੋਂ ਅੱਗੇ, ਬਠਿੰਡਾ ਦੂਜੇ ਨੰਬਰ 'ਤੇ ਆਰ.ਟੀ.ਆਈ. ਦੇ ਅੰਕੜਿਆਂ ਮੁਤਾਬਕ, ਪਿਛਲੇ 8 ਸਾਲਾਂ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ 3,65,872 ਡੋਪ ਟੈਸਟ ਕੀਤੇ ਗਏ। ਇਨ੍ਹਾਂ ਵਿੱਚ ਸਭ ਤੋਂ ਵੱਧ ਟੈਸਟ ਅੰਮ੍ਰਿਤਸਰ ਵਿੱਚ ਹੋਏ, ਜਿੱਥੇ 61,158 ਲੋਕਾਂ ਨੇ ਡੋਪ ਟੈਸਟ ਕਰਵਾਇਆ। ਦੂਜੇ ਨੰਬਰ 'ਤੇ ਬਠਿੰਡਾ ਰਿਹਾ, ਜਿੱਥੇ 36,927 ਟੈਸਟ ਕੀਤੇ ਗਏ। ਤਰਨਤਾਰਨ (27,007), ਸ੍ਰੀ ਮੁਕਤਸਰ ਸਾਹਿਬ (26,990) ਅਤੇ ਮਾਨਸਾ (11,029) ਵਰਗੇ ਜ਼ਿਲ੍ਹਿਆਂ ਵਿੱਚ ਵੀ ਵੱਡੀ ਗਿਣਤੀ ਵਿੱਚ ਟੈਸਟ ਹੋਏ। ਇਸ ਦੇ ਉਲਟ, ਹੁਸ਼ਿਆਰਪੁਰ (1,681) ਅਤੇ ਲੁਧਿਆਣਾ (3,165) ਵਰਗੇ ਜ਼ਿਲ੍ਹਿਆਂ ਵਿੱਚ ਟੈਸਟਾਂ ਦੀ ਗਿਣਤੀ ਘੱਟ ਰਹੀ ਹੈ।

ਖਾਸ ਗੱਲ ਇਹ ਹੈ ਕਿ 2017 ਵਿੱਚ ਸਿਰਫ਼ ਅੰਮ੍ਰਿਤਸਰ ਵਿੱਚ ਹੀ 3,546 ਟੈਸਟ ਹੋਏ, ਜਦਕਿ ਬਾਕੀ 22 ਜ਼ਿਲ੍ਹਿਆਂ ਵਿੱਚ ਇੱਕ ਵੀ ਟੈਸਟ ਨਹੀਂ ਕੀਤਾ ਗਿਆ। ਬਠਿੰਡਾ ਵਿੱਚ ਮਾਨਸਾ ਨਾਲੋਂ ਤਿੰਨ ਗੁਣਾ ਵੱਧ ਟੈਸਟ ਹੋਏ, ਜੋ ਇਸ ਜ਼ਿਲ੍ਹੇ ਦੇ ਲੋਕਾਂ ਦੀ ਅਸਲੇ ਪ੍ਰਤੀ ਸ਼ੌਕੀਨਤਾ ਨੂੰ ਦਰਸਾਉਂਦਾ ਹੈ। ਪਠਾਨਕੋਟ ਵਿੱਚ 163 ਸੀਨੀਅਰ ਸਿਟੀਜ਼ਨਾਂ ਦੇ ਡੋਪ ਟੈਸਟ ਵੀ ਸ਼ਾਮਲ ਕੀਤੇ ਗਏ, ਜਦਕਿ ਆਮ ਤੌਰ 'ਤੇ ਸੀਨੀਅਰ ਸਿਟੀਜ਼ਨਾਂ ਦੇ ਟੈਸਟ ਨਹੀਂ ਹੁੰਦੇ।

ਖਰਚ ਅਤੇ ਅਸਰ: 55 ਕਰੋੜ ਦਾ ਵਿੱਤੀ ਬੋਝ

ਹਰ ਡੋਪ ਟੈਸਟ ਦੀ 1500 ਰੁਪਏ ਦੀ ਫੀਸ ਨੇ ਪੰਜਾਬੀਆਂ 'ਤੇ ਵੱਡਾ ਵਿੱਤੀ ਬੋਝ ਪਾਇਆ। 3,65,872 ਟੈਸਟਾਂ ਦਾ ਕੁੱਲ ਖਰਚਾ 54 ਕਰੋੜ 88 ਲੱਖ ਰੁਪਏ ਬਣਦਾ ਹੈ, ਜੋ ਸਾਲਾਨਾ ਔਸਤਨ 7 ਕਰੋੜ ਰੁਪਏ ਦੇ ਖਰਚ ਨੂੰ ਦਰਸਾਉਂਦਾ ਹੈ। ਪ੍ਰਤੀ ਸਾਲ 45,734 ਅਤੇ ਪ੍ਰਤੀ ਮਹੀਨਾ 3,812 ਟੈਸਟਾਂ ਦੀ ਔਸਤ ਨੇ ਇਸ ਪ੍ਰਕਿਰਿਆ ਦੀ ਵਿਆਪਕਤਾ ਨੂੰ ਸਪੱਸ਼ਟ ਕੀਤਾ। 55,318 ਪਾਜ਼ਟਿਵ ਟੈਸਟਾਂ ਨੇ ਇਹ ਵੀ ਦਰਸਾਇਆ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਅਜੇ ਵੀ ਗੰਭੀਰ ਹੈ, ਅਤੇ ਅਸਲਾ ਲਾਇਸੈਂਸ ਲਈ ਇਹ ਪ੍ਰਕਿਰਿਆ ਜ਼ਰੂਰੀ ਹੈ।

ਇਸ ਪ੍ਰਕਿਰਿਆ ਨੇ ਇੱਕ ਪਾਸੇ ਨਸ਼ੇੜੀਆਂ ਦੀ ਪਛਾਣ ਕਰਕੇ ਸੁਰੱਖਿਆ ਨੂੰ ਵਧਾਇਆ, ਪਰ ਦੂਜੇ ਪਾਸੇ ਲੋਕਾਂ 'ਤੇ ਵਿੱਤੀ ਬੋਝ ਵੀ ਵਧਾਇਆ। ਕਈ ਲੋਕਾਂ ਦਾ ਮੰਨਣਾ ਹੈ ਕਿ 1500 ਰੁਪਏ ਦੀ ਫੀਸ ਬਹੁਤ ਜ਼ਿਆਦਾ ਹੈ ਅਤੇ ਸਰਕਾਰ ਨੂੰ ਇਸ ਨੂੰ ਘਟਾਉਣ ਜਾਂ ਸਬਸਿਡੀ ਦੇਣ 'ਤੇ ਵਿਚਾਰ ਕਰਨਾ ਚਾਹੀਦਾ ਹੈ।

**ਪੰਜਾਬੀ ਅਸਲੇ ਦੇ ਸ਼ੌਕੀਨ**

ਪੰਜਾਬ ਵਿੱਚ ਅਸਲੇ ਦੀ ਸ਼ੌਕੀਨੀ ਦਾ ਮੁੱਦਾ ਨਵਾਂ ਨਹੀਂ ਹੈ। ਬਠਿੰਡਾ, ਅੰਮ੍ਰਿਤਸਰ ਅਤੇ ਤਰਨਤਾਰਨ ਵਰਗੇ ਜ਼ਿਲ੍ਹਿਆਂ ਵਿੱਚ ਵੱਡੀ ਗਿਣਤੀ ਵਿੱਚ ਡੋਪ ਟੈਸਟ ਹੋਣ ਦੇ ਅੰਕੜੇ ਇਸ ਨੂੰ ਸਪੱਸ਼ਟ ਕਰਦੇ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਠਿੰਡੇ ਵਾਲੇ ਅਸਲਾ ਰੱਖਣ ਦੇ ਸ਼ੌਕੀਨ ਹਨ ਅਤੇ ਅੰਕੜੇ ਵੀ ਇਸ ਦੀ ਪੁਸ਼ਟੀ ਕਰਦੇ ਹਨ। ਬਠਿੰਡਾ ਵਿੱਚ 36,927 ਟੈਸਟ ਹੋਣ ਨਾਲ ਇਹ ਜ਼ਿਲ੍ਹਾ ਦੂਜੇ ਨੰਬਰ 'ਤੇ ਹੈ, ਜੋ ਸੱਭਿਆਚਾਰਕ ਅਤੇ ਸਮਾਜਿਕ ਪਰੰਪਰਾਵਾਂ ਨੂੰ ਦਰਸਾਉਂਦਾ ਹੈ।



ਪੰਜਾਬ ਦੇ ਸਰਹੱਦੀ ਇਲਾਕਿਆਂ, ਜਿਵੇਂ ਕਿ ਅੰਮ੍ਰਿਤਸਰ ਅਤੇ ਤਰਨਤਾਰਨ, ਵਿੱਚ ਸੁਰੱਖਿਆ ਦੀਆਂ ਚਿੰਤਾਵਾਂ ਕਾਰਨ ਅਸਲੇ ਦੀ ਮੰਗ ਵਧੇਰੇ ਹੈ। ਇਸ ਤੋਂ ਇਲਾਵਾ, ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਜਿੱਥੇ ਹਥਿਆਰ ਨੂੰ ਸ਼ੌਕ ਅਤੇ ਸੁਰੱਖਿਆ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਨੇ ਵੀ ਅਸਲਾ ਲਾਇਸੈਂਸਾਂ ਦੀ ਮੰਗ ਨੂੰ ਵਧਾਇਆ ਹੈ। ਪਰ ਨਸ਼ਿਆਂ ਦੀ ਸਮੱਸਿਆ ਨੇ ਸਰਕਾਰ ਨੂੰ ਇਹ ਨਿਯਮ ਲਾਗੂ ਕਰਨ ਲਈ ਮਜਬੂਰ ਕੀਤਾ, ਤਾਂ ਜੋ ਅਸਲੇ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕੇ।

ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਅਸਲੇ ਦੀ ਸ਼ੌਕੀਨੀ ਦੇ ਪਿੱਛੇ ਸੁਰੱਖਿਆ, ਸਮਾਜਿਕ ਪ੍ਰਭਾਵ ਅਤੇ ਸੱਭਿਆਚਾਰਕ ਮਾਣ ਦੇ ਭਾਵ ਸ਼ਾਮਲ ਹਨ। ਪਰ 55,318 ਪਾਜ਼ਟਿਵ ਡੋਪ ਟੈਸਟਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਨਸ਼ਿਆਂ ਦੀ ਸਮੱਸਿਆ ਅਜੇ ਵੀ ਪੰਜਾਬ ਦੇ ਸਮਾਜ ਵਿੱਚ ਡੂੰਘੀਆਂ ਜੜ੍ਹਾਂ ਰੱਖਦੀ ਹੈ। ਸਰਕਾਰ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਕਈ ਕਦਮ ਚੁੱਕੇ ਹਨ, ਜਿਵੇਂ ਕਿ ਐਂਟੀ-ਡਰੋਨ ਸਿਸਟਮ ਦੀ ਸ਼ੁਰੂਆਤ, ਜਿਸ ਨਾਲ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਡੋਪ ਟੈਸਟ ਦੀ ਪ੍ਰਕਿਰਿਆ ਨੇ ਨਸ਼ਿਆਂ ਦੀ ਪਛਾਣ ਵਿੱਚ ਮਦਦ ਤਾਂ ਕੀਤੀ, ਪਰ ਇਸ ਦੇ ਨਾਲ ਹੀ ਕਈ ਚੁਣੌਤੀਆਂ ਵੀ ਸਾਹਮਣੇ ਆਈਆਂ। 1500 ਰੁਪਏ ਦੀ ਫੀਸ ਨੂੰ ਘਟਾਉਣ ਦੀ ਮੰਗ ਵਧ ਰਹੀ ਹੈ, ਕਿਉਂਕਿ ਇਹ ਆਮ ਲੋਕਾਂ ਲਈ ਵੱਡਾ ਖਰਚਾ ਹੈ। ਇਸ ਤੋਂ ਇਲਾਵਾ, ਪਾਜ਼ਟਿਵ ਟੈਸਟ ਵਾਲੇ ਵਿਅਕਤੀਆਂ ਲਈ ਪੁਨਰਵਾਸ ਪ੍ਰੋਗਰਾਮਾਂ ਦੀ ਘਾਟ ਵੀ ਇੱਕ ਵੱਡੀ ਸਮੱਸਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਡੋਪ ਟੈਸਟ ਦੀ ਪ੍ਰਕਿਰਿਆ ਨੂੰ ਹੋਰ ਸੁਖਾਲਾ ਕੀਤਾ ਜਾਵੇ ਅਤੇ ਨਸ਼ਾ ਮੁਕਤੀ ਕੇਂਦਰਾਂ ਦੀ ਗਿਣਤੀ ਵਧਾਈ ਜਾਵੇ।

# ਚੰਗੀ ਨੌਕਰੀ ਦੇ ਝਾਂਸੇ ਨਾਲ ਵਿਦੇਸ਼ਾਂ 'ਚ ਧੱਕੀਆਂ ਜਾ ਰਹੀਆਂ ਪੰਜਾਬਣਾਂ: ਇੱਕ ਸਮਾਜਿਕ ਸੰਕਟ

ਰਜਿੰਦਰ ਸਿੰਘ ਪੁਰੇਵਾਲ

ਪੰਜਾਬ ਦੀਆਂ ਧੀਆਂ ਇੱਕ ਵੱਡੇ ਰੈਕੇਟ ਦਾ ਸ਼ਿਕਾਰ ਬਣ ਰਹੀਆਂ ਹਨ। ਚੰਗੀ ਨੌਕਰੀ ਅਤੇ ਬਿਹਤਰ ਜ਼ਿੰਦਗੀ ਦੇ ਬਹਾਨੇ ਨਾਲ ਵਿਦੇਸ਼ ਭੇਜੀਆਂ ਜਾ ਰਹੀਆਂ ਪੰਜਾਬ ਦੀਆਂ ਕੁੜੀਆਂ ਨੂੰ ਉੱਥੇ ਜ਼ਬਰਦਸਤੀ ਘਰੇਲੂ ਨੌਕਰੀ ਜਾਂ ਦੇਹ ਵਪਾਰ ਵਿੱਚ ਧੱਕਿਆ ਜਾ ਰਿਹਾ ਹੈ। ਹਾਲ ਹੀ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਇੱਕ ਪਟੀਸ਼ਨ ਨੇ ਇਸ ਮੁੱਦੇ ਨੂੰ ਫਿਰ ਤੋਂ ਉਭਾਰਿਆ ਹੈ, ਜਿੱਥੇ ਜਲੰਧਰ ਦੀ ਹਰਪ੍ਰੀਤ ਕੌਰ ਦੇ ਕੇਸ ਨੂੰ ਲੈ ਕੇ ਅਦਾਲਤ ਨੇ ਪੰਜਾਬ ਸਰਕਾਰ ਅਤੇ ਕੇਂਦਰੀ ਗ੍ਰਹਿ ਸਕੱਤਰ ਨੂੰ ਨੋਟਿਸ ਜਾਰੀ ਕੀਤਾ ਹੈ।

ਹਰਪ੍ਰੀਤ ਕੌਰ ਦਾ ਕੇਸ ਇਸ ਰੈਕੇਟ ਦੀ ਭਿਆਨਕ ਤਸਵੀਰ ਪੇਸ਼ ਕਰਦਾ ਹੈ। 2015 ਵਿੱਚ ਨੌਕਰੀ ਦੀ ਭਾਲ ਵਿੱਚ ਦੁਬਈ ਗਈ ਹਰਪ੍ਰੀਤ ਨੂੰ ਏਜੰਟਾਂ ਨੇ ਚੰਗੀ ਨੌਕਰੀ ਦਾ ਵਾਅਦਾ ਕੀਤਾ ਸੀ, ਪਰ ਉੱਥੇ ਪਹੁੰਚ ਕੇ ਉਸ ਨੂੰ ਘਰੇਲੂ ਨੌਕਰੀ ਵਿੱਚ ਧੱਕ ਦਿੱਤਾ ਗਿਆ ਅਤੇ ਫਿਰ ਇੱਕ ਸ਼ੇਖ ਦੇ ਮਹਿਲ ਵਿੱਚ ਵੇਚ ਦਿੱਤਾ ਗਿਆ। ਉਦੋਂ ਤੋਂ ਉਸ ਬਾਰੇ ਕੋਈ ਖ਼ਬਰ ਨਹੀਂ। ਉਸ ਦੇ ਭਰਾ ਸਤਨਾਮ ਨੇ 2021 ਵਿੱਚ ਵੀ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਪਰ ਪੁਲਿਸ ਨੇ ਸਿਰਫ਼ ਰਸਮੀ ਕਾਰਵਾਈ ਕੀਤੀ। ਹੁਣ ਫਿਰ ਤੋਂ ਵਕੀਲ ਰੰਜਨ ਲਖਨਪਾਲ ਰਾਹੀਂ ਪਟੀਸ਼ਨ ਪਾਈ ਗਈ ਹੈ, ਜਿਸ ਵਿੱਚ ਸੀ.ਬੀ.ਆਈ. ਜਾਂ ਸੁਤੰਤਰ ਏਜੰਸੀ ਨਾਲ ਜਾਂਚ ਦੀ ਮੰਗ ਕੀਤੀ ਗਈ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਇਸ 'ਤੇ ਸੁਣਵਾਈ ਕਰਦੇ ਹੋਏ ਨੋਟਿਸ ਜਾਰੀ ਕੀਤੇ ਹਨ, ਜੋ ਇੱਕ ਸਕਾਰਾਤਮਕ ਕਦਮ ਹੈ।



ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਨਾਲ ਨਹੀਂ ਜੁੜਿਆ, ਸਗੋਂ ਇੱਕ ਵਿਆਪਕ ਰੈਕੇਟ ਹੈ ਜੋ ਕਤਰ, ਸਾਊਦੀ ਅਰਬ ਤੱਕ ਫੈਲਿਆ ਹੋਇਆ ਹੈ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਥਾਨਕ ਪੁਲਿਸ ਅਤੇ ਰਾਜਨੀਤਿਕ ਨੇਤਾ ਵੀ ਇਸ ਵਿੱਚ ਸ਼ਾਮਲ ਹਨ, ਜਿਸ ਕਾਰਨ ਸ਼ਿਕਾਇਤਾਂ ਨੂੰ ਦਬਾ ਦਿੱਤਾ ਜਾਂਦਾ ਹੈ। ਰਿਪੋਰਟਾਂ ਮੁਤਾਬਕ, ਪੰਜਾਬ ਵਿੱਚ ਮਨੁੱਖੀ ਤਸਕਰੀ ਦੇ ਕੇਸ ਵਧ ਰਹੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ, ਭਾਰਤ ਵਿੱਚ ਹਰ ਸਾਲ ਲੱਖਾਂ ਔਰਤਾਂ ਅਤੇ ਬੱਚੇ ਤਸਕਰੀ ਦਾ ਸ਼ਿਕਾਰ ਬਣਦੇ ਹਨ, ਜਿਨ੍ਹਾਂ ਵਿੱਚ ਪੰਜਾਬ ਦੀ ਵੱਡੀ ਗਿਣਤੀ ਸ਼ਾਮਲ ਹੈ। ਪੰਜਾਬ ਵਿੱਚ ਹੀ ਹਜ਼ਾਰਾਂ ਲੜਕੀਆਂ ਗੁੰਮ ਹਨ ਜਾਂ ਵਿਦੇਸ਼ਾਂ ਵਿੱਚ ਧੰਦੇ ਵਿੱਚ ਧੱਕੀਆਂ ਗਈਆਂ ਹਨ। ਉਦਾਹਰਨ ਵਜੋਂ, ਓਮਾਨ ਅਤੇ ਅਰਬ ਦੇਸ਼ਾਂ ਵਿੱਚ ਤਸਕਰੀ ਦੇ ਕਈ ਕੇਸ ਸਾਹਮਣੇ ਆਏ ਹਨ, ਜਿੱਥੇ ਔਰਤਾਂ ਨੂੰ ਘਰੇਲੂ ਨੌਕਰੀ ਦੇ ਨਾਂ 'ਤੇ ਵੇਚ ਦਿੱਤਾ ਜਾਂਦਾ ਹੈ।

ਪੁਲਿਸ ਦੀ ਕਾਰਵਾਈ ਬਾਰੇ ਗੱਲ ਕਰੀਏ ਤਾਂ ਇਹ ਬਹੁਤ ਨਿਰਾਸ਼ਾਜਨਕ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਨੇ ਹਰਪ੍ਰੀਤ ਦੇ ਕੇਸ ਵਿੱਚ ਕੋਈ ਅਸਲ ਜਾਂਚ ਨਹੀਂ ਕੀਤੀ। ਰਾਜ ਵਿੱਚ ਫਰਜ਼ੀ ਟਰੈਵਲ ਏਜੰਸੀਆਂ ਖੁੱਲ੍ਹੇਆਮ ਕੰਮ ਕਰ ਰਹੀਆਂ ਹਨ, ਜੋ ਔਰਤਾਂ ਨੂੰ ਲਾਲਚ ਦੇ ਕੇ ਵਿਦੇਸ਼ ਭੇਜਦੀਆਂ ਹਨ। ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐੱਫ.ਆਈ.ਏ.) ਨੇ ਪੰਜਾਬ ਵਿੱਚ ਤਸਕਰੀ ਨਾਲ ਜੁੜੇ ਕਈ ਯੂਨਿਟ ਬਣਾਏ ਹਨ ਅਤੇ ਹਜ਼ਾਰਾਂ ਕੇਸਾਂ ਦੀ ਜਾਂਚ ਕੀਤੀ ਹੈ, ਪਰ ਨਤੀਜੇ ਨਾਕਾਫ਼ੀ ਹਨ। ਰਾਜਨੀਤਿਕ ਦਖਲ ਅਤੇ ਭ੍ਰਿਸ਼ਟਾਚਾਰ ਕਾਰਨ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਦਾ। ਉਦਾਹਰਨ ਵਜੋਂ, ਓਮਾਨ ਵਿੱਚ ਤਸਕਰੀ ਹੋਈਆਂ ਔਰਤਾਂ ਨੂੰ ਵਾਪਸ ਲਿਆਉਣ ਲਈ ਪੁਲਿਸ ਨੇ ਕੁਝ ਰੈਸਕਿਊ ਅਪਰੇਸ਼ਨ ਕੀਤੇ ਹਨ, ਪਰ ਇਹ ਗਿਣਤੀ ਵਿੱਚ ਘੱਟ ਹਨ। ਭਾਰਤ ਵਿੱਚ ਤਸਕਰੀ ਵਿਰੋਧੀ ਕਾਨੂੰਨ ਹਨ, ਜਿਵੇਂ ਕਿ ਇਮੋਰਲ ਟ੍ਰੈਫਿਕਿੰਗ (ਪ੍ਰੀਵੈਨਸ਼ਨ) ਐਕਟ, ਪਰ ਉਨ੍ਹਾਂ ਦੀ ਅਮਲੀਕਰਨ ਵਿੱਚ ਕਮੀ ਹੈ।

ਹਾਈ ਕੋਰਟ ਨੇ ਇਸ ਮਾਮਲੇ ਵਿੱਚ ਨੋਟਿਸ ਜਾਰੀ ਕਰ ਕੇ ਚੰਗਾ ਕਦਮ ਚੁੱਕਿਆ ਹੈ। ਅਦਾਲਤ ਨੇ ਪੰਜਾਬ ਅਤੇ ਕੇਂਦਰ ਨੂੰ ਜਵਾਬ ਮੰਗਿਆ ਹੈ, ਜੋ ਇਸ ਨੂੰ ਗੰਭੀਰਤਾ ਨਾਲ ਲੈਣ ਦਾ ਸੰਕੇਤ ਹੈ।

ਇਸ ਸੰਕਟ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਪਹਿਲਾਂ ਤਾਂ ਟਰੈਵਲ ਏਜੰਸੀਆਂ ਨੂੰ ਨਿਯਮਤ ਕੀਤਾ ਜਾਵੇ ਅਤੇ ਫਰਜ਼ੀ ਏਜੰਟਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਸਕੂਲਾਂ ਅਤੇ ਕਾਲਜਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣ। ਸੀ.ਬੀ.ਆਈ. ਵਰਗੀ ਏਜੰਸੀ ਨੂੰ ਜਾਂਚ ਸੌਂਪੀ ਜਾਵੇ ਤਾਂ ਜੋ ਰੈਕੇਟ ਦੇ ਜੜ੍ਹਾਂ ਤੱਕ ਪਹੁੰਚਿਆ ਜਾ ਸਕੇ। ਸਰਕਾਰ ਨੂੰ ਪੀੜਤਾਂ ਨੂੰ ਵਾਪਸ ਲਿਆਉਣ ਲਈ ਅੰਤਰਰਾਸ਼ਟਰੀ ਸਹਿਯੋਗ ਵਧਾਉਣਾ ਚਾਹੀਦਾ ਹੈ।

# ਕਹਿਰਵਾਨ ਵੀ ਹੋ ਸਕਦੀਆਂ ਨੇ ਨੀਲੇ ਪਾਣੀਆਂ ਦੀਆਂ ਚਾਂਦੀ ਰੰਗੀਆਂ ਛੱਲਾਂ

ਸੁਖਮੰਦਰ ਸਿੰਘ ਤੂਰ

ਸ਼ੁਰੂ ਤੋਂ ਹੀ ਮਨੁੱਖ ਕੁਦਰਤੀ ਵਰਤਾਰਿਆਂ ਨੂੰ ਸਮਝਦਾ ਬੁਝਦਾ ਹੀ ਵਿਗਿਆਨ ਦੇ ਖੇਤਰ ਵਿੱਚ ਤੱਥਾਂ, ਸਿਧਾਤਾਂ ਤੇ ਜੁਗਤਾਂ ਦੀ ਘਾੜਤ ਘੜਦਾ ਰਿਹਾ ਹੈ। ਇਸੇ ਕਰਕੇ ਹੀ ਉਸ ਨੇ ਇਸ ਧਰਤੀ ਦਾ ਹਰ ਕੋਨਾ ਸਮੁੰਦਰਾਂ ਦੇ ਐਨ ਕੰਢਿਆਂ ਤੱਕ ਬੇਖ਼ੌਫ਼ ਹੋ ਕੇ ਮੱਲਿਆ ਹੋਇਆ ਹੈ। ਨੀਲੇ ਪਾਣੀਆਂ ਦੀਆਂ ਸੰਗੀਤਕ ਲਹਿਰਾਂ ਨੂੰ ਮਾਣਨ ਲਈ ਉਹ ਸਮੁੰਦਰਾਂ ਦੇ ਕੰਢਿਆਂ 'ਤੇ ਵਿਛੀ ਧੁੱਪ ਵਿੱਚ ਲਿਸ਼ਕਦੀ ਰੇਤ ਉੱਪਰ ਮੌਜ ਮਸਤੀ ਕਰਦਾ ਭੁੱਲ ਜਾਂਦਾ ਹੈ ਕਿ ਮਿਹਰਬਾਨ ਕੁਦਰਤ ਕਦੇ ਕਹਿਰਵਾਨ ਵੀ ਹੋ ਸਕਦੀ ਹੈ। ਨੀਲੇ ਪਾਣੀਆਂ ਦੀਆਂ ਚਾਂਦੀ ਰੰਗੀਆਂ ਛੱਲਾਂ ਕਿਸੇ ਸਮੇਂ ਵੀ ਪਾਣੀ ਦੀ 70-80 ਫੁੱਟ ਉੱਚੀ ਕੰਧ ਬਣ ਕੇ ਸਮੁੰਦਰ ਦੇ ਕੰਢੇ ਮੌਜ ਮਸਤੀ ਦੇ ਜਸ਼ਨਾਂ ਨੂੰ ਮਾਣ ਰਹੀ ਮਨੁੱਖਤਾ ਨੂੰ ਤਾਂ ਕੀ ਦੂਰ-ਨੇੜੇ ਦਿਖਾਈ ਦਿੰਦੇ ਪੰਜ-ਪੰਜ ਮੰਜ਼ਿਲੇ ਘਰਾਂ/ਹੋਟਲਾਂ ਅਤੇ ਹੋਰ ਉੱਚੀਆਂ ਇਮਾਰਤਾਂ ਤੱਕ ਉੱਪਰੋਂ ਦੀ ਲੰਘ ਜਾਂਦੀ ਹੈ। ਇਸ ਲਹਿਰ ਵਿੱਚ ਮੋਟਰ ਗੱਡੀਆਂ ਅਤੇ ਮਨੁੱਖ ਦੀ ਬਣਾਈ ਹਰ ਸ਼ੈਅ ਰੁੜ੍ਹ ਜਾਂਦੀ ਹੈ। ਸਮੁੰਦਰੀ ਸਾਗਰ ਧੁਰ ਅੰਦਰ ਤੱਕ ਹਿੱਲ ਜਾਂਦੇ ਹਨ। ਧੁਰ ਪਤਾਲ ਤੱਕ ਹਿੱਲੇ ਇਨ੍ਹਾਂ ਸਾਗਰਾਂ ਤੋਂ ਪੈਦਾ ਹੋਈਆਂ ਲਹਿਰਾਂ ਨੂੰ ਵਿਗਿਆਨੀਆਂ ਨੇ ਸੁਨਾਮੀ ਲਹਿਰਾਂ ਦਾ ਨਾਮ ਦਿੱਤਾ ਹੈ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਸੁਨਾਮੀ ਸ਼ਬਦ ਜਾਪਾਨੀ ਭਾਸ਼ਾ ਦਾ ਸ਼ਬਦ ਹੈ। ਅੰਗਰੇਜ਼ੀ ਵਿੱਚ ਇਹ ਸ਼ਬਦ ਜੋੜ ਅੰਗਰੇਜ਼ੀ ਵਰਣਮਾਲਾ ਦੇ ਵਰਣ 'ਟੀ' ਨਾਲ ਸ਼ੁਰੂ ਹੁੰਦੇ ਹਨ। ਮੂਲ ਸ਼ਬਦ ਦੇ ਦੋ ਟੋਟੇ ਹਨ ਤਸੁ ਅਤੇ ਨਾਮੀ। ਤਸੁ ਦਾ ਅਰਥ ਹੈ ਸਮੁੰਦਰ ਦੀ ਗੋਦ ਅਤੇ ਨਾਮੀ ਦਾ ਅਰਥ ਹੈ ਲਹਿਰ। ਇਸ ਤਰ੍ਹਾਂ ਇਸ ਦਾ ਮੂਲ ਰੂਪ ਤਸੁਨਾਮੀ ਹੈ, ਜਿਸ ਨੂੰ ਸੌਖੀ ਭਾਸ਼ਾ ਵਿੱਚ ਸੁਨਾਮੀ ਉਚਾਰਿਆ ਜਾਂਦਾ ਹੈ। ਸਮੁੰਦਰ ਵਿੱਚੋਂ ਉੱਠੀ ਹਰ ਲਹਿਰ ਸੁਨਾਮੀ ਨਹੀਂ ਹੁੰਦੀ। ਸਾਗਰਾਂ ਦੇ ਧੁਰ ਅੰਦਰ ਤੱਕ ਫੁੱਟਣ ਵਾਲੀ ਹਰ ਲਹਿਰ ਹੀ ਸੁਨਾਮੀ ਹੁੰਦੀ ਹੈ। ਇਨ੍ਹਾਂ ਸਾਗਰਾਂ ਦੇ ਧੁਰ ਅੰਦਰ ਫੁੱਟਣ ਵਾਲਾ ਕੋਈ ਭਿਅੰਕਰ ਭੁਚਾਲ ਜਾਂ ਜਵਾਲਾਮੁਖੀ ਇਨ੍ਹਾਂ ਭਿਆਨਕ ਲਹਿਰਾਂ ਦੀ ਵਜ੍ਹਾ ਬਣਦਾ ਹੈ। ਖੁੱਲ੍ਹੇ ਸਾਗਰਾਂ ਵਿੱਚ ਸੁਨਾਮੀ ਲਹਿਰਾਂ ਦੀ ਤਰੰਗ ਲੰਬਾਈ ਬਹੁਤ ਵੱਡੀ ਹੁੰਦੀ ਹੈ। ਇਹ ਉੱਚੀ ਰਫ਼ਤਾਰ ਨਾਲ ਕਿਨਾਰਿਆਂ ਵੱਲ ਵਧਦੀਆਂ ਹਨ। ਜਿਉਂ-ਜਿਉਂ ਸੁਨਾਮੀ ਲਹਿਰਾਂ ਸਮੁੰਦਰ ਦੇ ਕਿਨਾਰੇ ਵੱਲ ਵਧਦੀਆਂ ਹਨ, ਤਿਉਂ-ਤਿਉਂ ਇਨ੍ਹਾਂ ਦੀ ਤਰੰਗ ਲੰਬਾਈ ਘਟਦੀ ਹੈ ਤੇ ਇਹ ਹੋਰ ਹੀ ਹੋਰ ਵਧੇਰੇ ਉੱਚੀਆਂ ਹੋਈ ਜਾਂਦੀਆਂ ਹਨ। ਖੁੱਲ੍ਹੇ ਸਾਗਰ ਵਿੱਚ ਤੈਰ ਰਹੇ ਸਮੁੰਦਰੀ ਜਹਾਜ਼ਾਂ ਨੂੰ ਨਵ-ਜਨਮੀਆਂ ਸੁਨਾਮੀ ਤਰੰਗਾਂ ਦਾ ਪਤਾ ਹੀ ਨਹੀਂ ਲੱਗਦਾ। ਉੱਥੇ ਉਨ੍ਹਾਂ ਦੀ ਉਚਾਈ ਮਾਮੂਲੀ ਹੁੰਦੀ ਹੈ। ਇਹ ਆਰਾਮ ਨਾਲ ਜਹਾਜ਼ਾਂ ਹੇਠੋਂ ਲੰਘ ਜਾਂਦੀਆਂ ਹਨ, ਜਿਨ੍ਹਾਂ ਦਾ ਇਨ੍ਹਾਂ ਜਹਾਜ਼ਾਂ ਨੂੰ ਬਹੁਤਾ ਖ਼ਤਰਾ ਨਹੀਂ ਹੁੰਦਾ। ਫਿਰ ਇਨ੍ਹਾਂ ਦੀ ਤਰੰਗ ਲੰਬਾਈ ਵੀ ਕਈ ਸੌ ਕਿਲੋਮੀਟਰ ਹੁੰਦੀ ਹੈ, ਭਾਵ ਇਹ ਹੈ ਕਿ ਇੱਕ ਵਾਰ ਇੱਕ ਮੀਟਰ ਉੱਚੀ ਲਹਿਰ ਉੱਠੀ ਤਾਂ ਉਸ ਪਿੱਛੋਂ ਸੈਂਕੜੇ ਕਿਲੋਮੀਟਰ ਬਾਅਦ ਮੁੜ ਇੱਕ ਮੀਟਰ ਲਹਿਰ ਉੱਠੇਗੀ, ਪਰ ਜਿਉਂ-ਜਿਉਂ ਸੁਨਾਮੀ ਲਹਿਰਾਂ ਕਿਨਾਰੇ ਵੱਲ ਵਧਦੀਆਂ ਹਨ ਤਿਉਂ-ਤਿਉਂ ਤਰੰਗ ਲੰਬਾਈ ਘਟਦੀ ਹੈ ਅਤੇ ਤਰੰਗ ਉਚਾਈ ਵਧਦੀ ਜਾਂਦੀ ਹੈ।



ਇਹ ਲਹਿਰਾਂ ਸਾਗਰ ਦੇ ਤਲ 'ਤੇ ਹੋਈ ਸ਼ਕਤੀਸ਼ਾਲੀ ਭੂਚਾਲੀ ਹਲਚਲ ਨਾਲ ਪੈਦਾ ਹੁੰਦੀਆਂ ਹਨ। ਇਹ ਹਲਚਲ ਸੈਂਕੜੇ ਐਟਮ ਬੰਬਾਂ ਜਿੰਨੀ ਸ਼ਕਤੀਸ਼ਾਲੀ ਹੁੰਦੀ ਹੈ। 26 ਦਸੰਬਰ 2004 ਨੂੰ ਪ੍ਰਸ਼ਾਂਤ ਮਹਾਂਸਾਗਰ ਵਿੱਚ ਉੱਠੀਆਂ ਸੁਨਾਮੀ ਲਹਿਰਾਂ ਜਿਸ ਭੂਚਾਲੀ ਹਿਲਜੁਲ ਨਾਲ ਪੈਦਾ ਹੋਈਆਂ ਉਸ ਦੀ ਸ਼ਕਤੀ 6 ਅਗਸਤ 1945 ਨੂੰ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਉੱਤੇ ਸੁੱਟੇ ਗਏ ਅਮਰੀਕੀ ਐਟਮ ਬੰਬ ਨਾਲੋਂ 95 ਗੁਣਾ ਸੀ ਭਾਵ ਉਹੋ ਜਿਹੇ ਸਾਢੇ ਨੌਂ ਹਜ਼ਾਰ ਐਟਮ ਬੰਬਾਂ ਦਾ ਵਿਸਫੋਟ ਇਕਦਮ ਸਮੁੰਦਰ ਦੇ ਥੱਲੇ ਹੋ ਗਿਆ। ਇਸ ਨਾਲ ਪੈਦਾ ਹੋਈਆਂ ਸੁਨਾਮੀ ਲਹਿਰਾਂ ਨੇ ਦੂਰ ਤੱਕ ਵਿਨਾਸ਼ਕਾਰੀ ਪਰਲੋ ਲਿਆਂਦੀ। ਇਸ ਮਹਾਂ-ਤਾਂਡਵ ਪਰਲੋ ਨਾਲ ਲੱਖਾਂ ਲੋਕ ਪਲਾਂ ਵਿੱਚ ਹੀ ਮੌਤ ਦੇ ਮੂੰਹ ਜਾ ਪਏ। ਭਾਰਤ, ਸ੍ਰੀਲੰਕਾ ਇੰਡੋਨੇਸ਼ੀਆ, ਮਾਲਦੀਵ, ਥਾਈਲੈਂਡ, ਸੋਮਾਲੀਆ, ਬਰਮਾ, ਤਨਜ਼ਾਨੀਆ ਆਦਿ ਕਿੰਨੇ ਹੀ ਦੇਸ਼ ਇਸ ਦੀ ਮਾਰ ਹੇਠ ਆ ਗਏ। ਸੁਨਾਮੀ ਲਹਿਰਾਂ ਨਾਲ ਹੋਣ ਵਾਲੀ ਇਹ ਬਰਬਾਦੀ ਮਨੁੱਖੀ ਇਤਿਹਾਸ ਨੇ ਪਹਿਲੀ ਵਾਰ ਨਹੀਂ ਵੇਖੀ। ਪਿਛਲੇ ਪੰਜ ਸੌ ਸਾਲਾਂ ਵਿੱਚ ਇਹ ਤਬਾਹੀ ਕਈ ਵਾਰ ਹੋਈ ਹੈ।

ਦੂਰ ਤੱਕ ਫੈਲੇ ਸਾਗਰ 'ਚੋਂ ਉੱਠੀਆਂ ਲਹਿਰਾਂ ਮਿੰਟ ਦੋ ਮਿੰਟ ਦੇ ਵਕਫ਼ੇ ਨਾਲ ਕੰਢੇ ਵੱਲ ਆਉਂਦੀਆਂ ਹਨ ਅਤੇ ਕਿਨਾਰਿਆਂ ਨੂੰ ਛੂਹ ਕੇ ਪਰਤ ਜਾਂਦੀਆਂ ਹਨ। ਇਨ੍ਹਾਂ ਲਹਿਰਾਂ ਦੇ ਸਿਲਸਿਲੇ ਵਿੱਚ ਸਮੇਂ ਦੀ ਬਹੁਤੀ ਵਿੱਥ ਨਹੀਂ ਹੁੰਦੀ ਅਤੇ ਇਨ੍ਹਾਂ ਵਿੱਚ ਪਾਣੀ ਦੇ ਉੱਚੇ ਤੇ ਨੀਵੇਂ ਤਲ ਵਿੱਚ ਬਹੁਤਾ ਫ਼ਰਕ ਵੀ ਨਹੀਂ ਹੁੰਦਾ। ਇਨ੍ਹਾਂ ਲਹਿਰਾਂ ਵਿੱਚ ਵੱਧ ਤੋਂ ਵੱਧ ਇੰਨੀ ਕੁ ਤਾਕਤ ਹੁੰਦੀ ਹੈ ਕਿ ਤੁਹਾਡੇ ਪੈਰਾਂ ਹੇਠਲੀ ਰੇਤ ਖੋਰ ਕੇ ਲੈ ਜਾਵੇ। ਇਨ੍ਹਾਂ ਦੇ ਮੁਕਾਬਲੇ ਸੁਨਾਮੀ ਲਹਿਰਾਂ ਕੰਧ ਦੀ ਕੰਧ ਹੁੰਦੀਆਂ ਹਨ ਚਾਲੀ ਫੁੱਟ ਤੋਂ ਲੈ ਕੇ ਸੌ ਫੁੱਟ ਤੱਕ ਜਾਂ ਇਸ ਤੋਂ ਵੀ ਵੱਧ ਉੱਚੀ ਪਾਣੀ ਦੀ ਤੁਰੀ ਆਉਂਦੀ ਕੰਧ, ਜੋ ਮਾੜੀ-ਮੋਟੀ ਰਫ਼ਤਾਰ ਨਾਲ ਤੁਰਨ ਵਾਲੀ ਨਹੀਂ ਸਗੋਂ ਸੈਂਕੜੇ ਕਿਲੋਮੀਟਰ ਪ੍ਰਤੀ ਘੰਟਾ ਦੇ ਵੇਗ ਨਾਲ ਚੱਲਣ ਵਾਲੀ ਤੇਜ਼ ਰਫ਼ਤਾਰ ਗੱਡੀ ਤੋਂ ਵੀ ਤੇਜ਼ ਹੁੰਦੀ ਹੈ। ਪਾਣੀ ਦੀ ਪੰਜਾਹ ਫੁੱਟ ਉੱਚੀ ਕੰਧ, ਸਾਗਰ ਦੇ ਕਿਨਾਰੇ ਟੱਪ ਦੂਰ ਤੱਕ ਮਾਰ ਕਰਦੀ ਜਾਂਦੀ ਹੈ। ਇਹ ਮਾਰ ਇਹ ਕੰਧ ਇੱਕੋ ਵਾਰ ਨਹੀਂ ਕਰਦੀ। ਹਰ 20 ਤੋਂ 25 ਮਿੰਟ ਬਾਅਦ ਦੂਰ ਤੱਕ ਮਾਰ ਕਰਨ ਵਾਲੀਆਂ ਇਨ੍ਹਾਂ ਲਹਿਰਾਂ ਦਾ ਸਿਲਸਿਲਾ ਘੰਟਿਆਂਬੱਧੀ ਚੱਲਦਾ ਹੈ, ਓਨਾ ਚਿਰ ਜਿੰਨਾ ਚਿਰ ਸਾਗਰ ਸ਼ਾਂਤ ਨਹੀਂ ਹੋ ਜਾਂਦੇ। ਸੁਨਾਮੀ ਲਹਿਰਾਂ ਨਾਲ ਬਣੀਆਂ ਇਨ੍ਹਾਂ ਕੰਧਾਂ ਦਾ ਅਥਾਹ ਬਲ ਆਪਣੇ ਅੱਗੇ ਆਈ ਹਰ ਚੀਜ਼ ਨੂੰ ਕੱਖ-ਕਾਨਿਆਂ ਵਾਂਗ ਰੋੜ੍ਹ ਕੇ ਸਾਗਰ ਦੇ ਹਵਾਲੇ ਕਰ ਦਿੰਦਾ ਹੈ। ਇਸ ਮਗਰੋਂ ਸਾਗਰ ਕਿਨਾਰੇ ਦੂਰ-ਦੂਰ ਤੱਕ ਜੀਵਨ ਦੀ ਧੜਕਣ ਦੀ ਥਾਂ ਵੀਰਾਨੀ, ਉਜਾੜ, ਤਬਾਹੀ, ਖ਼ੌਫ਼ ਅਤੇ ਚੀਕ ਚਿਹਾੜੇ ਤੋਂ ਬਿਨਾਂ ਕੁਝ ਨਹੀਂ ਬਚਦਾ।

ਉਂਝ ਤਾਂ ਸਾਗਰਾਂ ਦੇ ਕਿਸੇ ਵੀ ਕੰਢੇ ਉੱਤੇ ਸੁਨਾਮੀ ਦੀ ਮਾਰ ਹੇਠ ਆਉਣ ਦੀ ਸੰਭਾਵਨਾ ਨੂੰ ਅਸਲੋਂ ਰੱਦ ਨਹੀਂ ਕੀਤਾ ਜਾ ਸਕਦਾ, ਪਰ ਪ੍ਰਸ਼ਾਂਤ ਮਹਾਂਸਾਗਰ ਦੇ ਆਸ-ਪਾਸ ਦੇ ਖੇਤਰ ਨੂੰ ਇਸ ਪੱਖੋਂ ਵੱਧ ਖ਼ਤਰਨਾਕ ਮੰਨਿਆ ਗਿਆ ਹੈ। ਪ੍ਰਸ਼ਾਂਤ ਮਹਾਂਸਾਗਰ ਨੂੰ ਵਲਦੀ ਰੇਤ-ਪੱਟੀ ਉੱਤੇ ਹੀ ਦੁਨੀਆ ਦੀ 80 ਫ਼ੀਸਦੀ ਤੱਕ ਸੁਨਾਮੀ ਤਬਾਹੀ ਦੀ ਸੰਭਾਵਨਾ ਦਾ ਅਨੁਮਾਨ ਮਾਹਿਰਾਂ ਵੱਲੋਂ ਲਾਇਆ ਗਿਆ ਹੈ। ਮਾਹਿਰਾਂ ਵੱਲੋਂ ਸੁਨਾਮੀ ਲਹਿਰਾਂ ਨਾਲ ਹੋਣ ਵਾਲੀ ਤਬਾਹੀ ਦੀ ਕੁਝ ਘੰਟੇ ਪਹਿਲਾਂ ਅਗਾਊਂ ਚਿਤਾਵਨੀ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਸਾਗਰੀ ਤੱਟਾਂ ਉੱਤੇ ਲਹਿਰਾਂ ਨਾਲ ਹੋਣ ਵਾਲੀ ਤਬਾਹੀ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ, ਪਰ ਇਸ ਤੋਂ ਪੂਰਾ ਬਚਾਅ ਉੱਕਾ ਸੰਭਵ ਨਹੀਂ। ਫਿਰ ਵੀ ਜੋ ਸੰਭਵ ਹੈ, ਉਹ ਤਾਂ ਕਰਨਾ ਹੀ ਬਣਦਾ ਹੈ। ਇਸ ਸਿਲਸਿਲੇ ਵਿੱਚ ਦੁਨੀਆ ਭਰ ਦੇ ਵਿਗਿਆਨੀਆਂ ਨੂੰ ਸੰਗਠਿਤ ਹੋ ਕੇ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਹਰ ਸੰਭਵ ਕਦਮ ਪੁੱਟਣਾ ਚਾਹੀਦਾ ਹੈ।



# ਰਸਾਇਣਾਂ ਦੀ ਵਰਤੋਂ ਨਾਲ ਘਟਦੀ ਜਾਂਦੀ ਹੈ ਧਰਤੀ ਦੀ ਉਪਜਾਊ ਸ਼ਕਤੀ



ਡਾ. ਐਸ. ਐਸ. ਛੀਨਾ



ਰੋਟੀ, ਕੱਪੜਾ ਤੇ ਮਕਾਨ, ਤਿੰਨਾਂ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਖੇਤੀ ਤੋਂ ਹੁੰਦੀ ਹੈ ਜਿਹੜੀ ਕੁਦਰਤੀ ਵਾਤਾਵਰਨ 'ਤੇ ਨਿਰਭਰ ਕਰਦੀ ਹੈ। ਇੱਥੋਂ ਤੱਕ ਕਿ ਫ਼ਸਲਾਂ ਜਾਂ ਵੱਖ-ਵੱਖ ਉਪਜਾਂ ਰੁੱਤਾਂ 'ਤੇ ਨਿਰਭਰ ਕਰਦੀਆਂ ਹਨ। ਧਰਤੀ ਅਤੇ ਪਾਣੀ, ਦੋਵਾਂ ਦੀ ਖੇਤੀ ਉਤਪਾਦਨ ਵਿੱਚ ਮਹੱਤਤਾ ਹੈ ਪਰ ਭਾਰਤ ਸੁਤੰਤਰਤਾ ਤੋਂ ਬਾਅਦ ਭਾਵੇਂ ਇੱਕ ਖੇਤੀ ਪ੍ਰਧਾਨ ਦੇਸ਼ ਸੀ ਜਿਸ ਦੀ 75 ਫ਼ੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਸੀ ਪਰ ਉਹ ਆਪਣੀਆਂ ਅੰਨ ਦੀਆਂ ਲੋੜਾਂ ਦੀ ਪੂਰਤੀ ਵਿੱਚ ਸਵੈ-ਨਿਰਭਰ ਨਹੀਂ ਸੀ। ਅਨਾਜ ਲੋੜਾਂ ਪੂਰੀਆਂ ਕਰਨ ਲਈ ਜਿੱਥੇ ਵਿਦੇਸ਼ ਤੋਂ ਮਹਿੰਗੀ ਵਿਦੇਸ਼ੀ ਮੁਦਰਾ ਨਾਲ ਅਨਾਜ ਮੰਗਵਾਇਆ ਜਾਂਦਾ ਸੀ ਉੱਥੇ ਹੀ ਉਨ੍ਹਾਂ ਦੇਸ਼ਾਂ ਵੱਲੋਂ ਕਈ ਰਾਜਨੀਤਕ ਸ਼ਰਤਾਂ ਲਾ ਦਿੱਤੀਆਂ ਜਾਂਦੀਆਂ ਸਨ।

ਸੰਨ 1965 ਵਿੱਚ ਜਦੋਂ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ ਅਨਾਜ ਦੀ ਆਯਾਤ ਘਟਾਉਣ ਲਈ ਦੇਸ਼ ਭਰ ਵਿੱਚ ਸੋਮਵਾਰ ਸ਼ਾਮ ਦੇ ਵਰਤ ਰੱਖਣ ਲਈ ਅਪੀਲ ਕੀਤੀ ਜਿਸ ਦਾ ਬਹੁਤ ਚੰਗਾ ਪ੍ਰਭਾਵ ਪਿਆ ਇੱਥੋ ਤੱਕ ਕਿ ਸੋਮਵਾਰ ਸ਼ਾਮ ਨੂੰ ਢਾਬੇ ਤੇ ਹੋਟਲਾਂ 'ਚ ਵੀ ਖਾਣਾ ਨਹੀਂ ਸੀ ਮਿਲਦਾ।

ਅੱਜ ਵੀ ਦੇਸ਼ ਦੀ ਵੱਡੀ ਵਸੋਂ ਦੇਸ਼ ਦੇ ਸਾਧਨਾਂ 'ਤੇ ਇੱਕ ਵੱਡਾ ਭਾਰ ਹੈ। ਦੁਨੀਆਂ ਦੀ ਕੁੱਲ ਵਸੋਂ ਦੀ 17.6 ਫ਼ੀਸਦੀ ਭਾਰਤ ਵਿੱਚ ਹੈ ਜਦਕਿ ਖੇਤਰ 2.5 ਫ਼ੀਸਦੀ ਦੇ ਕਰੀਬ ਅਤੇ ਪਾਣੀ ਦੇ ਸਾਧਨ 4 ਫ਼ੀਸਦੀ ਹਨ। ਪਰ ਭਾਰਤ 'ਚ 1968 ਤੋਂ ਬਾਅਦ ਅਨਾਜ ਵਧਾਉਣ ਦੀਆਂ ਕੋਸ਼ਿਸ਼ਾਂ 'ਚ ਬਹੁਤ ਨਵੀਆਂ ਗੱਲਾਂ ਅਪਣਾਈਆਂ ਗਈਆਂ। ਬਿਜਲੀਕਰਨ ਸਦਕਾ ਟਿਊਬਵੈੱਲਾਂ ਨਾਲ ਵੱਧ ਤੋਂ ਵੱਧ ਸਿੰਚਾਈ ਦਾ ਪ੍ਰਬੰਧ ਕੀਤਾ ਗਿਆ ਤੇ 14 ਵੱਡੇ ਵਪਾਰਕ ਬੈਂਕਾਂ ਦਾ ਕੌਮੀਕਰਨ ਕਰ ਕੇ ਉਨ੍ਹਾਂ ਨੂੰ ਕਿਰਸਾਨੀ ਲਈ ਖ਼ਾਸ ਤੌਰ 'ਤੇ ਸਸਤੀਆਂ ਦਰਾਂ 'ਤੇ ਕਰਜ਼ੇ ਦੇਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ।

ਸਰਕਾਰ ਵੱਲੋਂ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਦੀਆਂ ਸਮਰਥਨ ਕੀਮਤਾਂ ਘੋਸ਼ਿਤ ਕਰ ਕੇ ਆਪ ਖ਼ਰੀਦਣ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਨਾਲ ਕਣਕ ਅਤੇ ਝੋਨੇ ਦਾ ਉਤਪਾਦਨ ਇੰਨਾ ਵਧਿਆ ਕਿ ਭਾਰਤ ਖ਼ੁਰਾਕ ਆਯਾਤ ਕਰਨ ਵਾਲੇ ਦੇਸ਼ ਤੋਂ ਬਦਲ ਕੇ ਖ਼ੁਰਾਕ ਨਿਰਯਾਤ ਕਰਨ ਵਾਲਾ ਦੇਸ਼ ਬਣ ਗਿਆ।ਪਰ ਇਸ ਹੋਏ ਹਰੇ ਇਨਕਲਾਬ ਦੀ ਉਪਜ 'ਚ ਵਾਧਾ ਖਾਦਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਹੋਇਆ। ਪਹਿਲਾਂ ਰਸਾਇਣਕ ਖਾਦਾਂ ਦੀ ਵੱਧ ਤੋਂ ਵੱਧ ਵਰਤੋਂ ਨਹੀਂ ਸੀ ਹੋ ਰਹੀ। ਉਸ ਦੀ ਇੱਕ ਵੱਡੀ ਵਜ੍ਹਾ ਇਹ ਵੀ ਸੀ ਕਿ ਸਿੰਚਾਈ ਦੀ ਵੱਡੀ ਮਾਤਰਾ 'ਚ ਲੋੜ ਸੀ ਜਿਹੜੀ ਹੁਣ ਟਿਊਬਵੈੱਲਾਂ ਨੇ ਪੂਰੀ ਕਰ ਦਿੱਤੀ। ਰਸਾਇਣਕ ਖਾਦਾਂ ਉਨ੍ਹਾਂ ਖੇਤਰਾਂ 'ਚ ਹੀ ਜ਼ਿਆਦਾ ਵਰਤੀਆਂ ਗਈਆਂ ਜਿਨ੍ਹਾਂ ਵਿੱਚ ਪਾਣੀ ਜ਼ਿਆਦਾ ਉਪਲਬਧ ਸੀ।

ਪੰਜਾਬ, ਹਰਿਆਣਾ ਅਤੇ ਯੂਪੀ ਉਹ ਤਿੰਨ ਪ੍ਰਾਂਤ ਸਨ ਜਿੱਥੇ ਪਾਣੀ ਧਰਤੀ ਤੋਂ 7/8 ਫੁੱਟ ਨੀਵਾਂ ਮਿਲ ਜਾਂਦਾ ਸੀ। ਇਨ੍ਹਾਂ ਖੇਤਰਾਂ ਵਿੱਚ ਧੜਾਧੜ ਟਿਊਬਵੈੱਲ ਲੱਗਣੇ ਸ਼ੁਰੂ ਹੋ ਗਏ। ਪੰਜਾਬ 'ਚ ਜਿੱਥੇ 1960 ਤੱਕ ਮਸਾਂ 7000 ਟਿਊਬਵੈੱਲ ਲੱਗੇ ਸਨ, ਹੁਣ ਉੱਥੇ ਲਗਪਗ 14.5 ਲੱਖ ਟਿਊਬਵੈੱਲ ਹੋ ਗਏ ਹਨ। ਬਿਜਲੀਕਰਨ ਵਧਣ ਅਤੇ ਖ਼ਾਸ ਕਰਕੇ 1997 ਤੋਂ ਬਾਅਦ ਖੇਤੀ ਲਈ ਬਿਜਲੀ ਮੁਫ਼ਤ ਕਰਨ ਕਰਕੇ ਇਨ੍ਹਾਂ ਟਿਊਬਵੈੱਲਾਂ ਨੇ ਬੇਤਹਾਸ਼ਾ ਪਾਣੀ ਧਰਤੀ ਵਿੱਚੋਂ ਕੱਢਣਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਤੱਕ ਕਿ ਪਾਣੀ ਦੀ ਯੋਗ ਲੋੜ ਤੋਂ ਕਿਤੇ ਵੱਧ ਪਾਣੀ ਕੱਢਣਾ ਸ਼ੁਰੂ ਹੋ ਗਿਆ।

ਇਸ ਲਈ ਜਿੱਥੇ ਪਾਣੀ ਦਾ ਪੱਧਰ ਜਿਹੜਾ 8/10 ਫੁੱਟ 'ਤੇ ਸੀ, ਉਹ ਹੁਣ ਜ਼ਿਆਦਾ ਥਾਵਾਂ 'ਤੇ 150 ਫੁੱਟ ਤੋਂ ਵੀ ਹੇਠਾਂ ਚਲਾ ਗਿਆ ਜਿਸ ਕਾਰਨ ਵਾਤਾਵਰਨ ਦਾ ਵਿਗਾੜ ਸ਼ੁਰੂ ਹੋ ਗਿਆ। ਵਾਤਾਵਰਨ ਦਾ ਵਿਗਾੜ ਦੋ ਕਾਰਨਾਂ ਕਰਕੇ ਹੋਇਆ। ਇੱਕ ਰਸਾਇਣਾਂ ਦੀ ਜ਼ਿਆਦਾ ਵਰਤੋਂ ਅਤੇ ਦੂਸਰਾ, ਪਾਣੀ ਦਾ ਪੱਧਰ ਬਹੁਤ ਹੇਠਾਂ ਚਲੇ ਜਾਣਾ। ਰਸਾਇਣਾਂ ਦੀ ਵਰਤੋਂ ਨਾਲ ਬੇਸ਼ੱਕ ਉਪਜ ਵਿੱਚ ਤਾਂ ਵਾਧਾ ਹੁੰਦਾ ਹੈ ਪਰ ਇਹ ਧਰਤੀ ਦੀ ਉਪਜਾਊ ਸ਼ਕਤੀ ਦੀ ਲਾਗਤ 'ਤੇ ਹੁੰਦਾ ਹੈ। ਧਰਤੀ ਦੀ ਉਪਜਾਊ ਸ਼ਕਤੀ ਰਸਾਇਣਾਂ ਦੀ ਵਰਤੋਂ ਨਾਲ ਘਟਦੀ ਜਾਂਦੀ ਹੈ।ਜੇ ਪਹਿਲੇ ਸਾਲ ਇੱਕ ਇਕਾਈ ਉਪਜ ਲੈਣ ਲਈ 4 ਬੋਰੀਆਂ ਰਸਾਇਣਾਂ ਦੀਆਂ ਵਰਤੀਆਂ ਸਨ ਤਾਂ ਅਗਲੇ ਸਾਲ 5 ਵਰਤਣੀਆਂ ਪੈਣਗੀਆਂ। ਓਨੀ ਹੀ ਉਪਜ ਲੈਣ ਲਈ ਅਗਲੇ ਸਾਲ 5 ਨਹੀਂ ਸਗੋਂ 6 ਬੋਰੀਆਂ ਵਰਤਣੀਆਂ ਪੈਣਗੀਆਂ ਤੇ ਇੰਜ ਇਹ ਮਾਤਰਾ ਹਰ ਸਾਲ ਵਧਦੀ ਜਾਵੇਗੀ ਤਾਂ ਅੰਦਾਜ਼ਾ ਲਾ ਲਓ ਕਿ ਫਿਰ ਇਸ ਦਾ ਅੰਤ ਕਿੱਥੇ ਹੋਵੇਗਾ। ਦੂਸਰੀ ਤਰਫ਼ ਇਨ੍ਹਾਂ ਰਸਾਇਣਾਂ ਦੇ ਜ਼ਹਿਰ ਪਹਿਲਾਂ ਹਵਾ, ਫਿਰ ਪਾਣੀ ਅਤੇ ਮਗਰੋਂ ਧਰਤੀ ਵਿੱਚ ਅਤੇ ਫਿਰ ਖ਼ੁਰਾਕ 'ਚ ਸ਼ਾਮਲ ਹੋ ਜਾਣਗੇ ਜਿਹੜੇ ਕਈ ਕਿਸਮ ਦੀਆਂ ਸਮੱਸਿਆਵਾਂ ਪੈਦਾ ਕਰ ਦੇਣਗੇ।

ਅੱਜ-ਕੱਲ੍ਹ ਇਨ੍ਹਾਂ ਰਸਾਇਣਾਂ ਕਰਕੇ ਕੁਦਰਤੀ ਵਾਤਾਵਰਨ 'ਚ ਵੱਡਾ ਵਿਗਾੜ ਪੈ ਗਿਆ ਹੈ। ਜਿਨ੍ਹਾਂ ਖੇਤਾਂ 'ਚ ਇਹ ਰਸਾਇਣ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਤਾਂ ਪ੍ਰਭਾਵਿਤ ਕਰਦੇ ਹੀ ਹਨ, ਇਹ ਨਾਲ ਲੱਗਦੇ ਖੇਤਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਹੋ ਵਜ੍ਹਾ ਹੈ ਕਿ ਇਸ ਨੇ ਜੈਵਿਕ ਜਾਂ ਕੁਦਰਤੀ ਖੇਤੀ ਕਰਨ 'ਚ ਵੀ ਕਈ ਰੁਕਾਵਟਾਂ ਪਾ ਦਿੱਤੀਆਂ ਹਨ। ਪਾਣੀ ਜਿਹੜਾ 7/8 ਫੁੱਟ ਦੀ ਡੂੰਘਾਈ 'ਤੇ ਮਿਲਦਾ ਸੀ, ਉਸ ਲਈ ਧਰਤੀ ਦੇ ਉੱਪਰ ਬਿਜਲੀ ਦੀਆਂ ਮੋਟਰਾਂ ਲਾਈਆਂ ਜਾਂਦੀਆਂ ਸਨ ਪਰ 1980 ਤੋਂ ਬਾਅਦ ਧਰਤੀ 'ਤੇ ਲਾਈਆਂ ਮੋਟਰਾਂ ਪਾਣੀ ਨਹੀਂ ਸਨ ਕੱਢ ਸਕਦੀਆਂ।

ਇਸ ਲਈ ਇੱਕ ਟੋਆ ਪੁੱਟ ਕੇ ਧਰਤੀ ਦੇ ਹੇਠਾਂ ਖੂਹੀ ਜਿਹੀ ਬਣਾ ਕੇ ਮੋਟਰਾਂ ਲਾਈਆਂ ਜਾਂਦੀਆਂ ਸਨ। ਉਹ ਤਾਂ ਹੀ ਪਾਣੀ ਕੱਢ ਸਕਦੀਆਂ ਸਨ ਕਿਉਂਕਿ ਇਹ ਪਾਣੀ ਦੀ ਦੂਸਰੀ ਪਰਤ ਸੀ। ਫਿਰ ਇਸ ਪਰਤ ਤੋਂ ਵੀ ਪਾਣੀ ਖ਼ਤਮ ਹੋ ਗਿਆ। ਤਾਂ ਫਿਰ ਪਾਣੀ ਕੱਢਣ ਲਈ ਸਬਮਰਸੀਬਲ ਪੰਪ ਲਾਏ ਜਾ ਰਹੇ ਹਨ ਤਾਂ ਕਿ ਪਾਣੀ ਕੱਢਿਆ ਜਾ ਸਕੇ। ਜੇ ਇਸ ਹਿਸਾਬ ਨਾਲ ਪਾਣੀ ਕੱਢਣਾ ਜਾਰੀ ਰਿਹਾ ਤਾਂ ਇਸ ਪਰਤ 'ਚੋਂ ਵੀ ਪਾਣੀ ਖ਼ਤਮ ਹੋ ਜਾਵੇਗਾ। ਫਿਰ ਕੀ ਬਣੇਗਾ? ਇਸ ਦਾ ਖ਼ਿਆਲ ਕਰਨ 'ਤੇ ਵੀ ਡਰ ਲੱਗਦਾ ਹੈ। ਇਸ ਲਈ ਲੋੜ ਹੈ ਕਿ ਬਗ਼ੈਰ ਦੇਰ ਕੀਤਿਆਂ ਇਸ ਮਸਲੇ ਦਾ ਹੱਲ ਕੱਢਿਆ ਜਾਵੇ।

ਰਸਾਇਣਾਂ ਦੀ ਵਰਤੋਂ ਅਨਾਜ ਦੀ ਉਪਜ ਬਣਾਈ ਰੱਖਣ ਜਾਂ ਵਧਾਉਣ ਲਈ ਕੀਤੀ ਜਾਂਦੀ ਹੈ। ਜੇ ਰਸਾਇਣਾਂ ਦੇ ਬਦਲ ਵਜੋਂ ਜੈਵਿਕ ਖਾਦਾਂ ਅਤੇ ਹੋਰ ਖਾਦਾਂ ਤੇ ਪਦਾਰਥਾਂ ਨਾਲ ਉਪਜ ਵਧਾਈ ਜਾ ਸਕੇ ਜਾਂ ਖੇਤੀ ਢੰਗਾਂ ਵਿੱਚ ਤਬਦੀਲੀ ਕਰ ਕੇ ਜੈਵਿਕ ਫ਼ਸਲਾਂ ਨਾਲ ਵੀ ਓਨੀ ਹੀ ਉਪਜ ਹੋ ਜਾਵੇ ਤਾਂ ਰਸਾਇਣਾਂ ਦੀ ਲੋੜ ਖ਼ਤਮ ਹੋ ਜਾਵੇਗੀ ਜੋ ਵਾਤਾਵਰਨ ਦੇ ਵਿਗਾੜ ਦਾ ਮੁੱਖ ਕਾਰਨ ਹੈ। ਇਸ ਸਬੰਧੀ ਸਰਕਾਰ ਦੀ ਸਰਪ੍ਰਸਤੀ ਦੀ ਲੋੜ ਹੈ।

ਜਿੰਨੀ ਮਿਹਨਤ ਅਤੇ ਲਗਨ ਨਾਲ ਨਵੇਂ ਬੀਜਾਂ, ਰਸਾਇਣਾਂ ਅਤੇ ਖੇਤੀ ਢੰਗਾਂ ਲਈ ਖੇਤੀ ਯੂਨੀਵਰਸਿਟੀਆਂ ਅਤੇ ਖੇਤੀ ਖੋਜ ਕੇਂਦਰਾਂ ਨੇ ਖੋਜ ਕੀਤੀ ਸੀ ਜਿਸ ਕਰਕੇ ਇੰਨੀ ਉਪਜ ਦੇ ਸਿੱਟੇ ਮਿਲੇ ਸਨ, ਓਨੀ ਹੀ ਲਗਨ ਨਾਲ ਜੈਵਿਕ ਖਾਦਾਂ ਅਤੇ ਉਪਜ ਢੰਗਾਂ ਲਈ ਖੋਜ ਹੋਣੀ ਚਾਹੀਦੀ ਹੈ। ਇਹ ਗੱਲ ਵੇਖੀ ਗਈ ਹੈ ਕਿ ਕੁਝ ਕੁਦਰਤੀ ਫਾਰਮਾਂ 'ਤੇ ਰਸਾਇਣਕ ਫਾਰਮਾਂ ਨਾਲੋਂ ਵੱਧ ਉਪਜ ਲਈ ਜਾ ਰਹੀ ਹੈ ਜਿਸ ਤਰ੍ਹਾਂ ਪਿੰਗਲਵਾੜਾ ਸੰਸਥਾ ਵੱਲੋਂ ਚਲਾਇਆ ਜਾਂਦਾ ਜੰਡਿਆਲੇ ਦੇ ਨਜ਼ਦੀਕ ਫਾਰਮ ਅਤੇ ਹੋਰ ਜ਼ਿਲ੍ਹਿਆਂ ਵਿੱਚ ਕੁਝ ਹੋਰ ਫਾਰਮ ਹਨ।

ਇੱਕ ਹੋਰ ਗੱਲ ਵੇਖੀ ਗਈ ਹੈ ਕਿ ਖੇਤੀ ਜੈਵਿਕ ਹੋਣ ਸਬੰਧੀ ਕੁਝ ਗ਼ਲਤ-ਫਹਿਮੀਆਂ ਵੀ ਹਨ। ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸਿਜ਼ ਨਵੀ ਦਿੱਲੀ ਵੱਲੋਂ ਮੈਨੂੰ ਪੰਜਾਬ ਵਿੱਚ ਜੈਵਿਕ ਅਤੇ ਰਸਾਇਣਕ ਫਾਰਮਾਂ ਦੇ ਮੁਕਾਬਲੇ ਦਾ ਇਕ ਪ੍ਰਾਜੈਕਟ ਦਿੱਤਾ ਗਿਆ ਸੀ। ਮੈਂ ਕੁਝ ਅਜਿਹੇ ਫਾਰਮਾਂ 'ਤੇ ਵੀ ਗਿਆ ਜਿਨ੍ਹਾਂ ਨੇ ਛੋਟੇ ਪੋਲਟਰੀ ਫਾਰਮ ਵੀ ਬਣਾਏ ਹੋਏ ਸਨ। ਮੈਂ ਖ਼ਾਸ ਤੌਰ 'ਤੇ ਨੋਟ ਕੀਤਾ ਕਿ ਉਨ੍ਹਾਂ ਫਾਰਮਾਂ 'ਤੇ ਆਲੂ 150 ਕੁਇੰਟਲ ਤੋਂ ਵੱਧ ਇੱਕ ਏਕੜ ਵਿੱਚੋਂ ਲਏ ਜਾਂਦੇ ਸਨ ਜਦਕਿ ਰਸਾਇਣਕ ਫਾਰਮਾਂ ਵਿੱਚ ਇਹ ਉਪਜ 100 ਕੁਇੰਟਲ ਸੀ।

ਇਸ ਤਰ੍ਹਾਂ ਹੀ ਉਸ ਪੋਲਟਰੀ ਦੀ ਖਾਦ ਨਾਲ ਉਹ 400 ਕੁਇੰਟਲ ਪ੍ਰਤੀ ਏਕੜ ਗੰਨੇ ਦੀ ਉਪਜ ਕਰ ਰਹੇ ਸਨ ਜਦਕਿ ਰਸਾਇਣਕ ਫਾਰਮਾਂ 'ਤੇ ਵੱਧ ਤੋਂ ਵੱਧ 300 ਕੁਇੰਟਲ ਗੰਨਾ ਹੁੰਦਾ ਸੀ।

ਪਰ ਜਦ ਮੈਂ ਖੇਤੀਬਾੜੀ ਯੂਨੀਵਰਸਿਟੀ ਦੇ ਡਾਇਰੈਕਟਰ ਐਕਸਟੈਨਸ਼ਨ ਜਿਨ੍ਹਾਂ ਨੇ ਚੰਗੀ ਖੋਜ ਨੂੰ ਅੱਗੇ ਕਿਸਾਨਾਂ ਤੱਕ ਪਹੁੰਚਾਉਣਾ ਸੀ, ਨਾਲ ਗੱਲ ਕੀਤੀ ਤਾਂ ਉਸ ਦਾ ਜਵਾਬ ਸੀ ਕਿ ਮੁਰਗੀਆਂ ਨੂੰ ਟੀਕੇ ਲੱਗਦੇ ਹਨ। ਇਸ ਲਈ ਉਹ ਖਾਦ ਜੈਵਿਕ ਰਹਿੰਦੀ ਹੀ ਨਹੀਂ ਪਰ ਮੈਂ ਸਮਝਦਾ ਹਾਂ ਕਿ ਕਈ ਮਹੀਨੇ ਮੀਂਹ, ਧੁੱਪ ਵਿੱਚ ਪਈਆਂ ਮੁਰਗੀਆਂ ਦੀਆਂ ਵਿਠਾਂ ਦੀ ਖਾਦ ਇੰਨੀ ਜ਼ਹਿਰੀਲੀ ਨਹੀਂ ਰਹਿੰਦੀ। ਇਸ ਗੱਲ 'ਤੇ ਖੋਜ ਹੋਣੀ ਚਾਹੀਦੀ ਹੈ ਅਤੇ ਜੋ ਵਸਤਾਂ ਕੁਦਰਤੀ ਮਾਹੌਲ ਬਣਾਈ ਰੱਖਣ ਅਤੇ ਵੱਧ ਖੇਤੀ ਉਪਜ ਦੇਣ ਲਈ ਸਹਾਇਕ ਹਨ, ਉਨ੍ਹਾਂ ਦੀ ਸਿਫ਼ਾਰਸ਼ ਹੋਣੀ ਚਾਹੀਦੀ ਹੈ।

ਇਨ੍ਹਾਂ ਰਸਾਇਣਾਂ ਨੇ ਉਹ ਸੂਖਮ ਜੀਵ ਜਿਹੜੇ ਉਪਜ 'ਚ ਵਾਧਾ ਕਰਦੇ ਹਨ ਤੇ ਪੰਛੀਆਂ ਦੀਆਂ ਕਈ ਕਿਸਮਾਂ ਖ਼ਤਮ ਕਰ ਦਿੱਤੀਆਂ ਹਨ। ਜੈਵਿਕ ਤੇ ਕੁਦਰਤੀ ਖੇਤੀ ਹੀ ਕੁਦਰਤੀ ਵਾਤਾਵਰਨ ਬਣਾਈ ਰੱਖ ਸਕਦੀ ਹੈ। ਇਸ ਬਾਰੇ ਸਰਕਾਰ ਨੂੰ ਸੁਚੇਤ ਹੋਣਾ ਪੈਣਾ ਹੈ। ਉਸ ਦੀ ਸਰਪ੍ਰਸਤੀ, ਅਗਵਾਈ ਤੇ ਮਦਦ ਤੋਂ ਬਿਨਾਂ ਕੁਦਰਤੀ ਵਾਤਾਵਰਨ ਵਿਚ ਸੁਧਾਰ ਹੋਣਾ ਮੁਸ਼ਕਲ ਹੈ। ਇਸ ਤੋਂ ਪਹਿਲਾਂ ਕਿ ਇਸ ਵਿੱਚ ਬਹੁਤ ਦੇਰ ਹੋ ਜਾਵੇ, ਸਰਕਾਰ ਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।



# ਸਦਾ ਹੀ ਮਨੁੱਖ ਨੂੰ ਆਪਣੇ ਵੱਲ ਖਿੱਚਿਆ ਹੈ ਆਸਾਨ ਰਾਹਾਂ ਨੇ

ਡਾ. ਨਿਸ਼ਾਨ ਸਿੰਘ ਰਾਠੌਰ



ਰਾਹਾਂ ਦਾ ਕੰਮ ਮਨੁੱਖ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਉਣਾ ਹੁੰਦਾ ਹੈ। ਇਸ ਲਈ ਆਸਾਨ ਰਾਹਾਂ ਨੇ ਸਦਾ ਹੀ ਮਨੁੱਖ ਨੂੰ ਆਪਣੇ ਵੱਲ ਖਿੱਚਿਆ ਹੈ, ਆਕਰਸ਼ਿਤ ਕੀਤਾ ਹੈ। ਮਨੁੱਖ ਅਤੇ ਰਾਹ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਖੇਤਰ ਕੋਈ ਵੀ ਹੋਵੇ; ਰਾਹ ਅਤੇ ਰਾਹ-ਦਸੇਰੇ ਦੀ ਜ਼ਰੂਰਤ ਹਮੇਸ਼ਾ ਹੁੰਦੀ ਹੈ। ਇਸੇ ਲਈ ਰਾਹਾਂ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਸਿਆਣਿਆਂ ਦਾ ਕਥਨ ਹੈ ਕਿ ਨਵੀਆਂ ਰਾਹਾਂ ਦੇ ਮੁਸਾਫ਼ਰ ਲੋਕ ਆਪਣੀ ਜ਼ਿੰਦਗੀ ਵਿੱਚ ਕਦੇ ਹਾਰ ਨਹੀਂ ਮੰਨਦੇ। ਅਜਿਹੇ ਲੋਕ ਤਾ-ਉਮਰ ਨਵੀਆਂ ਚੀਜ਼ਾਂ ਨੂੰ ਗ੍ਰਹਿਣ ਕਰਦੇ ਰਹਿੰਦੇ ਹਨ, ਸਿੱਖਦੇ ਰਹਿੰਦੇ ਹਨ। ਇਨ੍ਹਾਂ ਲੋਕਾਂ ਵਿੱਚ ਨਵ-ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਅਜਿਹੇ ਰਾਹਾਂ ਦੇ ਮੁਸਾਫ਼ਰ ਲੋਕ ਹੀ ਸਮਾਜ ਵਿੱਚ ਰਹਿੰਦੇ ਆਮ ਲੋਕਾਂ ਲਈ ਰਾਹ-ਦਸੇਰੇ ਬਣਦੇ ਹਨ, ਲੋਕਾਂ ਲਈ ਉਮੀਦ ਦੀ ਕਿਰਨ ਹੁੰਦੇ ਹਨ।

ਅੱਜ ਦੇ ਮਨੁੱਖ ਕੋਲ ਪੈਸਾ, ਸ਼ੋਹਰਤ ਅਤੇ ਸਹੂਲਤਾਂ ਹਨ, ਪਰ ਮਾਨਸਿਕ ਸਕੂਨ ਦੀ ਘਾਟ ਹੈ। ਮਨੁੱਖ ਅਤੇ ਮਸ਼ੀਨ ਵਿੱਚ ਬਹੁਤਾ ਫ਼ਰਕ ਨਹੀਂ ਰਹਿ ਗਿਆ। ਇੱਕੋ ਥਾਵੇਂ ਸਾਲਾਂਬੱਧੀ ਕੰਮ ਕਰਨ ਕਰਕੇ ਮਨੁੱਖ ਆਪਣੇ ਜੀਵਨ ਵਿੱਚ ਖੜੋਤ ਦਾ ਸ਼ਿਕਾਰ ਹੋ ਗਿਆ ਹੈ। ਅੱਜ ਹਾਲਾਤ ਅਜਿਹੇ ਹਨ ਕਿ ਸਮਾਜ ਵਿੱਚ ਰਹਿੰਦੇ 90 ਫ਼ੀਸਦੀ ਲੋਕ ਆਪਣੇ ਨਿੱਤ ਦੇ ਕਾਰ-ਵਿਹਾਰ ਨੂੰ ਬਦਲਣਾ ਚਾਹੁੰਦੇ ਹਨ। ਹਰ ਵਕਤ ਇੱਕੋ ਕੰਮ, ਇੱਕੋ ਰਾਹ ਅਤੇ ਇੱਕੋ ਜਿਹਾ ਕਾਰ-ਵਿਹਾਰ। ਜੀਵਨ ਰੁੱਖਾ ਹੋ ਗਿਆ ਜਾਪਦਾ ਹੈ। ਖ਼ਬਰੇ! ਇਸੇ ਕਰਕੇ ਅੱਜ ਦਾ ਮਨੁੱਖ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਵੱਧ ਹੋ ਰਿਹਾ ਹੈ।

ਗੁਰਮਤਿ ਵਿਚਾਰਧਾਰਾ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਸਾਹਿਬ ਵੀ ਮਨੁੱਖ ਨੂੰ ਵਕਤ ਦੇ ਨਾਲ ਤੁਰਨ ਦੀ ਤਾਕੀਦ ਕਰਦੇ ਹਨ। ਉਹ ਮਨੁੱਖ ਜਿਸ ਨੇ ਸਮੇਂ ਦੇ ਅਨੁਸਾਰ ਤੁਰਨਾ ਸਿੱਖ ਲਿਆ, ਆਪਣੀ ਜ਼ਿੰਦਗੀ ਵਿੱਚ ਕਦੇ ਮਾਰ ਨਹੀਂ ਖਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵੀ ਕਿਹਾ ਗਿਆ ਹੈ:

ਵਖਤੁ ਵੀਚਾਰੇ ਸੁ ਬੰਦਾ ਹੋਇ॥

ਜਿਹੜੇ ਮਨੁੱਖ ਆਪਣੇ ਜੀਵਨ ਵਿੱਚ ਖੜੋਤ ਦਾ ਸ਼ਿਕਾਰ ਹੋ ਜਾਂਦੇ ਹਨ, ਉਹ ਮਨੁੱਖ ਆਪਣੇ ਜੀਵਨ ਵਿੱਚ ਕਦੇ ਅੱਗੇ ਨਹੀਂ ਵਧਦੇ। ਜ਼ਿੰਦਗੀ ਵਿੱਚ ਅੱਗੇ ਵਧਣ ਜਾਂ ਫਿਰ ਤਰੱਕੀ ਕਰਨ ਲਈ ਤੁਰਨਾ ਪੈਂਦਾ ਹੈ, ਅੱਗੇ ਵਧਣਾ ਪੈਂਦਾ ਹੈ, ਫ਼ੈਸਲੇ ਲੈਣੇ ਪੈਂਦੇ ਹਨ। ਜਿਹੜਾ ਮਨੁੱਖ ਇਨ੍ਹਾਂ ਸੌਗਾਤਾਂ ਤੋਂ ਵਾਂਝਾ ਹੈ, ਉਹ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਮਾਨਸਿਕ ਵਿਕਾਰਾਂ ਦੇ ਘੇਰੇ ਵਿੱਚ ਆਪਣੇ ਜੀਵਨ ਨੂੰ ਬਰਬਾਦ ਕਰ ਬੈਠਦਾ ਹੈ।

ਸ੍ਰੀ ਕ੍ਰਿਸ਼ਨ ਜੀ ਨੇ ਸ੍ਰੀ ਭਗਵਤ ਗੀਤਾ ਵਿੱਚ ਕਿਹਾ ਹੈ: 'ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ।'

ਭਾਵ ਬਦਲਾਅ ਵਿੱਚ ਹੀ ਸੰਸਾਰ ਚੱਲਦਾ ਹੈ। ਜੋ ਕੁਝ ਅੱਜ ਸਾਡੇ ਕੋਲ ਹੈ ਉਹ ਬੀਤੇ ਕੱਲ੍ਹ ਕਿਸੇ ਹੋਰ ਕੋਲ ਸੀ ਅਤੇ ਆਉਂਦੇ ਕੱਲ੍ਹ ਕਿਸੇ ਹੋਰ ਕੋਲ ਹੋਵੇਗਾ। ਇਹੀ ਸੰਸਾਰ ਦਾ ਨਿਯਮ ਹੈ, ਕੁਦਰਤ ਦਾ ਨਿਯਮ ਹੈ। ਜਿਸ ਮਨੁੱਖ ਨੇ ਇਸ ਨਿਯਮ ਨੂੰ ਸਮਝ ਲਿਆ, ਆਪਣੇ ਜੀਵਨ ਵਿੱਚ ਢਾਲ ਲਿਆ, ਉਹ ਕਾਮਯਾਬੀ ਦੀਆਂ ਮੰਜ਼ਿਲਾਂ ਨੂੰ ਪ੍ਰਾਪਤ ਕਰ ਲੈਂਦਾ ਹੈ। ਇੱਕੋ ਥਾਵੇਂ ਖੜ੍ਹੇ ਮਨੁੱਖ ਖ਼ਤਮ ਹੋ ਜਾਂਦੇ ਹਨ, ਬਰਬਾਦ ਹੋ ਜਾਂਦੇ ਹਨ।

ਪੰਜਾਬੀ ਸਾਹਿਤ ਦਾ ਅਧਿਐਨ ਕਰਦਿਆਂ ਇਹ ਸ਼ਿਅਰ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਮਹਿਸੂਸ ਹੁੰਦਾ ਹੈ:

ਤੁਰਦਿਆਂ ਦੇ ਨਾਲ ਤੁਰਦੇ ਤਾਂ ਕਿਤੇ ਤਾਂ ਪਹੁੰਚਦੇ
ਬਿਨ ਤੁਰੇ ਜੋ ਪਹੁੰਚਣਾ ਚਾਹੁੰਦੇ ਸੀ ਸੜਕਾਂ ਹੋ ਗਏ।

ਰਬਿੰਦਰ ਮਸਰੂਰ ਦੇ ਇਸ ਸ਼ਿਅਰ ਵਿੱਚ ਅੱਜ ਦੇ ਮਨੁੱਖ ਦੇ ਜੀਵਨ ਦੇ ਅਸਲ ਸੱਚ ਨੂੰ ਬਹੁਤ ਸਹਿਜ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ। ਸ਼ਾਇਰ ਕਹਿੰਦਾ ਹੈ ਕਿ ਜੇਕਰ ਉਹ ਸੰਸਾਰ ਦੇ ਲੋਕਾਂ ਦੇ ਨਾਲ ਤੁਰਦਾ ਭਾਵ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਂਦਾ, ਉੱਦਮ ਕਰਦਾ ਤਾਂ ਖ਼ਬਰੇ! ਉਹ ਆਪਣੇ ਟੀਚੇ, ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ। ਦੂਜੇ ਪਾਸੇ, ਜਿਹੜੇ ਲੋਕ ਬਿਨਾਂ ਕਿਸੇ ਉੱਦਮ ਤੋਂ ਆਪਣੇ ਜੀਵਨ ਵਿੱਚ ਕਾਮਯਾਬੀ ਚਾਹੁੰਦੇ ਸਨ, ਉਹ ਸੜਕਾਂ ਵਾਂਗ ਇੱਕੋ ਥਾਂ 'ਤੇ ਖੜ੍ਹੇ ਰਹੇ ਭਾਵ ਉਹ ਲੋਕ ਕਿਤੇ ਨਹੀਂ ਪਹੁੰਚ ਸਕੇ। ਇਹ ਨਾਕਾਮੀ ਦਾ ਪ੍ਰਤੀਕ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਆਪ-ਮੁਹਾਰੇ ਹੋਇਆ ਬਦਲਾਅ ਹਮੇਸ਼ਾ ਦੁੱਖ ਦਾ ਕਾਰਨ ਬਣਦਾ ਹੈ ਅਤੇ ਉੱਦਮ ਸਦਕਾ ਹੋਇਆ ਬਦਲਾਅ ਅਕਸਰ ਸੁਖ ਦਾ ਕਾਰਨ ਬਣਦਾ ਹੈ। ਇਸ ਦਾ ਭਾਵ ਇਹ ਹੈ ਕਿ ਜਿਹੜੇ ਮਨੁੱਖ ਖ਼ੁਦ ਫ਼ੈਸਲਾ ਕਰਕੇ ਬਦਲਾਅ ਨੂੰ ਅਪਨਾਉਂਦੇ ਹਨ, ਉਹ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਆਪਣੀ ਵਿਉਂਤ ਤਹਿਤ ਬਦਲਾਅ ਸਵੀਕਾਰ ਕੀਤਾ ਹੁੰਦਾ ਹੈ। ਦੂਜੇ ਪਾਸੇ ਆਪਮੁਹਾਰੇ ਹੋਏ ਕਿਸੇ ਬਦਲਾਅ ਦੇ ਗੇੜ ਵਿੱਚ ਆਏ ਮਨੁੱਖ ਨੇ ਕੋਈ ਤਿਆਰੀ ਜਾਂ ਵਿਉਂਤਬੰਦੀ ਨਹੀਂ ਕੀਤੀ ਹੁੰਦੀ। ਇਸ ਲਈ ਇਹ ਬਦਲਾਅ ਉਸ ਲਈ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ।

ਇਸ ਤਰ੍ਹਾਂ, ਆਖ਼ਰ ਵਿੱਚ ਕਿਹਾ ਜਾ ਸਕਦਾ ਹੈ ਕਿ ਨਵੀਆਂ ਰਾਹਾਂ ਦੇ ਮੁਸਾਫ਼ਰ ਲੋਕ ਕਦੇ ਹਾਰ ਨਹੀਂ ਮੰਨਦੇ। ਉਹ ਢੇਰੀ ਨਹੀਂ ਢਾਹੁੰਦੇ ਸਗੋਂ ਆਪਣੇ ਉੱਦਮ ਸਦਕਾ ਆਮ ਲੋਕਾਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਆਮ ਲੋਕਾਂ ਨੂੰ ਨਵੀਆਂ ਰਾਹਾਂ ਦੇ ਮੁਸਾਫ਼ਰ ਬਣਨ ਲਈ ਪ੍ਰੇਰਿਤ ਕਰਦੇ ਹਨ। ਇਸ ਲਈ ਮਨੁੱਖ ਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਅੱਗੇ ਵਧਦਾ ਰਹਿਣਾ ਚਾਹੀਦਾ ਹੈ ਅਤੇ ਸਾਰਥਿਕ ਬਦਲਾਅ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਖਲਾਅ ਤੇ ਖੜੋਤ ਤੋਂ ਰਹਿਤ ਜੀਵਨ ਬਤੀਤ ਕੀਤਾ ਜਾ ਸਕੇ। ਪਰ! ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੇ ਗਰਭ ਵਿੱਚ ਹੈ।

# ਮੋਬਾਇਲ ਫ਼ੋਨ 'ਚ ਉਲਝੀ ਜ਼ਿੰਦਗੀ

ਜਸਪਾਲ ਸਿੰਘ ਰੰਧਾਵਾ




ਵਿਗਿਆਨਕ ਖੋਜਾਂ ਦੁਆਰਾ ਮਿਲੀਆਂ ਨਵੀਆਂ ਤਕਨੀਕਾਂ ਅਤੇ ਹੋਂਦ ਵਿੱਚ ਆਏ ਯੰਤਰਾਂ ਨੇ ਮਨੁੱਖ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਖੋਜਾਂ ਨੇ ਖੇਤੀਬਾੜੀ ਤੋਂ ਲੈ ਕੇ ਮਨੁੱਖ ਦੀ ਸਿਹਤ, ਦੂਰ ਸੰਚਾਰ ਅਤੇ ਸੜਕ ਤੋਂ ਲੈ ਕੇ ਮਨੁੱਖ ਦੇ ਹਵਾ ਵਿੱਚ ਉੱਡਣ ਤੱਕ ਕੋਈ ਵੀ ਅਜਿਹਾ ਖੇਤਰ ਨਹੀਂ ਛੱਡਿਆ ਜਿਸ 'ਚ ਆਪਣਾ ਮਹੱਤਵ ਪੂਰਨ ਯੋਗਦਾਨ ਪਾ ਕੇ ਇਨਸਾਨੀ ਤਰੱਕੀ ਦਾ ਕਾਰਨ ਨਾ ਬਣੀਆਂ ਹੋਣ।

ਦੂਰ ਸੰਚਾਰ ਦੇ ਖੇਤਰ ਵਿੱਚ ਮੋਬਾਇਲ ਫੋਨ ਮਨੁੱਖੀ ਜ਼ਿੰਦਗੀ ਵਿੱਚ ਇੱਕ ਅਜਿਹਾ ਮੀਲ ਪੱਥਰ ਸਾਬਿਤ ਹੋਇਆ ਹੈ ਜਿਸ ਤੋਂ ਬਿਨਾਂ ਅੱਜ ਕੱਲ੍ਹ ਜ਼ਿੰਦਗੀ ਅਧੂਰੀ ਮਹਿਸੂਸ ਹੁੰਦੀ ਹੈ। ਮੋਬਾਇਲ ਫੋਨ ਅਤੇ ਇੰਟਰਨੈੱਟ ਦੀ ਖੋਜ ਨੇ ਸੰਸਾਰ ਨੂੰ ਇੱਕ ਗਲੋਬਲ ਪਿੰਡ ਦਾ ਰੂਪ ਦੇ ਦਿੱਤਾ ਹੈ। ਇਹ ਮਨੁੱਖ ਦੀ ਜ਼ਿੰਦਗੀ ਨੂੰ ਬਦਲ ਦੇਣ ਵਾਲੀ ਇੱਕ ਅਜਿਹੀ ਲਾਹੇਵੰਦ ਤਕਨੀਕ ਹੈ, ਜਿਸ ਦੀ ਸਹਾਇਤਾ ਨਾਲ ਇੱਕ ਆਦਮੀ ਆਪਣੇ ਘਰ ਬੈਠ ਕੇ ਸਾਰੀ ਦੁਨੀਆਂ ਦੇ ਹਰੇਕ ਖੇਤਰ ਦੀ ਜਾਣਕਾਰੀ ਹਾਸਿਲ ਕਰ ਸਕਦਾ ਹੈ। ਇਸ ਤਕਨੀਕ ਨੇ ਦੂਰ ਦੁਰਾਡੇ ਰਹਿੰਦੇ ਆਪਣਿਆਂ ਨਾਲ ਇੰਨੀਆਂ ਨੇੜਤਾਵਾਂ ਵਧਾਈਆਂ ਕਿ ਲੱਖਾਂ ਮੀਲਾਂ 'ਤੇ ਰਹਿੰਦੇ ਰਿਸ਼ਤੇਦਾਰਾਂ, ਸੱਜਣਾਂ ਮਿੱਤਰਾਂ ਨੂੰ ਇੱਕ ਦੂਜੇ ਦੇ ਰੂ-ਬ-ਰੂ ਹੋ ਕੇ ਗੱਲਬਾਤ ਕਰਨ ਅਤੇ ਦੁੱਖ-ਸੁੱਖ ਪੁੱਛਣ ਦਾ ਅਵਸਰ ਪ੍ਰਦਾਨ ਕਰ ਦਿੱਤਾ। ਮੋਬਾਇਲ ਫੋਨ ਅਤੇ ਇੰਟਰਨੈੱਟ ਦੀ ਖੋਜ ਨੇ ਇਨਸਾਨ ਲਈ ਗਾਗਰ ਵਿੱਚ ਸਾਗਰ ਦਾ ਕੰਮ ਕੀਤਾ ਅਤੇ ਇਨਸਾਨ ਦੀਆਂ ਕਈ ਜ਼ਰੂਰਤਾਂ ਇੱਕ ਛੋਟੇ ਜਿਹੇ ਯੰਤਰ ਨੇ ਪੂਰੀਆਂ ਕਰ ਦਿੱਤੀਆਂ ਜਿਵੇਂ ਘੜੀ, ਟਾਰਚ, ਕੈਮਰਾ, ਕੈਲਕੂਲੇਟਰ, ਕੈਲੰਡਰ, ਰੇਡੀਓ, ਟੈਲੀਵਿਜ਼ਨ ਭਾਵ ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ, ਗੀਤ-ਸੰਗੀਤ ਅਤੇ ਹਰ ਤਰ੍ਹਾਂ ਦਾ ਮਨੋਰੰਜਨ ਆਦਿ। ਇੱਥੇ ਹੀ ਬਸ ਨਹੀਂ ਇੰਟਰਨੈੱਟ ਦੀ ਮਦਦ ਨੇ ਤਾਂ ਦੇਸ਼ ਵਿਦੇਸ਼ ਦੀ ਹਰ ਸਮੱਗਰੀ ਅਤੇ ਬੈਂਕਾਂ ਵਿੱਚ ਜਮ੍ਹਾਂ ਉਸਦੇ ਪੈਸੇ ਨੂੰ ਵੀ ਇਨਸਾਨ ਦੀ ਜੇਬ ਵਿੱਚ ਪਾ ਦਿੱਤਾ ਹੈ। ਇਹ ਅਮੀਰ ਲੋਕਾਂ ਤੋਂ ਮਿਡਲ ਕਲਾਸ ਅਤੇ ਫਿਰ ਹੌਲੀ-ਹੌਲੀ ਗ਼ਰੀਬ ਲੋਕਾਂ ਤਕ ਸਫ਼ਰ ਕਰਦਾ ਹੋਇਆ ਅੱਜ ਹਰ ਇੱਕ ਇਨਸਾਨ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਅਤੇ ਜ਼ਰੂਰਤ ਦਾ ਸਾਧਨ ਬਣ ਗਿਆ ਹੈ। ਅੱਜ ਇਨਸਾਨ ਤਰ੍ਹਾਂ-ਤਰ੍ਹਾਂ ਦੇ ਪਕਵਾਨ, ਘਰੇਲੂ ਵਰਤੋਂ ਦਾ ਸਮਾਨ ਅਤੇ ਸੜਕ ਤੋਂ ਲੈ ਕੇ ਹਵਾਈ ਸਫ਼ਰ ਦੀਆਂ ਟਿਕਟਾਂ ਘਰ ਬੈਠੇ ਖ਼ਰੀਦ ਸਕਦਾ ਹੈ। ਇੱਥੋਂ ਤੱਕ ਕਿ ਰਸਤਾ ਵੀ ਮੋਬਾਇਲ ਪਾਸੋਂ ਪੁੱਛ ਸਫ਼ਰ ਕਰ ਸਕਦਾ ਹੈ।

ਸਾਲ 2019 ਤੋਂ ਸ਼ੁਰੂ ਹੋਏ ਕਰੋਨਾ ਕਾਲ ਨੇ ਮੋਬਾਇਲ ਫੋਨ ਅਤੇ ਇੰਟਰਨੈੱਟ ਦੀ ਮਹੱਤਤਾ ਨੂੰ ਹੋਰ ਅਹਿਮੀਅਤ ਦੇ ਦਿੱਤੀ ਜਦੋਂ ਸਕੂਲ ਦੀਆਂ ਕਲਾਸਾਂ ਤੋਂ ਲੈ ਕੇ ਹਰੇਕ ਤਰ੍ਹਾਂ ਦੇ ਦਫਤਰੀ ਕੰਮਾਂ ਨੂੰ ਕਰਨ ਲਈ ਇਹ ਸਾਧਨ ਜ਼ਰੂਰੀ ਹੋ ਗਏ। ਆਪਣੇ ਬੱਚਿਆਂ ਦੇ ਭਵਿੱਖ ਦੀ ਖ਼ਾਤਰ ਨਾ ਚਾਹੁੰਦੇ ਹੋਏ ਵੀ ਮਾਪਿਆਂ ਨੇ ਅੱਲੜ ਉਮਰ ਦੇ ਬੱਚਿਆਂ ਦੇ ਹੱਥਾਂ ਵਿੱਚ ਸਮਾਰਟ ਫੋਨ ਫੜਾ ਦਿੱਤੇ। ਇਸ ਤਰ੍ਹਾਂ ਵਧੇ ਹੋਏ ਖਪਤਕਾਰਾਂ ਅਤੇ ਮੋਬਾਇਲ ਫੋਨਾਂ ਦੀ ਮੰਗ ਨੇ ਜਿੱਥੇ ਸਰਮਾਏਦਾਰ ਕੰਪਨੀਆਂ ਨੂੰ ਲੋੜਵੰਦਾਂ ਦਾ ਸ਼ੋਸ਼ਣ ਕਰ ਕੇ ਹੋਰ ਅਮੀਰ ਬਣਨ ਦਾ ਮੌਕਾ ਦਿੱਤਾ ਉੱਥੇ ਬੱਚੇ ਸਦਾ ਲਈ ਇਨ੍ਹਾਂ ਮੋਬਾਇਲ ਫੋਨਾਂ ਅਤੇ ਸੋਸ਼ਲ ਸਾਈਟਾਂ ਦੇ ਆਦੀ ਹੋ ਗਏ। ਅੱਜ ਬੱਚੇ ਹੀ ਨਹੀ ਸਗੋਂ ਹਰ ਉਮਰ ਦੇ ਵਿਅਕਤੀਆਂ ਲਈ ਫੋਨ ਇੱਕ ਨਸ਼ੇ ਵਾਂਗ ਹੋ ਗਿਆ ਅਤੇ ਇਹ ਨਸ਼ਾ ਘਰ ਵਿੱਚ ਦੁੱਧ ਚੁੰਘਦੇ ਬੱਚੇ ਤੋਂ ਸ਼ੁਰੂ ਹੋ ਜਾਂਦਾ ਹੈ ਜਦੋਂ ਮਾਂ ਆਪਣੇ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਖਿਲੌਣੇ ਦੀ ਜਗ੍ਹਾ ਵੀ ਮੋਬਾਇਲ ਫੋਨ ਉਸ ਦੇ ਹੱਥ ਵਿੱਚ ਫੜਾ ਦਿੰਦੀ ਹੈ।

ਇਸ ਸੰਚਾਰ ਸਾਧਨ ਨੇ ਸਮਾਜ ਦੇ ਹਰ ਬਸ਼ਿੰਦੇ ਨੂੰ ਆਪਣਾ ਗੁਲਾਮ ਬਣਾ ਲਿਆ ਹੈ। ਪਰ ਇਸ ਦੇ ਸਾਰਥਿਕ ਨਤੀਜਿਆਂ ਦੇ ਨਾਲ-ਨਾਲ ਨੌਜਵਾਨ ਪੀੜ੍ਹੀ 'ਤੇ ਇਸਦਾ ਮਾਰੂ ਅਸਰ ਵੀ ਹੋਇਆ ਹੈ। ਇਸ ਯੁੱਗ ਪਲਟਾਊ ਖੋਜ ਨਾਲ ਉਹ ਨਸ਼ਿਆਂ ਦੇ ਵਪਾਰ ਤੋਂ ਲੈ ਕੇ ਅਸ਼ਲੀਲਤਾ ਭਰੇ ਪ੍ਰੋਗਰਾਮਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਬੈਠੀ। ਇਸ ਦੇ ਮਾਰੂ



ਅਸਰ ਨੇ ਅੱਲੜ੍ਹ ਉਮਰ ਦੇ ਬੱਚਿਆਂ ਨੂੰ ਆਪਣੀ ਲਪੇਟ ਵਿੱਚ ਲੈ ਕੇ ਉਨ੍ਹਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਕਰ ਦਿੱਤੀ ਹੈ ਅਤੇ ਅੱਜ ਉਹ ਫ਼ਾਲਤੂ ਅਤੇ ਅਸ਼ਲੀਲਤਾ ਭਰਪੂਰ ਸਮੱਗਰੀ ਵੱਲ ਵੱਧ ਧਿਆਨ ਦੇ ਕੇ ਆਪਣਾ ਕੀਮਤੀ ਸਮਾਂ ਨਸ਼ਟ ਕਰ ਰਹੇ ਹਨ। ਜਿਸ ਦੇ ਨਤੀਜੇ ਸਰੀਰਕ ਅਤੇ ਅੱਖਾਂ ਦੀਆਂ ਅਨੇਕਾਂ ਬਿਮਾਰੀਆਂ ਤੋਂ ਇਲਾਵਾ ਸਮਾਜ ਵਿੱਚ ਫੈਲ ਰਹੀ ਅਰਾਜਕਤਾ ਅਤੇ ਵੱਧ ਰਹੇ ਅਪਰਾਧਾਂ ਦੇ ਰੂਪ ਵਿੱਚ ਸਭ ਦੇ ਸਾਹਮਣੇ ਹਨ। ਆਮ ਤੌਰ 'ਤੇ ਸਾਡਾ ਮਨੋਵਿਗਿਆਨ ਵੀ ਇਹ ਮੰਨਦਾ ਹੈ ਕਿ ਇਨਸਾਨ ਜੋ ਵੇਖਦਾ ਅਤੇ ਸੁਣਦਾ ਹੈ ਉਸ ਦੀ ਮਨੋਬਿਰਤੀ ਉਸ ਤਰ੍ਹਾਂ ਦੀ ਹੋ ਜਾਂਦੀ ਹੈ। ਸਮਾਜ ਵਿੱਚ ਕੋਈ ਅਪਰਾਧੀ ਜਨਮ ਤੋਂ ਨਹੀ ਹੁੰਦਾ ਸਗੋਂ ਉਸ ਦੀਆਂ ਮਾਨਸਿਕ ਅਤੇ ਸਮਾਜਿਕ ਪ੍ਰਸਥਿਤੀਆਂ ਜ਼ਿੰਮੇਵਾਰ ਹੁੰਦੀਆਂ ਹਨ।

ਅੱਜ ਸਾਡੇ ਸਮਾਜ ਵਿੱਚ ਮੋਬਾਇਲ ਫੋਨ ਦੇ ਨਸ਼ੇ ਨੇ ਇੰਨਾ ਨਿਘਾਰ ਪੈਦਾ ਕਰ ਦਿੱਤਾ ਹੈ ਕਿ ਅੱਲੜ ਉਮਰ ਦੇ ਮੁੰਡੇ ਕੁੜੀਆਂ ਮੋਬਾਇਲ ਫੋਨਾਂ ਦੇ ਸਹਾਰੇ ਇਕ ਦੂਜੇ ਨਾਲ ਲੋੜ ਤੋਂ ਵੱਧ ਨੇੜਤਾ ਪੈਦਾ ਕਰ ਲੈਂਦੇ ਹਨ। ਫਿਰ ਇਹ ਮਾਪਿਆਂ ਦੀ ਇੱਜ਼ਤ ਨੂੰ ਕੱਖੋਂ ਹੌਲਾ ਕਰ ਕੇ ਘਰੋਂ ਭੱਜਦੇ ਸਮੇਂ ਆਪਣੇ ਭਵਿੱਖ ਦਾ ਵੀ ਖ਼ਿਆਲ ਨਹੀਂ ਕਰਦੇ। ਬਹੁਤ ਵਾਰ ਤਾਂ ਇਹ ਵੀ ਵੇਖਣ ਵਿੱਚ ਆਉਂਦਾ ਹੈ ਕਿ ਬੱਚਿਆਂ ਦੇ ਨਾਬਾਲਗ ਹੋਣ ਕਾਰਨ ਜਦੋਂ ਉਨ੍ਹਾਂ ਦਾ ਕਾਨੂੰਨੀ ਵਿਆਹ ਨਹੀ ਹੋ ਪਾਉਂਦਾ ਤਾਂ ਉਹ ਆਤਮ ਹੱਤਿਆ ਕਰਨ ਤੱਕ ਦਾ ਫੈਸਲਾ ਵੀ ਲੈ ਲੈਂਦੇ ਹਨ।

ਸੋਸ਼ਲ ਮੀਡੀਆ ਦੀਆਂ ਕੁਝ ਮਹੱਤਵਪੂਰਨ ਸਾਈਟਾਂ 'ਤੇ ਹਰ ਉਮਰ ਦੇ ਮਰਦ, ਔਰਤਾਂ ਅਤੇ ਨੌਜਵਾਨਾਂ ਵੱਲੋਂ ਆਪਣੀ ਲੋਕਪ੍ਰਿਯਤਾ ਵਧਾਉਣ ਅਤੇ ਮਸ਼ਹੂਰੀ ਲਈ ਤਰ੍ਹਾਂ-ਤਰ੍ਹਾਂ ਦੇ ਵੀਡੀਓ ਅਤੇ ਹੋਰ ਪੋਸਟਾਂ ਪਾਈਆਂ ਜਾ ਰਹੀਆਂ ਹਨ। ਉਨ੍ਹਾਂ ਤੋਂ ਪਾਉਣ ਵਾਲਿਆਂ ਦੀ ਸੋਚ ਅਤੇ ਮਾਨਸਿਕਤਾ ਦਾ ਸਾਫ਼ ਪ੍ਰਗਟਾਵਾ ਹੋ ਰਿਹਾ ਹੈ ਕਿ ਅਸੀਂ ਕਿਸ ਰਸਤੇ 'ਤੇ ਜਾ ਰਹੇ ਹਾਂ। ਪੈਸੇ ਅਤੇ ਸਵਾਰਥ ਤੋਂ ਬਿਨਾਂ ਸਾਨੂੰ ਕੁਝ ਵੀ ਨਜ਼ਰ ਨਹੀਂ ਆ ਰਿਹਾ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਡੇ ਤੋਂ ਕੀ ਸੇਧ ਲੈਣਗੀਆਂ।

ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਝੂਠੀ ਇਸ਼ਤਿਹਾਰਬਾਜ਼ੀ ਕਰ ਕੇ ਲੋਕਾਂ ਨੂੰ ਗੁਮਰਾਹ ਕਰਨਾ, ਜਾਅਲੀ ਆਈ ਡੀ. ਬਣਾ ਕੇ ਇੱਕ ਦੂਜੇ ਧਰਮਾਂ ਦਾ ਮਜ਼ਾਕ ਉਡਾਉਣਾ ਤੇ ਵੱਡੀਆਂ-ਵੱਡੀਆਂ ਗੱਡੀਆਂ, ਟਰੈਕਟਰ ਵਿਖਾ ਕੇ ਡਰਾਅ ਕੱਢਣ ਦੇ ਨਾਂ 'ਤੇ ਲੋਕਾਂ ਨਾਲ ਵੱਡੇ ਪੱਧਰ 'ਤੇ ਧੋਖਾਧੜੀ ਕੀਤੀ ਜਾ ਰਹੀ ਹੈ। ਸ਼ਾਤਰ ਦਿਮਾਗ ਅਤੇ ਸ਼ਰਾਰਤੀ ਅਨਸਰਾਂ ਨੇ ਤਾਂ ਫੇਸਬੁੱਕ ਨੂੰ ਫੇਕਬੁੱਕ, ਠੇਸਬੁੱਕ ਅਤੇ ਹੇਟਬੁੱਕ ਬਣਾ ਦਿੱਤਾ ਹੈ। ਜਦ ਵੀ ਇਸ ਨੂੰ ਖੋਲ੍ਹੋ ਇਸ 'ਤੇ ਝੂਠੀਆਂ ਵੀਡੀਓਜ਼, ਪੋਸਟਾਂ ਅਤੇ ਇੱਥੋਂ ਤਕ ਕਿ ਗੁਰੂਆਂ, ਪੀਰਾਂ, ਭਗਤਾਂ, ਦੇਵੀ ਦੇਵਤਿਆਂ ਅਤੇ ਧਰਮ ਗ੍ਰੰਥਾਂ ਦੀਆਂ ਗ਼ਲਤ ਅਤੇ ਇਤਰਾਜ਼ਯੋਗ ਪੋਸਟਾਂ ਪਾ ਕੇ ਜਿੱਥੇ ਵੱਖ-ਵੱਖ ਧਰਮਾਂ, ਮਜ਼ਬਾਂ ਅਤੇ ਫ਼ਿਰਕਿਆਂ ਦੇ ਲੋਕਾਂ ਨੂੰ ਮਾਨਸਿਕ ਠੇਸ ਪਹੁੰਚਾਈ ਜਾਂਦੀ ਹੈ ਉੱਥੇ ਇਨ੍ਹਾਂ ਦੇ ਦਿਲਾਂ ਵਿਚ ਇਕ-ਦੂਜੇ ਪ੍ਰਤੀ ਨਫ਼ਰਤ ਪੈਦਾ ਕਰਨ ਅਤੇ ਦੰਗੇ-ਫਸਾਦ ਕਰਵਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ।

ਅੱਜ ਮਾਂ-ਪਿਉ ਅਤੇ ਸਮਾਜ ਦੀ ਇੱਜ਼ਤ ਬਚਾਉਣ ਖ਼ਾਤਰ ਅੱਠਵੀਂ ਜਮਾਤ ਤੋਂ ਉੱਪਰ ਹਰੇਕ ਵਿਦਿਆਰਥੀ ਲਈ ਸੋਸ਼ਲ ਸਾਈਟਾਂ ਦੇ ਸਦਉਪਯੋਗ ਅਤੇ ਦੁਰਉਪਯੋਗ ਦੇ ਫ਼ਾਇਦੇ, ਨੁਕਸਾਨ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਬੱਚੇ ਦੇਸ਼ ਦਾ ਅਸਲੀ ਭਵਿੱਖ ਬਣ ਸਕਣ।

# ਚੁੱਲ੍ਹੇ ਪਕਾਵਾਂ ਰੋਟੀਆਂ . . .





ਡਾ. ਪ੍ਰਿਤਪਾਲ ਸਿੰਘ
ਮਹਿਰੋਕ
98885-10185

ਚੁੱਲ੍ਹੇ ਦਾ ਪੰਜਾਬੀ ਲੋਕ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ। ਲੋਕ ਜੀਵਨ ਦੇ ਬਹੁਤੇ ਹਿੱਸੇ ਵਿੱਚ ਅਜੇ ਵੀ ਚੁੱਲ੍ਹੇ ਦਾ ਅਹਿਮ ਸਥਾਨ ਹੈ। ਚੁੱਲ੍ਹਾ ਅਰਧ ਗੋਲੇ ਦੀ ਸ਼ਕਲ ਅਤੇ ਖ਼ਾਸ ਆਕਾਰ ਦਾ ਬਣਾਇਆ ਹੁੰਦਾ ਹੈ। ਚੁੱਲ੍ਹੇ ਵਿੱਚ ਊਰਜਾ ਪੈਦਾ ਕਰਨ ਵਾਲੇ ਕਿਸੇ ਸਰੋਤ ਨਾਲ ਸੇਕ ਪੈਦਾ ਕੀਤਾ ਜਾਂਦਾ ਹੈ। ਉਸ ਊਰਜਾ ਤੋਂ ਭੋਜਨ ਪਕਾਇਆ ਜਾਂਦਾ ਹੈ। ਚੁੱਲ੍ਹੇ ਕਈ ਪ੍ਰਕਾਰ ਦੇ ਹੁੰਦੇ ਹਨ। ਮਿੱਟੀ ਦਾ ਚੁੱਲ੍ਹਾ, ਕਾਂਗੜੀ, ਅੰਗੀਠੀ, ਗੈਸ ਵਾਲਾ ਚੁੱਲ੍ਹਾ, ਸੂਖਮ ਤਰੰਗ ਚੁੱਲ੍ਹਾ, ਇੰਡਕੱਸ਼ਨ ਚੁੱਲ੍ਹਾ, ਹੀਟਰ, ਸੂਰਜੀ ਊਰਜਾ ਵਾਲਾ ਚੁੱਲ੍ਹਾ ਤੇ ਕਈ ਹੋਰ ਕਿਸਮਾਂ ਦੇ ਚੁੱਲ੍ਹੇ ਵੀ ਹੋ ਸਕਦੇ ਹਨ। ਵਿਭਿੰਨ ਪ੍ਰਕਾਰ ਦੇ ਚੁੱਲ੍ਹਿਆਂ ਵਿੱਚ ਵਰਤੋਂ ਵਿੱਚ ਲਿਆਉਣ ਵਾਲਾ ਬਾਲਣ ਵੀ ਵੱਖ ਵੱਖ ਵੰਨਗੀਆਂ ਦਾ ਹੁੰਦਾ ਹੈ। ਲੱਕੜੀ, ਗੋਹੇ ਦੀਆਂ ਪਾਥੀਆਂ, ਕੋਇਲਾ, ਲੱਕੜੀ ਦਾ ਬੂਰਾ, ਮਿੱਟੀ ਦਾ ਤੇਲ, ਬਿਜਲੀ, ਸੂਰਜੀ ਊਰਜਾ, ਤਰਲ ਰੂਪ ਵਿੱਚ ਵਾਲੀ ਪੈਟਰੋਲੀਅਮ ਗੈਸ ਆਦਿ ਨੂੰ ਇਨ੍ਹਾਂ ਵਿਭਿੰਨ ਭਾਂਤੀ ਚੁੱਲ੍ਹਿਆਂ ਵਿੱਚ ਬਾਲਣ ਵਜੋਂ ਵਰਤਿਆ ਜਾਂਦਾ ਹੈ।

ਇਥੇ ਗੱਲ ਅਸੀਂ ਮਿੱਟੀ ਦੇ ਚੁੱਲ੍ਹੇ ਦੀ ਕਰਨੀ ਹੈ। ਜਿਸ ਭਾਂਡੇ ਵਿੱਚ ਰਿੰਨ੍ਹਣ ਪਕਾਉਣ ਵਾਲੀ ਚੀਜ਼ ਪਾਉਣੀ ਹੁੰਦੀ ਹੈ, ਉਸ ਨੂੰ ਚੁੱਲ੍ਹੇ ਉੱਤੇ ਟਿਕਾਉਣ ਲਈ ਚੁੱਲ੍ਹੇ ਦੇ ਤਿੰਨ ਮੁੰਨੇ ਬਣਾਏ ਜਾਂਦੇ ਹਨ। ਲੋਕਧਾਰਾ ਵਿੱਚ ਤਿੰਨ ਮੁੰਨਿਆਂ ਨੂੰ ਤ੍ਰੈ-ਮੂਰਤੀ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ। ਅਗਨੀ, ਵਾਯੂ ਅਤੇ ਸੂਰਜ ਦੀ ਤ੍ਰੈ-ਮੂਰਤੀ ਦਾ ਬਹੁਤ ਗਹਿਰਾ ਸਬੰਧ/ਮਹੱਤਵ ਹੈ। ਲੋਕ ਸੱਭਿਆਚਾਰ ਵਿੱਚ ਅੰਨ ਨੂੰ ਦੇਵਤਾ ਸਮਝਿਆ ਜਾਂਦਾ ਹੈ। ਚੁੱਲ੍ਹੇ ਉੱਪਰ ਕਿਉਂ ਜੋ ਅੰਨ ਪਕਾਇਆ ਜਾਂਦਾ ਹੈ, ਇਸ ਲਈ ਲੋਕਧਾਰਾ ਵਿੱਚ ਚੁੱਲ੍ਹੇ ਨੂੰ ਦੇਵਮ ਅਸਥਾਨ ਮੰਨਿਆ ਜਾਣ ਲੱਗ ਪਿਆ। ਚੁੱਲ੍ਹੇ ਵਿੱਚ ਅਗਨੀ ਤਾਂ ਨਿਵਾਸ ਕਰਦੀ ਹੀ ਹੈ, ਇਸ ਲਈ ਇਹ ਅਗਨੀ ਦਾ ਨਿਵਾਸ ਅਸਥਾਨ ਵੀ ਮੰਨਿਆ ਜਾਣ ਲੱਗਾ। ਇਸੇ ਕਾਰਨ ਪਹਿਲੇ ਸਮਿਆਂ ਵਿੱਚ ਚੁੱਲ੍ਹੇ ਨੂੰ ਸਦਾ ਪਵਿੱਤਰ ਰੱਖਣ ਲਈ ਸੁਆਣੀਆਂ ਇਸ ਉੱਤੇ ਹਰ ਰੋਜ਼ ਗੋਹੇ ਦੀ ਮਿੱਟੀ ਦਾ ਪੋਚਾ ਫੇਰਨ ਦੇ ਨੇਮ ਦੀ ਪਾਲਣਾ ਕਰਦੀਆਂ ਸਨ। ਇਸ ਨਾਲ ਚੁੱਲ੍ਹਾ ਪਵਿੱਤਰ ਹੋ ਜਾਂਦਾ ਸੀ। ਲੋਕ ਵਿਸ਼ਵਾਸ ਅਨੁਸਾਰ ਚੁੱਲ੍ਹੇ ਉੱਪਰ ਕੋਈ ਜੂਠੀ ਚੀਜ਼ ਨਹੀਂ ਸੀ ਰੱਖੀ ਜਾਂਦੀ। ਇੱਥੋਂ ਤੱਕ ਕਿ ਚੁੱਲ੍ਹੇ ਵਿੱਚ ਬਲਦੀ ਅੱਗ ਨੂੰ ਜੇ ਇਕਦਮ ਬੁਝਾਉਣ ਦੀ ਲੋੜ ਪੈਂਦੀ ਸੀ ਤਾਂ ਅੱਗ ਬੁਝਾਉਣ ਲਈ ਜੂਠੇ ਪਾਣੀ ਦਾ ਛਿੜਕਾਅ ਨਹੀਂ ਸੀ ਕੀਤਾ ਜਾਂਦਾ। ਪੈਰਾਂ ਵਿੱਚ ਜੁੱਤੀ ਪਹਿਨ ਕੇ ਚੁੱਲ੍ਹੇ ਨੇੜੇ ਜਾਣ ਜਾਂ ਕੋਲ ਬੈਠਣ ਜਾਂ ਕੋਲ ਬੈਠ ਕੇ ਰੋਟੀ ਖਾਣ ਦੀ ਲਗਪਗ ਮਨਾਹੀ ਹੁੰਦੀ ਸੀ। ਇਸ ਪਿੱਛੇ ਚੁੱਲ੍ਹੇ ਦੀ ਸੁੱਚਮਤਾ ਤੇ ਪਵਿੱਤਰਤਾ ਨੂੰ ਬਣਾਈ ਰੱਖਣ ਦੀ ਮਨਸ਼ਾ ਦੀ ਪ੍ਰਾਥਮਿਕਤਾ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਸੀ।

ਪਹਿਲੇ ਸਮਿਆਂ ਵਿੱਚ ਲੋਕੀਂ ਅਕਸਰ ਰਾਤ ਨੂੰ ਚੁੱਲ੍ਹੇ ਦੀ ਸੁਆਹ ਵਿੱਚ ਅੱਗ ਦੱਬ ਦਿੰਦੇ ਸਨ ਅਤੇ ਤੜਕਸਾਰ ਰਾਤ ਨੂੰ ਦੱਬ ਕੇ ਰੱਖੀ ਅੱਗ ਤੋਂ ਸੁਆਹ ਝਾੜ ਕੇ ਫੂਕਾਂ ਮਾਰ-ਮਾਰ ਕੇ ਉਸ ਤੋਂ ਮੁੜ ਅੱਗ ਬਾਲ ਲੈਂਦੇ ਸਨ। ਲੋਕ ਮਾਨਤਾ ਅਨੁਸਾਰ ਲੋਹੜੀ ਵਾਲੀ ਰਾਤ ਨੂੰ ਬਾਲੀ ਅੱਗ ਵਿੱਚੋਂ ਬਚੀ ਅੱਗ ਚੁੱਲ੍ਹੇ ਵਿੱਚ ਬਾਲਣ ਨਾਲ ਚੁੱਲ੍ਹੇ ਵਿੱਚ ਹਮੇਸ਼ਾ ਅੱਗ ਭਖਦੀ ਰਹਿੰਦੀ ਸੀ। ਇਸ ਮਨੌਤ ਅਨੁਸਾਰ ਕਹਿੰਦੇ ਹਨ ਕਿ ਚੁੱਲ੍ਹੇ ਵਿੱਚ ਬਰਕਤ ਬਣੀ ਰਹਿੰਦੀ ਸੀ ਤੇ ਚੁੱਲ੍ਹੇ 'ਤੇ ਪਕਾਉਣ ਵਾਲੇ ਅੰਨ ਦੀ ਕਦੇ ਘਾਟ ਨਹੀਂ ਸੀ ਰਹਿੰਦੀ।

'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਵਿੱਚ ਡਾ.ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਲਿਖਣ



ਅਨੁਸਾਰ- 'ਪਹਿਲਿਆਂ ਸਮਿਆਂ ਵਿੱਚ ਚੁੱਲ੍ਹਾ ਘਰ ਵਿੱਚ ਸਭ ਤੋਂ ਸੁਰੱਖਿਅਤ ਥਾਂ ਹੋਣ ਕਰਕੇ ਕਈ ਲੋਕ ਆਪਣਾ ਸੋਨਾ-ਚਾਂਦੀ ਤੇ ਕਈ ਹੋਰ ਕੀਮਤੀ ਚੀਜ਼ਾਂ ਚੁੱਲ੍ਹੇ ਦੇ ਹੇਠਾਂ ਘੜੋਲੀ ਵਿੱਚ ਦੱਬ ਦਿੰਦੇ ਸਨ।'

ਪੰਜਾਬੀ ਲੋਕ ਜੀਵਨ ਵਿੱਚ ਚੁੱਲ੍ਹਾ ਸਾਂਝੇ ਪਰਿਵਾਰ ਦਾ ਪ੍ਰਤੀਕ ਵੀ ਸਮਝਿਆ ਜਾਂਦਾ ਰਿਹਾ ਹੈ। ਲੋਕ ਪਰੰਪਰਾ ਅਨੁਸਾਰ ਜਦੋਂ ਸਾਂਝੇ ਪਰਿਵਾਰ ਵਿੱਚੋਂ ਕੋਈ ਜੀਅ ਵੱਖਰਾ ਹੋ ਜਾਂਦਾ ਸੀ ਤਾਂ ਉਸ ਦਾ ਚੁੱਲ੍ਹਾ ਚੌਕਾ ਵੀ ਵੱਖਰਾ ਕਰ ਦਿੱਤਾ ਜਾਂਦਾ ਸੀ। ਲੋਕਧਾਰਾ ਵਿਗਿਆਨੀਆਂ ਅਨੁਸਾਰ ਚੁੱਲ੍ਹੇ ਵਿੱਚ ਬਾਲੀ ਲੱਕੜੀ ਜਾਂ ਗੋਹਿਆਂ ਦੀ ਸੁਆਹ ਨੂੰ ਬੜਾ ਪਵਿੱਤਰ ਸਮਝਿਆ ਜਾਂਦਾ ਸੀ। ਇਸ ਸੁਆਹ ਨਾਲ ਵੀ ਕਈ ਮਨੌਤਾਂ ਜੁੜੀਆਂ ਹਨ। ਲੱਕੜੀ ਜਾਂ ਪਾਥੀਆਂ ਅਗਨੀ ਪ੍ਰੀਖਿਆ ਵਿੱਚੋਂ ਗੁਜ਼ਰਨ ਪਿੱਛੋਂ ਸੁਆਹ (ਭਸਮ) ਦਾ ਰੂਪ ਧਾਰਨ ਕਰਦੇ ਹਨ। ਕਹਿੰਦੇ ਹਨ ਕਿ ਜਿਸ ਨੂੰ ਅਗਨੀ ਛੂਹ ਜਾਵੇ, ਉਹ ਚੀਜ਼ ਪਵਿੱਤਰ ਹੋ ਜਾਂਦੀ ਹੈ। ਇਸ ਲਈ ਚੁੱਲ੍ਹੇ ਦੀ ਸੁਆਹ ਨੂੰ ਜੂਠੇ ਭਾਂਡੇ ਮਾਂਜਣ ਲਈ ਵਰਤਿਆ ਜਾਂਦਾ ਰਿਹਾ ਹੈ। ਕਹਿੰਦੇ ਹਨ ਕਿ ਇਸ ਤਰ੍ਹਾਂ ਭਾਂਡਿਆਂ ਦੀ ਜੂਠ ਬਿਲਕੁਲ ਸਾਫ਼ ਹੋ ਜਾਂਦੀ ਹੈ।

ਚੁੱਲ੍ਹੇ ਅਤੇ ਚੁੱਲ੍ਹੇ ਵਿੱਚ ਬਲਦੀ ਅੱਗ ਨੂੰ ਅਤੇ ਘਰ ਵਿਚਲੇ ਘੜੇ ਵਿੱਚ ਪਾਣੀ ਹੋਣ ਨੂੰ ਘਰ ਦੀ ਖ਼ੁਸ਼ਹਾਲੀ ਤੇ ਘਰ ਵਿੱਚ ਬਰਕਤ ਹੋਣ ਦੇ ਪ੍ਰਤੀਕ ਵਜੋਂ ਲਿਆ ਜਾਂਦਾ ਰਿਹਾ ਹੈ। ਇਨ੍ਹਾਂ ਨੂੰ ਵੱਸਦੇ ਘਰਾਂ ਦੇ ਪ੍ਰਤੀਕ ਵੀ ਸਮਝਿਆ ਜਾਂਦਾ ਸੀ। ਪਾਣੀ ਨਾਲ ਭਰਿਆ ਘੜਾ ਅਤੇ ਚੁੱਲ੍ਹੇ ਵਿੱਚ ਬਲਦੀ ਅੱਗ ਦੋਹਾਂ ਨੂੰ ਘਰ ਦਾ ਅਤੇ ਘਰ ਦੀ ਸੁਆਣੀ ਦਾ ਸ਼ਿੰਗਾਰ ਸਮਝਿਆ ਜਾਂਦਾ ਸੀ। ਇਨ੍ਹਾਂ ਬਰਕਤਾਂ ਤੋਂ ਵਿਹੂਣੇ ਘਰ ਜਾਂ ਲੋਕਾਂ ਬਾਰੇ ਪੰਜਾਬੀ ਲੋਕ ਗੀਤਾਂ ਦੀਆਂ ਪੰਕਤੀਆਂ ਵਿੱਚ ਵੀ ਹਵਾਲੇ ਮਿਲਦੇ ਹਨ:

* ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ
ਉਹ ਘਰ ਛੜਿਆਂ ਦਾ।
* ਚੁੱਲ੍ਹੇ ਅੱਗ ਨਾ ਘੜੇ ਵਿੱਚ ਪਾਣੀ
ਛੜਿਆਂ ਨੂੰ ਵਖ਼ਤ ਪਿਆ।

ਲੋਕ ਸੱਭਿਆਚਾਰ ਵਿੱਚ ਚੁੱਲ੍ਹੇ ਦੇ ਮਹੱਤਵਪੂਰਨ ਸਥਾਨ ਅਤੇ ਚਰਚਾ ਦੀ ਪਛਾਣ ਕਰਦਿਆਂ ਇਸ ਨੂੰ ਪੰਜਾਬੀ ਲੋਕ ਗੀਤਾਂ ਵਿੱਚ ਯਥਾਯੋਗ ਥਾਂ ਮਿਲੀ ਹੈ:

* ਚੱਕੀ ਛੁੱਟ ਗਈ, ਚੁੱਲ੍ਹੇ ਨੇ ਛੁੱਟ ਜਾਣਾ
ਤੀਵੀਆਂ ਦਾ ਰਾਜ ਹੋ ਗਿਆ।
* ਚੁੱਲ੍ਹੇ ਬੈਠ ਕੇ ਧੂੰਏਂ ਦੇ ਪੱਜ ਰੋਵੇ
ਵਿਆਹੁੜ ਨਿਆਣੇ ਦੀ...
* ਕਿਤੇ ਯਾਰ ਨੂੰ ਭਿੜਾ ਕੇ ਮਾਰੂ
ਚੰਦ ਕੁਰ ਚੱਖਮਾ ਚੁੱਲ੍ਹਾ।
* ਚੁੱਲ੍ਹੇ ਪਕਾਵਾਂ ਰੋਟੀਆਂ ਤੇ ਹਾਰੇ ਧਰਦੀ ਦਾਲ
ਸਾਰੀਆਂ ਖਾ ਗਿਆ ਰੋਟੀਆਂ
ਤੇ ਸਾਰੀ ਪੀ ਗਿਆ ਦਾਲ
ਵੇ ਤੈਨੂੰ ਹਾਈਆ ਹੋਜੇ
ਭੁੱਖੇ ਤਾਂ ਮਰਗੇ ਮੇਰੇ ਲਾਲ
ਵੇ ਤੈਨੂੰ...
* ਘਰੇ ਜਾ ਕੇ ਚੁੱਲ੍ਹੇ 'ਚ ਲੱਤ ਮਾਰੀਂ
ਨੱਚਣਾ ਤਾਂ ਹੁਣ ਨੱਚ ਲੈ...
* ਘਰ ਅੰਦਰ ਚੁੱਲ੍ਹਾ ਚੌਂਕਾ
ਅੱਜ ਕੱਲ੍ਹ ਕੁੜੀਆਂ ਦਾ
* ਚੁੱਲ੍ਹੇ ਵਿਚਲੀ ਅੱਗ ਸੌਂ ਗਈ, ਸੁੱਤੇ ਚੰਨ ਸਿਤਾਰੇ
ਸੁੱਤੀ ਰੋਟੀ ਤਵੇ ਦੇ ਉਪਰ, ਨੀਂਦ ਸੈਨਤਾਂ ਮਾਰੇ।

ਲੋਹੜੀ ਦੇ ਮੌਕੇ 'ਤੇ ਅੱਗ ਬਾਲੀ ਜਾਂਦੀ ਹੈ। ਅੱਗ ਸੇਕਦਿਆਂ ਸੇਕਦਿਆਂ ਲੋਹੜੀ ਨਾਲ ਸਬੰਧਿਤ ਕਈ ਲੋਕ ਗੀਤ ਗਾਏ ਜਾਂਦੇ ਹਨ। ਉਸ ਅਵਸਰ 'ਤੇ ਹੇਠ ਲਿਖੇ ਬੋਲ ਵੀ ਤਰੰਨਮ ਵਿੱਚ ਜਾਂ ਸਹਿਜ ਭਾਵ ਨਾਲ ਉਚਾਰੇ ਜਾਂਦੇ ਹਨ :

ਈਸਰ ਆ, ਦਲਿੱਦਰ ਜਾ
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।

ਇਨ੍ਹਾਂ ਬੋਲਾਂ ਰਾਹੀਂ ਅਰਜ਼ੋਈ ਕੀਤੀ ਜਾਂਦੀ ਹੈ ਕਿ ਈਸ਼ਵਰ ਦੀ ਮਿਹਰ ਹੋਵੇ, ਦੁੱਖ ਦਲਿੱਦਰ ਦੂਰ ਹੋਣ ਤੇ ਸਾਰੇ ਦੁੱਖਾਂ-ਕਲੇਸ਼ਾਂ ਦੀ ਜੜ੍ਹ ਸੜ ਜਾਵੇ !

ਪੰਜਾਬੀ ਲੋਕ ਗੀਤਾਂ ਵਿੱਚ ਕਈ ਹੋਰ ਪ੍ਰਸੰਗਾਂ ਵਿੱਚ ਵੀ ਚੁੱਲ੍ਹੇ ਦਾ ਜ਼ਿਕਰ ਛਿੜਦਾ ਹੈ –

* ਆਇਆ ਨਾਦਰ ਵਿੱਟੀ ਚਾਦਰ
ਚੁੱਲ੍ਹੀਂ ਰਿੱਝਣ ਨਾ ਚੋਲ ਕੁੜੇ
ਵਿਛੜਿਆ ਸਾਡਾ ਢੋਲ ਕੁੜੇ...
* ਜੇ ਤੂੰ ਤੁਰਿਓਂ ਨੌਕਰੀ,
ਜੀ ਮੈਂ ਚੁੱਲ੍ਹੇ ਪਾਉਂਨੀਆਂ ਅੱਗ
ਸੱਸ ਨਨਾਣਾਂ ਡਾਢੀਆਂ,
ਮੈਂ ਰੋਨੀਂ ਆਂ ਧੂੰਏਂ ਦੇ ਪੱਜ...

ਅਜਿਹੇ ਹਨ ਕੁਝ ਹੋਰ ਪੰਜਾਬੀ ਲੋਕ ਗੀਤਾਂ ਦੀਆਂ ਪੰਕਤੀਆਂ ਵੀ ਵੇਖੀਆਂ ਜਾ ਸਕਦੀਆਂ ਹਨ –

* ਚੌਂਕੇ ਚੜ੍ਹਨਾ ਮਾਹੀ ਵੇ ਤੇ ਰੋਟੀ ਕਰਨਾ ਢੋਲਾ
ਏਸ ਬਹਾਨੇ ਮਾਹੀ ਵੇ, ਤ੍ਰੀਮਤ ਦਾ ਮਰਨਾ ਢੋਲਾ
ਦੋ ਜੀਅ ਆਪਣੇ ਮਾਹੀ ਵੇ, ਉੱਤੋਂ ਰੁੱਤ ਹੁਨਾਲਾ ਢੋਲਾ
ਚੁੱਲ੍ਹੇ ਅੱਗੇ ਮਾਹੀ ਵੇ, ਪੈਂਦਾ ਜੀ ਕਾਹਲਾ ਢੋਲਾ...
* ਨਾ ਤੂੰ ਚੁੱਲ੍ਹੇ ਦੀ ਮਿੱਟੀ, ਨਾ ਤੂੰ ਹਾਰੇ ਦੀ ਮਿੱਟੀ
ਨਾ ਤੂੰ ਚੁੱਲ੍ਹੇ ਦੀ ਮਿੱਟੀ, ਨਾ ਤੂੰ ਹਾਰੇ ਦੀ ਮਿੱਟੀ
ਤੈਨੂੰ ਸਾਂਭ ਸਾਂਭ ਰੱਖਾਂ
ਤੂੰ ਹਮਾਮ ਦੀ ਟਿੱਕੀ...
ਤੈਨੂੰ ਸਾਂਭ ਸਾਂਭ ਰੱਖਾਂ...

ਪੰਜਾਬੀ ਲੋਕ ਜੀਵਨ ਵਿੱਚ ਵਿਆਹ ਦੇ ਮੌਕੇ 'ਤੇ, ਖ਼ੁਸ਼ੀ ਦੇ ਕਿਸੇ ਹੋਰ ਅਵਸਰ ਨਾਲ ਸਬੰਧਿਤ ਰਖਾਏ ਗਏ ਪਾਠ ਦੇ ਮੌਕੇ 'ਤੇ ਜਾਂ ਖ਼ੁਸ਼ੀ ਦੇ ਕਿਸੇ ਹੋਰ ਅਵਸਰ 'ਤੇ ਪਿੰਡ ਵਿੱਚ ਸਾਂਝ ਵਾਲਿਆਂ ਨੂੰ, ਸ਼ਰੀਕੇ ਭਾਈਚਾਰੇ ਨੂੰ ਅਤੇ ਦੋਸਤਾਂ ਸਨੇਹੀਆਂ ਨੂੰ ਰੋਟੀ ਕੀਤੀ ਜਾਂਦੀ ਸੀ, ਜਿਸਨੂੰ ਚੁੱਲ੍ਹੇ ਨਿਉਂਦਾ ਜਾਂ ਚੁੱਲ੍ਹੇ ਨਿਉਂਦ ਕਿਹਾ ਜਾਂਦਾ ਸੀ। ਸਮਾਗਮ ਵਿੱਚ ਸ਼ਾਮਲ ਹੋਣ, ਰਲ-ਮਿਲ ਕੇ ਇਕੱਠੇ ਜੁੜ ਬੈਠਣ, ਗੱਲਾਂ-ਬਾਤਾਂ ਕਰਨ ਤੇ ਇਕੱਠਿਆਂ ਖਾਣ-ਪੀਣ ਦਾ ਇਹ ਇਕ ਖ਼ੁਸ਼ੀਆਂ ਭਰਪੂਰ ਮੌਕਾ ਹੁੰਦਾ ਸੀ। ਨਵੀਂ ਵਿਆਹੀ ਆਈ ਵਹੁਟੀ ਨੂੰ ਚੁੱਲ੍ਹੇ ਚੌਂਕੇ ਚੜ੍ਹਾਉਣਾ ਇਕ ਰਸਮ ਵੀ ਹੁੰਦੀ ਸੀ।

ਪ੍ਰੋ. ਮਨਜੀਤ ਸਿੰਘ ਨੇ ਆਪਣੀ ਪੁਸਤਕ 'ਪਿੰਡ ਵਿਉਂਤ ਅਤੇ ਸੱਭਿਆਚਾਰ' ਵਿੱਚ ਚੁੱਲ੍ਹੇ ਬਾਰੇ ਖੋਜ ਭਰਪੂਰ ਜਾਣਕਾਰੀ ਦਿੱਤੀ ਹੈ। ਉਸ ਅਨੁਸਾਰ ਪੰਜਾਬ ਵਿੱਚ ਗਰਮ ਮੌਸਮ ਦੌਰਾਨ ਖੁੱਲ੍ਹੇ ਅਸਮਾਨ ਥੱਲੇ ਚੁੱਲ੍ਹਾ ਬਣਾ ਕੇ ਉਸ ਉੱਪਰ ਅੰਨ ਪਕਾਇਆ ਜਾਂਦਾ ਰਿਹਾ ਹੈ। ਪੁਸਤਕ ਵਿੱਚ ਚੁੱਲ੍ਹੇ ਦੇ ਨਾਲ ਲੂੰਬੀ ਵਾਲਾ ਚੁੱਲ੍ਹਾ, ਚਾਵਾਂ ਚੁੱਲ੍ਹਾ, ਦੁੱਧ ਕਾੜ੍ਹਨ ਵਾਲੀ ਭੜੋਲੀ, ਲੋਹ, ਅੰਗੀਠੀ, ਤੰਦੂਰ ਆਦਿ ਬਾਰੇ ਵੀ ਲੇਖਕ ਨੇ ਜਾਣਕਾਰੀ ਦਿੱਤੀ ਹੈ। ਪਹਿਲਾਂ ਚੁੱਲ੍ਹੇ ਦੇ ਪਿੱਛੇ ਕਈ ਵਾਰ ਚੁੱਲ੍ਹੇ ਦੇ ਨਾਲ ਹੀ ਵਿੱਚੋਂ ਦੀ ਰਸਤਾ ਰੱਖ ਕੇ ਲੂੰਬੀ ਵਾਲਾ ਚੁੱਲ੍ਹਾ ਬਣਾ ਲਿਆ ਜਾਂਦਾ ਸੀ , ਇਹ ਅੱਜ ਵੀ ਪਿੰਡਾਂ ਵਿੱਚ ਕਿਤੇ-ਕਿਤੇ ਦੇਖਿਆ ਜਾ ਸਕਦਾ ਹੈ। ਇਸ ਦਾ ਕਾਰਨ ਚੁੱਲ੍ਹੇ ਵਿੱਚ ਬਲ ਰਹੀ ਅੱਗ ਦੇ ਸੇਕ ਨੂੰ ਅਜਾਈਂ ਜਾਣ ਤੋਂ ਬਚਾਉਣਾ ਹੁੰਦਾ ਸੀ। ਇਸ ਲੂੰਬੀ ਵਾਲੇ ਚੁੱਲ੍ਹੇ ਉੱਪਰ ਛੋਟੇ ਭਾਂਡੇ ਵਿੱਚ ਰੱਖੀ ਕਿਸੇ ਚੀਜ਼ ਨੂੰ ਗਰਮ ਕਰਨ ਲਈ ਜਾਂ ਤੜਕਾ ਲਗਾਉਣ ਲਈ ਵਰਤ ਲਿਆ ਜਾਂਦਾ ਸੀ। ਚਾਵਾਂ ਚੁੱਲ੍ਹਾ (ਜਿਸ ਨੂੰ ਚੱਕਵਾਂ ਚੁੱਲ੍ਹਾ ਵੀ ਕਹਿ ਲਿਆ ਜਾਂਦਾ ਸੀ) ਇੱਕ ਥਾਂ ਤੋਂ ਚੁੱਕ ਕੇ ਦੂਜੀ ਥਾਂ 'ਤੇ ਵੀ ਰੱਖ ਲਿਆ ਜਾਂਦਾ ਸੀ। ਇਹ ਚੁੱਲ੍ਹਾ ਕਿਸੇ ਟੁੱਟੇ ਘੜੇ ਦੇ ਅੱਧੇ ਹਿੱਸੇ ਉੱਤੇ ਮਿੱਟੀ ਨਾਲ ਬੜੀ ਜੁਗਤ ਨਾਲ ਬਣਾਇਆ ਜਾਂਦਾ ਸੀ। ਇਸ ਚੁੱਲ੍ਹੇ ਲਈ ਇੱਕ ਟਿਕਾਣਾ ਨਿਸ਼ਚਿਤ ਨਹੀਂ ਸੀ ਹੁੰਦਾ। ਚੁੱਲ੍ਹੇ ਦਾ ਇੱਕ ਰੂਪ ਭੜੋਲੀ ਵੀ ਹੈ।

ਚੁੱਲ੍ਹੇ ਨੂੰ ਲਿੱਪ ਪੋਚ ਕੇ ਸ਼ਿੰਗਾਰਨ ਦਾ ਹੁਨਰ ਪੰਜਾਬਣਾਂ ਦੇ ਕਲਾ ਪ੍ਰੇਮ, ਸੁਹਜ ਤੇ ਸਿਰਜਣਾਤਮਕ ਰੁਚੀ ਨੂੰ ਪ੍ਰਗਟ ਕਰਦਾ ਹੈ। ਸੁਆਣੀਆਂ ਚੀਕਣੀ ਮਿੱਟੀ, ਗੋਹੇ ਅਤੇ ਗਾਚੀ ਆਦਿ ਨਾਲ ਚੁੱਲ੍ਹਿਆਂ ਨੂੰ ਲਿੱਪਦੀਆਂ, ਪੋਚਦੀਆਂ, ਸੰਵਾਰਦੀਆਂ ਤੇ ਸ਼ਿੰਗਾਰਦੀਆਂ ਸਨ। ਚੁੱਲ੍ਹੇ ਨੂੰ ਲਿੱਪਣ ਪੋਚਣ ਨਾਲ ਜੁੜੇ ਪੰਜਾਬੀ ਦੇ ਇਕ ਲੋਕ ਗੀਤ ਦੀਆਂ ਕੁਝ ਪੰਕਤੀਆਂ ਵੇਖਣਯੋਗ ਹਨ ਜੋ ਹਾਲੋਂ ਬੇਹਾਲ ਹੋ ਗਈ ਇਕ ਸੁਆਣੀ ਦੀ ਦਸ਼ਾ ਬਿਆਨ ਕਰਦੀਆਂ ਹਨ :

* ਚੁੱਲ੍ਹਾ ਚੌਂਕਾ ਲਿੱਪਦੀ ਮੈਂ ਗਛ ਖਾ ਕੇ ਡਿੱਗ ਪਈ
ਬਚਣੇ ਦੀ ਆਸ ਕੋਈ ਨਾ,
ਨਣਦੇ ਮੇਰੀਏ
ਬਚਣੇ ਦੀ ਆਸ ਕੋਈ ਨਾ...
* ਜੇ ਤੂੰ ਚਿਲਮ ਤੰਬਾਕੂ ਪੀਵੇਂਗਾ
ਮੈਂ ਵੀ ਚੁੱਲ੍ਹੇ ਵਿੱਚ
ਮੈਂ ਵੀ ਚੁੱਲ੍ਹੇ ਵਿੱਚ ਪਾਣੀ ਪਾ ਦਊਂਗੀ
ਜੇ ਤੂੰ ਚੁੱਲ੍ਹੇ ਵਿੱਚ ਪਾਣੀ ਪਾ ਦਏਂਗੀ
ਮੈਂ ਵੀ ਕੱਲਗੀ ਧੂੰਆਂ ਉਡਾ ਦਊਂਗਾ...

ਪੰਜਾਬੀ ਸੱਭਿਆਚਾਰ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਸ ਸੱਭਿਆਚਾਰ ਨੂੰ ਉਸਾਰਨ ਵਾਲੇ ਲੋਕ ਦੁੱਖ-ਸੁੱਖ ਦੇ ਸਮੇਂ ਵਿੱਚ ਇੱਕ-ਦੂਜੇ ਦੇ ਅੰਗ-ਸੰਗ ਰਹੇ ਹਨ। ਪਹਿਲਾਂ ਜੇ ਕਿਸੇ ਪਿੰਡ ਵਿੱਚ ਕਿਸੇ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਘਰ ਉਦੋਂ ਤੱਕ ਚੁੱਲ੍ਹੇ ਵਿੱਚ ਅੱਗ ਨਹੀਂ ਸੀ ਬਾਲੀ ਜਾਂਦੀ, ਜਦੋਂ ਤੱਕ ਮ੍ਰਿਤਕ ਦਾ ਸਸਕਾਰ ਨਹੀਂ ਸੀ ਕਰ ਦਿੱਤਾ ਜਾਂਦਾ।

ਦੇਖਦਿਆਂ ਹੀ ਦੇਖਦਿਆਂ ਚੁੱਲ੍ਹੇ ਨੇ ਕਈ ਰੂਪ ਬਦਲੇ ਹਨ। ਮਿੱਟੀ ਨਾਲ ਬਣਾਏ ਸਾਦੇ ਚੁੱਲ੍ਹੇ ਤੋਂ ਕੋਲਿਆਂ ਵਾਲੀ ਅੰਗੀਠੀ, ਚਾਦਰ ਦੀ ਬਣੀ ਅੰਗੀਠੀ, ਲੱਕੜੀ ਦੇ ਬੂਰੇ ਵਾਲੀ ਅੰਗੀਠੀ, ਮਿੱਟੀ ਦੇ ਤੇਲ ਨਾਲ ਚਲਾਉਣ ਵਾਲਾ ਬੱਤੀਆਂ ਵਾਲਾ ਸਟੋਵ ਤੇ ਪ੍ਰੈਸ਼ਰ ਸਟੋਵ, ਗੈਸ ਸਟੋਵ, ਮਾਈਕਰੋ ਓਵਨ, ਇੰਡਕਸ਼ਨ ਚੁੱਲ੍ਹਾ, ਰੋਟੀ ਮੇਕਰ ਤੇ ਖਾਣ ਪੀਣ ਦੇ ਪਕਵਾਨ ਬਣਾਉਣ ਵਾਲੇ ਕਈ ਹੋਰ ਵੰਨ-ਸਵੰਨੇ ਯੰਤਰਾਂ ਦੀ ਕਾਢ ਮਨੁੱਖ ਦੀਆਂ ਪ੍ਰਾਪਤੀਆਂ ਵਿੱਚ ਸ਼ਾਮਲ ਹੈ। ਫਿਰ ਵੀ ਰਵਾਇਤੀ ਚੁੱਲ੍ਹੇ ਦੇ ਮਹੱਤਵ ਨੂੰ ਭੁਲਾਇਆ ਨਹੀਂ ਜਾ ਸਕਦਾ। ਚੁੱਲ੍ਹੇ ਦਾ ਰੂਪ ਕੋਈ ਵੀ ਹੋਵੇ, ਉਸਦੀ ਉਪਯੋਗਤਾ ਦੇ ਮਹੱਤਵਪੂਰਨ ਪਹਿਲੂ ਨੇ ਬਰਕਰਾਰ ਰਹਿਣਾ ਹੈ। ਸ਼ਾਲਾ ! ਘਰਾਂ ਵਿੱਚ ਚੁੱਲ੍ਹੇ ਬਲਦੇ ਰਹਿਣ ਤੇ ਲੋਕ ਜੀਵਨ ਬਰਕਤਾਂ ਨਾਲ ਭਰਪੂਰ ਰਹੇ।



# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ

ਪ੍ਰੋ. ਨਵ ਸੰਗੀਤ ਸਿੰਘ

ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ) ਅਧਿਆਤਮਕ, ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਹੱਤਤਾ ਦਾ ਧਾਰਨੀ ਹੈ। ਇਸ ਨੂੰ 'ਗੁਰੂ ਕੀ ਕਾਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਸਿੱਖ ਪੰਥ ਦੇ ਚੌਥੇ ਤਖ਼ਤ ਵਜੋਂ ਮਾਨਤਾ ਪ੍ਰਾਪਤ ਇਸ ਧਰਤੀ 'ਤੇ ਗੁਰੂ ਨਾਨਕ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਨੇ ਚਰਨ ਪਾਏ।

ਗੁਰੂ ਨਾਨਕ ਪਹਿਲੀ ਉਦਾਸੀ ਸਮੇਂ 1515 ਈ. ਵਿੱਚ ਸਿਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਥੇ ਬਿਰਾਜੇ ਸਨ। 159 ਸਾਲ ਪਿੱਛੋਂ 1674 ਈ. ਵਿੱਚ ਗੁਰੂ ਤੇਗ ਬਹਾਦਰ ਨੇ ਇੱਥੇ ਗੁਰੂਸਰ ਸਰੋਵਰ ਦਾ ਟੱਕ ਲਾਇਆ ਅਤੇ ਪੰਜ ਦੁਸ਼ਾਲੇ ਮਿੱਟੀ ਦੇ ਭਰ ਕੇ ਕੱਢੇ। 31 ਸਾਲਾਂ ਬਾਅਦ ਗੁਰੂ ਗੋਬਿੰਦ ਸਿੰਘ ਨੇ 1705 ਈ. ਵਿੱਚ ਜੰਗਾਂ-ਯੁੱਧਾਂ ਪਿੱਛੋਂ ਇਸ ਸਥਾਨ 'ਤੇ ਇੱਕ ਉੱਚੀ ਥੇੜੀ 'ਤੇ ਆ ਕੇ ਦਮ ਲਿਆ ਅਤੇ ਕਮਰ ਕੱਸਾ ਖੋਲ੍ਹਿਆ। ਇਸ ਅਸਥਾਨ ਤੋਂ ਸਿੱਖ ਸੰਗਤ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਅਤੇ 1706 ਈ. ਦੀ ਵਿਸਾਖੀ 'ਤੇ ਕਰੀਬ ਸਵਾ ਲੱਖ ਵਿਅਕਤੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ।

ਇਸ ਇਲਾਕੇ ਦਾ ਚੌਧਰੀ ਉਨ੍ਹੀਂ ਦਿਨੀਂ ਭਾਈ ਡੱਲਾ ਹੁੰਦਾ ਸੀ, ਜੋ ਦਸਮੇਸ਼ ਪਿਤਾ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿੱਛੋਂ ਡਲ ਸਿੰਘ ਵਜੋਂ ਜਾਣਿਆ ਗਿਆ। ਇਸ ਪਵਿੱਤਰ ਧਰਤੀ ਉੱਤੇ ਗੁਰੂ ਗੋਬਿੰਦ ਸਿੰਘ ਨੇ ਕਰੀਬ ਸਵਾ ਸਾਲ ਵਿਸ਼ਰਾਮ ਕੀਤਾ ਅਤੇ 1706 ਈ. ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਤੇ ਸੰਪੂਰਨ ਬੀੜ ਤਿਆਰ ਕਰਵਾਈ। ਇਸ ਬੀੜ ਨੂੰ ਗੁਰੂ ਸਾਹਿਬ ਨੇ ਆਪਣੀ ਅਧਿਆਤਮਕ ਸ਼ਕਤੀ ਰਾਹੀਂ ਭਾਈ ਮਨੀ ਸਿੰਘ ਹੱਥੋਂ ਲਿਖਵਾਇਆ, ਜਿਸ ਵਿੱਚ ਗੁਰੂ ਤੇਗ ਬਹਾਦਰ ਦੀ ਬਾਣੀ ਅਤੇ ਰਾਗ ਜੈਜਾਵੰਤੀ ਸ਼ਾਮਲ ਕਰਕੇ ਇਸ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸੇ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਬਾਰੇ ਇਸ ਤਰ੍ਹਾਂ ਅੰਕਿਤ ਕੀਤਾ ਹੈ:



ਅਬ ਦਰਬਾਰ ਦਮਦਮਾ ਜਹਾਂ।
ਤੰਬੂ ਲਗਵਾ ਕੈ ਗੁਰ ਤਹਾਂ।
ਮਨੀ ਸਿੰਘ ਕੋ ਲਿਖਨ ਬਠੈ ਕੈ।
ਗੁਰੂ ਨਾਨਕ ਕਾ ਧਿਆਨ ਧਰੈ ਕੈ
ਨਿਤਪ੍ਰਤਿ ਗੁਰੂ ਉਚਾਰੀ ਜੈਸੇ।
ਬਾਣੀ ਲਿਖੀ ਮਨੀ ਸਿੰਘ ਤੈਸੇ।
ਬੀੜ ਆਦਿ ਗੁਰ ਗ੍ਰੰਥੈ ਜੇਹੀ।
ਕਰੀ ਦਸਮ ਗੁਰ ਤਿਆਰ ਉਜੇਹੀ।

ਗਿਆਨੀ ਬਲਵੰਤ ਸਿੰਘ ਕੋਠਾਗੁਰੂ ਮੁਤਾਬਕ ਇਹ ਬੀੜ ਵਿਸਾਖੀ ਵਾਲੇ ਦਿਨ (1763 ਬਿਕਰਮੀ ਵਿੱਚ) ਲਿਖਣੀ ਆਰੰਭ ਕੀਤੀ ਗਈ ਅਤੇ ਭਾਦਰੋਂ ਵਦੀ ਤੀਜ ਨੂੰ ਸੰਪੂਰਨ ਹੋਈ। ਦਮਦਮੀ ਬੀੜ ਦੀ ਲਿਖਾਈ ਬਾਰੇ ਉਨ੍ਹਾਂ ਨੇ 1736 ਈ. ਵਿੱਚ ਲਿਖੀ 'ਦੌਰਾ ਸਾਖੀ' 'ਚੋਂ ਵੀ ਮਹੱਤਵਪੂਰਣ ਹਵਾਲੇ ਦਿੱਤੇ ਹਨ।

ਗੁਰੂ ਗੋਬਿੰਦ ਸਿੰਘ ਦੇ ਹੁਕਮ ਨਾਲ ਬਾਬਾ ਦੀਪ ਸਿੰਘ ਨੇ ਇਸ ਬੀੜ ਦੇ ਚਾਰ ਉਤਾਰੇ ਕੀਤੇ, ਜੋ ਕ੍ਰਮਵਾਰ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ ਵਿੱਚ ਰੱਖੇ ਗਏ। ਪਿੱਛੋਂ ਬਾਬਾ ਦੀਪ ਸਿੰਘ ਨੇ ਹਿੰਦੀ, ਮਰਾਠੀ, ਉਰਦੂ, ਫ਼ਾਰਸੀ ਤੇ ਅਰਬੀ ਵਿੱਚ ਵੀ ਇਸ ਦਾ ਅਨੁਵਾਦ ਕੀਤਾ।

ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਬਾਰੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਇਸ ਦੀ ਲਿਖਾਈ ਹੁੰਦੀ ਸੀ ਅਤੇ ਸ਼ਾਮ ਨੂੰ ਲਿਖੀ ਬਾਣੀ ਦੀ ਕਥਾ ਕੀਤੀ ਜਾਂਦੀ ਸੀ। ਦਸਵੇਂ ਗੁਰੂ ਜੀ ਖੁਦ ਕਥਾ ਕਰਿਆ ਕਰਦੇ ਸਨ। ਜਿਨ੍ਹਾਂ ਗੁਰਮੁਖਾਂ ਨੇ ਆਦਿ ਤੋਂ ਅੰਤ ਤੱਕ ਕਥਾ ਸਰਵਣ ਕੀਤੀ, ਉਨ੍ਹਾਂ ਨੂੰ ਬ੍ਰਹਮ- ਗਿਆਨੀ ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ।

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਪਿੱਛੋਂ ਗੁਰੂ ਜੀ ਨੇ ਬਚੀਆਂ ਹੋਈਆਂ ਕਲਮਾਂ ਅਤੇ ਸਿਆਹੀ ਆਦਿ ਹੋਰ ਸਮੱਗਰੀ ਲਿਖਣਸਰ ਦੇ ਟੋਭੇ ਵਿੱਚ ਪ੍ਰਵਾਹਿਤ ਕਰਕੇ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰਦਾਨ ਦਿੱਤਾ ਸੀ।

ਚੌਧਰੀ ਡੱਲੇ ਦਾ ਮਾਣ ਤੋੜਨ ਲਈ ਗੁਰੂ ਜੀ ਨੇ ਲਾਹੌਰ ਵਾਸੀ ਭਾਈ ਉਦੈ ਸਿੰਘ ਵੱਲੋਂ ਭੇਟ ਕੀਤੀ ਬੰਦੂਕ ਦੀ ਪਰਖ ਕਰਨ ਲਈ ਉਸ ਨੂੰ ਆਪਣੇ ਬਰਾੜ ਯੋਧੇ ਭੇਜਣ ਲਈ ਕਿਹਾ ਪਰ ਡੱਲੇ ਦੇ ਸੈਨਿਕ ਅਣਿਆਈ ਮੌਤ ਮਰਨ ਤੋਂ ਕੋਰਾ ਜਵਾਬ ਦੇ ਗਏ। ਗੁਰੂ ਜੀ ਦਾ ਹੁਕਮ ਮੰਨ ਕੇ ਪਿਓ-ਪੁੱਤਰ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਨੇ ਖੁਦ ਨੂੰ ਗੁਰੂ ਜੀ ਦੇ ਸਨਮੁਖ ਪੇਸ਼ ਕੀਤਾ। ਇਨ੍ਹਾਂ ਮਰਜੀਵੜਿਆਂ ਦੀ ਯਾਦ ਵਿੱਚ ਇੱਥੇ ਇੱਕ ਗੁਰਦੁਆਰਾ ਸੁਸ਼ੋਭਿਤ ਹੈ।

ਗੁਰੂ ਜੀ ਦੇ ਦਰਬਾਰ ਵਿੱਚ ਇੱਥੇ ਦਿੱਲੀ ਤੋਂ ਮਾਤਾਵਾਂ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ) ਭਾਈ ਮਨੀ ਸਿੰਘ ਸਮੇਤ ਪਹੁੰਚੀਆਂ ਤਾਂ ਉਨ੍ਹਾਂ ਨੂੰ ਆਪਣੇ ਸਾਹਿਬਜ਼ਾਦੇ ਨਜ਼ਰ ਨਾ ਆਏ। ਗੁਰੂ ਜੀ ਤੋਂ ਪੁੱਛਣ 'ਤੇ ਦਸਮੇਸ਼ ਪਿਤਾ ਨੇ ਭਰੇ ਦਰਬਾਰ ਵੱਲ ਸੰਕੇਤ ਕਰਕੇ ਫ਼ਰਮਾਇਆ:

ਇਨ ਪੁਤਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ,
ਜੀਵਤ ਕਈ ਹਜ਼ਾਰ।

ਉਸ ਯਾਦਗਾਰ ਦਾ ਪ੍ਰਤੀਕ ਇੱਕ ਗੁਰਦੁਆਰਾ (ਜੋ ਮਾਤਾਵਾਂ ਦੇ ਨਾਂ ਤੇ ਹੈ) ਇੱਥੇ ਸੁਭਾਇਮਾਨ ਹੈ।

ਗੁਰਦੁਆਰਾ ਜੰਡਸਰ ਸਾਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਨੇ ਜੰਡ ਨਾਲ ਘੋੜਾ ਬੰਨ੍ਹ ਕੇ ਆਪਣੇ ਸੈਨਿਕਾਂ ਨੂੰ ਗੁਪਤ ਖਜ਼ਾਨਾ ਕੱਢ ਕੇ ਤਨਖਾਹਾਂ ਵੰਡੀਆਂ ਸਨ। ਗੁਰਦੁਆਰਾ ਮਹੱਲਸਰ ਵਿਖੇ ਗੁਰੂ ਜੀ ਨੇ ਬੀਰ- ਰਸ ਦਾ ਪ੍ਰਤੀਕ ਮਹੱਲਾ ਖੇਡਿਆ ਸੀ।

ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਨਾਲ ਸਬੰਧਤ ਤਿੰਨ ਸਥਾਨ ਇੱਥੇ ਮੌਜੂਦ ਹਨ, ਜਿਨ੍ਹਾਂ ਵਿੱਚ ਭੋਰਾ ਸਾਹਿਬ, ਬੁਰਜ ਅਤੇ ਖੂਹ ਸ਼ਾਮਲ ਹਨ। ਤਖ਼ਤ ਸਾਹਿਬ ਵਿਖੇ ਜੋ ਇਤਿਹਾਸਕ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਵਿੱਚ ਇਤਿਹਾਸਕ ਬੰਦੂਕ, ਅਬਰੇ ਰਹਿਮਤ ਬਾਰ ਸ਼ੀਸ਼ਾ, ਤੇਗਾ ਬਾਬਾ ਦੀਪ ਸਿੰਘ, ਮੋਹਰ ਤਖ਼ਤ ਸਾਹਿਬ ਅਤੇ ਕਿਰਪਾਨ ਗੁਰੂ ਸਾਹਿਬ ਸ਼ਾਮਲ ਹਨ। ਇਸ ਤੋਂ ਬਿਨਾਂ ਭਾਈ ਡੱਲੇ ਦੇ ਖਾਨਦਾਨ ਕੋਲ ਵੀ ਕੁਝ ਦੁਰਲੱਭ ਤੇ ਪਵਿੱਤਰ ਵਸਤਾਂ ਪਈਆਂ ਹਨ, ਜਿਨ੍ਹਾਂ ਵਿੱਚ ਤੇਗਾ, ਸ੍ਰੀ ਸਾਹਿਬ, ਵੱਡੀ ਦਸਤਾਰ, ਛੋਟੀ ਦਸਤਾਰ, ਵੱਡਾ ਚੋਲਾ, ਛੋਟਾ ਚੋਲਾ, ਬਾਜ਼ ਦੀ ਡੋਰ, ਮਾਤਾ ਸਾਹਿਬ ਕੌਰ ਦੇ ਕੱਪੜੇ ਅਤੇ ਛੋਟੇ ਆਕਾਰ ਦੀ ਬੀੜ ਸ਼ਾਮਲ ਹੈ। ਇਨ੍ਹਾਂ ਚੀਜ਼ਾਂ ਦੇ ਦਰਸ਼ਨ ਭਾਈ ਡੱਲ ਸਿੰਘ ਦੇ ਗ੍ਰਿਹ ਵਿਖੇ ਸਵੇਰ ਤੋਂ ਸ਼ਾਮ ਤੱਕ ਸੰਗਤ ਨੂੰ ਕਰਵਾਏ ਜਾਂਦੇ ਹਨ। ਕਿਸੇ ਸਮੇਂ ਹਰ ਚਾਨਣੀ ਦਸਮੀ ਨੂੰ ਹੀ ਇਹ ਵਸਤਾਂ ਦਿਖਾਈਆਂ ਜਾਂਦੀਆਂ ਸਨ।

ਵੀਹ-ਪੱਚੀ ਸਾਲ ਪਹਿਲਾਂ ਤੱਕ ਤਖ਼ਤ ਸਾਹਿਬ ਵਿਖੇ ਸੰਗਤ ਦੀ ਆਮਦ ਬਹੁਤ ਘੱਟ ਸੀ ਪਰ ਹੁਣ ਵਿਸਾਖੀ ਤੋਂ ਇਲਾਵਾ ਆਮ ਦਿਨਾਂ ਵਿੱਚ ਵੀ ਸੰਗਤ ਦਾ ਇਕੱਠ ਬਹੁਤ ਹੁੰਦਾ ਹੈ। ਮੱਸਿਆ ਅਤੇ ਐਤਵਾਰ ਦੇ ਦਿਨਾਂ ਵਿੱਚ ਵਿਸ਼ੇਸ਼ ਦੀਵਾਨ ਲੱਗਦੇ ਹਨ ਜਿਸ ਵਿੱਚ ਢਾਡੀ ਤੇ ਕਵੀਸ਼ਰ ਗੁਰੂ-ਜੱਸ ਦਾ ਗਾਇਨ ਕਰ ਕੇ ਸੰਗਤ ਨੂੰ ਨਿਹਾਲ ਕਰਦੇ ਹਨ। ਇਨ੍ਹਾਂ ਦਿਨਾਂ ਵਿੱਚ ਇੱਥੇ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ।

ਅੱਜ ਤੋਂ ਕਰੀਬ ਤਿੰਨ ਸੌ ਸਾਲ ਪਹਿਲਾਂ ਦਸਮੇਸ਼ ਪਿਤਾ ਨੇ ਜੋ ਵਰਦਾਨ ਇਸ ਬੰਜਰ ਭੂਮੀ ਅਤੇ ਪਛੜੇ ਇਲਾਕੇ ਨੂੰ ਦਿੱਤੇ ਸਨ, ਉਹ ਸਾਰੇ ਹੀ ਸਹਿਜਤਾ ਅਤੇ ਨਿਰੰਤਰਤਾ ਨਾਲ ਫ਼ਲੀਭੂਤ ਹੁੰਦੇ ਨਜ਼ਰ ਆ ਰਹੇ ਹਨ। ਉੱਚ-ਵਿੱਦਿਆ ਦੀ ਸਭ ਤੋਂ ਪਹਿਲੀ ਸੰਸਥਾ ਗੁਰੂ ਕਾਸ਼ੀ ਕਾਲਜ (ਜੋ ਹੁਣ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ) ਇੱਥੇ 1964 ਨੂੰ ਸਥਾਪਤ ਹੋਇਆ, 1988 ਵਿੱਚ ਪੰਜਾਬੀ ਯੂਨੀਵਰਸਿਟੀ ਨੇ ਆਪਣਾ ਕੈਂਪਸ ਸਥਾਪਤ ਕੀਤਾ, 1977 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਸਥਾਪਨਾ ਕੀਤੀ ਗਈ, ਦੋ ਯੂਨੀਵਰਸਿਟੀਆਂ- ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਅਕਾਲ ਯੂਨੀਵਰਸਿਟੀ (ਕ੍ਰਮਵਾਰ 2011 ਅਤੇ 2015) ਤੋਂ ਇਲਾਵਾ ਇੱਥੇ ਸਕੂਲੀ ਪੜ੍ਹਾਈ ਲਈ ਕਈ ਸਰਕਾਰੀ ਤੇ ਪ੍ਰਾਈਵੇਟ ਵਿੱਦਿਅਕ ਅਦਾਰੇ 'ਗੁਰੂ ਕੀ ਕਾਸ਼ੀ' ਦੇ ਸੰਕਲਪ ਨੂੰ ਮੂਰਤੀਮਾਨ ਕਰ ਰਹੇ ਹਨ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375



ਸਮੀਖਿਅਕ
ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ਼ਾਇਰ ਕਮਲ ਬੰਗਾ ਸੈਕਰਾਮੈਂਟੋ ਦੇ ਕਾਵਿ ਰੰਗ






ਪੰਜਾਬੀ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਜਾ ਵਸੇ ਹਨ। ਨਵੇਂ ਸੰਘਰਸ਼ ਵਿੱਚ ਉਹਨਾਂ ਨੇ ਹਰ ਖੇਤਰ ਵਿੱਚ ਆਪਣੀ ਪਛਾਣ ਬਣਾਈ ਹੈ। ਜਿਸ 'ਤੇ ਹਮੇਸ਼ਾ ਮਾਣ ਰਹੇਗਾ। ਵਿਦੇਸ਼ਾਂ ਦੀਆਂ ਤੰਗੀਆਂ ਤੁਰਛੀਆਂ ਨੂੰ ਜਰਦੇ ਹੋਏ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਤਨੋ ਮਨੋ ਧਨੋ ਨਹੀਂ ਵਿਸਾਰਿਆ। ਸਾਹਿਤਕ, ਸਮਾਜਿਕ, ਸੱਭਿਆਚਾਰਕ ਸੰਸਥਾਵਾਂ ਦੀ ਬਣਾਈਆਂ। ਸਿੱਖ ਧਰਮ ਦੇ ਵਿਰਸੇ ਦੇ ਪ੍ਰਚਾਰ ਵਾਸਤੇ ਗੁਰਦੁਆਰਿਆਂ ਵਿੱਚ ਸਿੱਖ ਮਰਿਆਦਾ ਦੀ ਪਛਾਣ ਵੀ ਬਣਾਈ। ਪੰਜਾਬੀ ਸਾਹਿਤ ਵਿੱਚ ਪੁਸਤਕਾਂ ਲਿੱਖ ਕੇ ਨਾਮਣਾ ਖੱਟਿਆ ਹੈ।

ਆਪਣੇ ਵਿਰਸੇ, ਵਿਰਾਸਤ, ਸੱਭਿਆਚਾਰ ਅਤੇ ਜ਼ਮੀਨ ਨਾਲ ਜੁੜੇ ਰਹਿਣਾ ਇੱਕ ਵੱਡੇ ਜੇਰੇ ਦਾ ਕੰਮ ਹੈ ਕਿ ਕਦਰਾਂ ਕੀਮਤਾਂ ਨੂੰ ਸੰਭਾਲਣ। ਇਸੇ ਜਾਗ੍ਰਿਤੀ ਵਿੱਚ ਇੱਕ ਨਾਂਅ ਉਭਰ ਕੇ ਆਉਂਦਾ ਹੈ ਕਮਲ ਬੰਗਾ ਸੈਕਰਾਮੈਂਟੋ। ਡੇਢ ਦਰਜਨ ਤੋਂ ਵੱਧ ਪੁਸਤਕਾਂ ਦਾ ਲੇਖਕ ਹੈ। ਉਸ ਨੇ ਪੰਜਾਬੀ ਮਾਂ ਬੋਲੀ ਨਾਲ ਸਾਂਝ, ਸਨੇਹ ਅਤੇ ਪਿਆਰ ਬਣਾਈ ਰੱਖਿਆ ਹੈ। ਇਸ ਦੇ ਨਾਲ ਹੀ ਵਰ੍ਹਿਆ ਤੋਂ ਪੰਜਾਬੀ ਅਖ਼ਬਾਰਾਂ ਅਤੇ ਰੇਡੀਓ ਜਿਹੇ ਅਧਿਕਾਰਾਂ ਰਾਹੀਂ ਵੀ ਪੰਜਾਬ ਮਾਂ ਬੋਲੀ ਨਾਲ ਪਿਆਰ ਦਾ ਪੁਖਤਾ ਸਬੂਤ ਦਿੱਤਾ ਹੈ। ਉਸ ਦੇ ਕਾਵਿ ਰੰਗਾਂ ਦੀ ਗੱਲ ਤੋਰਦੇ ਹਾਂ।

ਕਿਸੇ ਵੀ ਸਾਹਿਤ ਵੰਨਗੀ ਦੀ ਸਮਾਲੋਚਨਾ ਵਾਸਤੇ ਉਸ ਦੇ ਵਸਤੂ ਅਤੇ ਸ਼ੈਲੀ ਬਾਰੇ ਚਰਚਾ ਕਰਦੇ ਹਾਂ। ਵਸਤੂ ਆਪਣੀ ਸ਼ੈਲੀ ਆਪ ਲੈ ਕੇ ਆਉਂਦੀ ਹੈ। ਸ਼ੈਲੀ ਹੀ ਮਨੁੱਖ ਹੈ। ਵਸਤੂ ਕਾਵਿ ਦੀ ਆਤਮਾ ਹੈ। ਸ਼ੈਲੀ ਕਵੀ ਦੀ ਸਿਰਜਣਾਤਮਕ ਕਲਾ ਹੈ। ਜਿੰਨਾ ਕੋਈ ਆਪਣੀ ਸਿਰਜਣਾ ਵਿੱਚ ਨਿਪੁੰਨ ਹੋਵੇਗਾ, ਉਹਨਾਂ ਹੀ ਉਸ ਦੀ ਪਛਾਣ ਨਿਵੇਕਲੀ ਅਤੇ ਨਿੱਜੀ ਹੋਵੇਗੀ। ਬੰਗਾ ਇਵੇਂ ਸਿਰਜਣਾ ਵਿੱਚ ਗੰਭੀਰ ਹੁੰਦਾ ਗਿਆ ਅਤੇ ਉਹ ਕੋਈ ਡੇਢ ਦਰਜਨ ਤੋਂ ਵੱਧ ਕਾਵਿ ਪੁਸਤਕਾਂ ਦਾ ਲੇਖਕ ਬਣਿਆ। ਇੰਨਾ ਕਾਵਿ ਰੰਗਾਂ ਨਾਲ ਉਸ ਨੇ ਸਾਹਿਤ ਕਾਵਿ ਜਗਤ ਵਿੱਚ ਅ ਾਪਣੀ ਨਿਵੇਕਲੀ ਪਛਾਣ ਬਣਾ ਲਈ ਹੈ। ਉਹ ਲਗਾਤਾਰ ਮਾਂ ਬੋਲੀ ਪੰਜਾਬੀ ਦੇ ਸੱਭਿਆਚਾਰ ਦੀ ਉਨਤੀ ਲਈ ਵਚਨਬੱਧ ਸ਼ਾਇਰ ਹੈ। ਇਸ ਤਰ੍ਹਾਂ ਬੰਗਾ ਇੱਕ ਸਾਹਿਤ ਸਫ਼ਾ ਦਾ ਨਾਮਵਰ ਹਸਤਾਖਰ ਹੈ। ਉਸ ਦੀ ਸ਼ਾਇਰੀ ਨਦੀ ਦੇ ਨਿਰਮਲ ਜਲ ਵਾਂਗ ਵਹਿੰਗੀ ਹੈ। ਰੋਜ਼ਮੱਰਾ ਜ਼ਿੰਦਗੀ ਦੀਆਂ ਪਰਤਾਂ ਫਲੋਰਦੀ ਹੈ। ਜੋ ਮਨੁੱਖਤਾ ਦਾ ਸੁਨੇਹਾ ਦਿੰਦੀ ਹੈ। ਉਸ ਦੀ ਸ਼ਾਇਰੀ ਦੇ ਰੰਗਾਂ ਵਿੱਚ ਸਮਾਜਿਕ ਵਰਤ ਵਿਹਾਰ, ਅੱਜ ਦੇ ਮਨੁੱਖ ਦੇ ਆਧੁਨਿਕ ਆਲੇ ਦੁਆਲੇ ਵਿੱਚ ਵਾਤਾਵਰਣ , ਚਿਹਨ-ਚੱਕਰ, ਉਦਾਸੀਆਂ, ਤੰਗੀਆਂ ਤੁਰਸੀਆਂ, ਦੁੱਖ ਦਰਦ , ਤਲਖ਼ੀਆਂ,ਮਜਬੂਰੀਆਂ, ਗਰੀਬੀ, ਲਾਚਾਰੀਆਂ, ਸੰਸੇ, ਨਸੀਅਤਾਂ ਆਦਿ ਦੇ ਰੰਗ ਹਨ।

ਸਮੁੱਚੀ ਸ਼ਾਇਰੀ ਅਨੁਭਵ, ਪ੍ਰੰਪਰਾ ਤੇ ਪ੍ਰਯੋਗ,ਚੇਤਨ ਤੋਂ ਚਿੰਤਨ, ਅਨੁਭਵ ਤੋਂ ਅਨੁਭਵੀ, ਤੱਕ ਫੈਲਿਆ ਹੋਇਆ ਰੰਗ ਹੈ। ਉਹ ਹਰ ਸਾਲ ਇੱਕ ਪੁਸਤਕ ਦਾ ਵਾਧਾ ਕਰਦਾ ਆ ਰਿਹਾ ਹੈ। ਜਿਸ ਨਾਲ ਉਹ ਅਨੁਭਵੀ ਬਣਦਾ ਜਾ ਰਿਹਾ ਹੈ। ਉਸ ਦੀ ਚੇਤਨਾ ਚਿੰਤਨ ਬਣਦੀ ਗਈ। ਸਮੇਂ ਤੇ ਸਥਾਨ ਦੇ ਸੰਕਲਪ ਦੀ ਚੇਤਨ ਪੇਸ਼ਕਾਰੀ ਹੈ। ਢੁਕਵੀਂ ਕਾਵਿ ਸ਼ੈਲੀ ਅਤੇ ਬਿੰਬਾਂ ਵਿੱਚ ਪੇਸ਼ ਹੋਇਆ ਰੰਗ ਹੈ। ਡੂੰਘੀ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਉਸ ਨੇ ਜੋ ਵਿਸ਼ੇ ਛੋਹੇ ਹਨ। ਉਹ ਕੁਲ ਆਲਮ ਦੀ ਬਾਤ ਪਾਉਂਦੇ ਹਨ। ਬਾਤ ਸਮਝ ਆਉਂਦੀ ਹੈ ਅਤੇ ਭਾਵ ਜਗਤ ਵਿੱਚ ਸੋਚਣ ਲਈ ਮਜਬੂਰ ਕਰਦੀ ਹੈ। ਜਿੰਦਗੀ ਦੀ ਨਕਸ਼ਾਕਸ਼ੀ ਨਿਰੰਤਰ ਝਲਕਦੀ ਹੈ। ਜੋ ਸਪਸ਼ਟ ਹੁੰਦੀ ਹੈ। ਹੰਡਾਏ ਪਲਾਂ ਦੀ ਪੀੜ ਅਤੇ ਮਾਨਵੀ ਦੁੱਖਾਂ ਦੀ ਚੀਸ ਵਿੱਚ ਸਮਾਜਿਕ ਸਰੋਕਾਰਾਂ ਦਾ ਫਿਕਰ ਹੈ। ਉਸ ਨੇ ਵਿਸ਼ਵ ਵਿਆਪੀ, ਦੁੱਖ ਸੁੱਖ ਅਤੇ ਘਟਨਾਵਾਂ ਨੂੰ ਇੱਕ ਕਲਾਵੇ ਵਿੱਚ ਲੈਣ ਦੀ ਸਫਲ ਕੋਸ਼ਿਸ਼ ਕੀਤੀ ਹੈ। ਇੱਕ ਹੋਰ ਰੰਗ ਵਿੱਚ ਸਮਕਾਲੀ ਸ਼ਖਸੀਅਤਾਂ ਬਾਰੇ ਲਿਖ ਕੇ ਸ਼ਰਧਾਂਜਲੀ ਸਾਹਿਤ ਅਤੇ ਕਾਵਿ ਚਿੱਤਰ ਦੀ ਪ੍ਰੰਪਰਾ ਤੋਰੀ ਹੈ। ਆਪਣੇ ਕਾਵਿ ਰੰਗ ਵਿੱਚ ਉਹ ਕਿਸੇ ਦਾ ਪਿਛਲੱਗ ਨਹੀਂ ਬਣਿਆ। ਅਤੇ ਨਾ ਹੀ ਆਪਣੇ ਆਪ ਨੂੰ ਵੱਡਾ ਕਹਿੰਦਾ ਹੈ। ਉਸ ਦਾ ਕਹਿਣਾ ਹੈ ਕਿ ਸਾਹਿਤ ਵਿੱਚ ਛੋਟੇ ਵੱਡੇ ਸਾਹਿਤਕਾਰਾਂ ਦਾ ਵਿਤਕਰਾ ਦੇਖਣ ਵਿੱਚ ਆਉਂਦਾ ਹੈ ਪਰ ਜੇਕਰ ਵੱਡਾ ਛੋਟੇ ਨੂੰ ਨਾਲ ਲੈ ਕੇ ਚੱਲੇ ਤਾਂ ਉਹ ਵੀ ਵੱਡਾ ਹੋ ਜਾਵੇਗਾ। ਸਭ ਬਰਾਬਰ ਹੋ ਜਾਣਗੇ। ਪਰ ਆਪ ਉਹ ਹਮੇਸ਼ਾ ਪ੍ਰਗਤੀਸ਼ੀਲ ਰਿਹਾ ਹੈ। ਉਹ ਆਪਣੀ ਲੇਖਣੀ ਵਿੱਚ ਕਈ ਪਾਤਰਾਂ ਨੂੰ ਜੋੜਦਾ ਹੈ, ਉਸ ਵਿੱਚ ਉਸ ਦਾ ਤੀਖਣ ਅਨੁਭਵ ਹੈ।

ਉਹ ਯੋਗ ਵਕਤਾ, ਮੰਚ ਸੰਚਾਲਕ ਅਤੇ ਪ੍ਰਬੰਧਕ ਵੀ ਹੈ। ਉਹ ਬਹੁਤ ਛਪਿਆ ਕਵੀ ਹੈ। ਉਸ ਦੀ ਸ਼ਾਇਰੀ ਕਰਕੇ ਲੋਕ ਉਸ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਪਛਾਣ ਲੈਂਦੇ ਹਨ। ਇਹ ਇਨਸਾਨੀਅਤ ਦਾ ਹੋਕਾ ਦੇਣ ਵਾਲਾ ਸ਼ਾਇਰ ਹੈ। ਉਸ ਦੇ ਕਾਵਿ ਰੰਗਾਂ ਵਿੱਚ ਕਈ ਵਲਵਲੇ ਹਨ, ਜੋ ਇਨਸਾਨੀਅਤ ਦੀ ਰਾਤ 'ਤੇ ਚੱਲਣ ਦੀ ਹਾਮੀ ਭਰਦੇ ਹਨ।

ਕਾਵਿ ਰੰਗ ਵਿੱਚ ਜੇਕਰ ਉਸ ਦੇ ਨਿੱਜ ਤੋਂ ਗੱਲ ਤੋਰੀਏ ਤਾਂ ਰੱਬ ਦੀ ਗੱਲ ਵੀ ਨਾਲ ਹੀ ਹੋਵੇਗੀ

ਬੰਗੇ ਵਿੱਚ ਜੰਮਿਆ, ਖੇਡਿਆ ਤੇ ਪੜ੍ਹਿਆ ਕਮਲ,
ਬੇਸ਼ੱਕ ਜਿੰਦਗੀ ਦੇ ਬਹੁਤੇ ਬਰਸ ਬਾਹਰ ਬੀਤੇ ਨੇ॥
ਜੰਮੇ ਕਿਤੇ, ਖੇਡੇ ਕਿਤੇ ਜਵਾਨ ਕਿਤੇ ਹੋਏ ਤੇ ਰਹਿੰਦੇ ਹਾਂ ਕਿਤੇ
ਜੀਵਨ ਵਿੱਚ ਰੱਬ ਦਾ ਵੀ ਚੇਤਾ ਨਾ ਕਦੇ ਭੁਲਾਵਾਂਗੇ॥
ਆਪਣੇ ਨਗਰ ਬੰਗਾ ਦੀ ਯਾਦ ਵਿੱਚ ਨਾਲ ਵਗਦੀ ਨਹਿਰ ਦੇ ਕੁਦਰਤੀ ਨਜ਼ਾਰੇ ਦੀ ਵੀ ਗੱਲ ਕਰ ਜਾਂਦਾ ਹੈ।
ਬੰਗ ਦੇ ਨਾਲ ਦੀ ਨਹਿਰ ਲੰਘਦੀ ਸਦੀ ਪੁਰਾਣੀ ਕਮਲ
ਸਾਰੇ ਹੀ ਜਾਣਦੇ ਕਿ ਵੱਖਰਾ ਹੁੰਦਾ ਏ ਨਜ਼ਾਰਾ ਨਹਿਰਾਂ ਦਾ।
ਕਵੀ ਨੇ ਨਿੱਜੀ ਜਿੰਦਗੀ ਹਿੰਮਤ ਆਜ਼ਾਦੀ ਅਤੇ ਸਾਦਗੀ ਵਿੱਚ ਬਿਤਾਈ ਹੈ। ਉਸ ਗੁਣ ਤੋਂ ਉਹ ਮੂੰਹ ਨਹੀਂ ਮੋੜ ਸਕਦਾ।
ਸਾਰੀ ਉਮਰ ਹਿੰਮਤ ਤੇ ਆਜ਼ਾਦੀ ਵਿੱਚ ਕੱਟੀ ਹੈ ਕਮਲ
ਇਸ ਦੇ ਆਲੇ ਦੁਆਲੇ ਮੈਂ ਕਰ ਕਿਵੇਂ ਵਾੜ ਦਿਆਂ।
ਰਿਸ਼ਤਿਆਂ ਵਿਚੋਂ ਧੀ ਦਾ ਰਿਸ਼ਤਾ ਅਤੇ ਅਸੀਸ ਦਿੰਦਾ ਹੈ।
ਟੱਬਰਾਂ ਵਿੱਚ ਕੁੜੀਆਂ ਦਿਸਣ ਟੱਬਰਾਂ ਦੇ ਚਿਰਾਗ ਵਾਂਗਰ,
ਫਿਰ ਵੀ ਕਈ ਮਾਪੇ ਕਮਲ ਧੀ ਮਾਰਕੇ ਬਣਦੇ ਸ਼ੈਤਾਨ ਨੇ॥
ਮਾਵਾਂ ਠੰਡੀਆ ਛਾਂਵਾਂ , ਰੁੱਖਾਂ ਅਤੇ ਮਾਵਾਂ ਦੀ ਗੱਲ ਤੁਰਦੀ ਰਹੇਗੀ। ਇਹ ਅਟੱਲ ਸੱਚਾਈ ਹੈ।
ਗੱਲ ਮੁੱਕਣੀ ਨਹੀਂ ਦੁੱਖਾਂ ਸੁੱਖਾਂ ਦੀ ਤੇ ਮਾਵਾਂ ਦੀ
ਨਵੀਂ ਗੱਲ ਮੁੱਕਣੀ ਏ, ਰੁੱਖਾਂ ਤੇ ਛਾਂਵਾਂ ਦੀ।
ਦੁਨੀਆ ਦੇ ਮਨੁੱਖੀ ਵਰਤਾਰੇ ਵਿੱਚ ਅਮੀਰ ਗਰੀਬ ਦੇ ਅੰਤਰ ਦਾ ਦੁਅੰਦ ਅਨੁਭਵ ਕੀਤਾ ਹੈ
ਨਿੱਜੀਕਰਣ ਦੀ ਚਾਰ ਦਿਵਾਰੀ ਹੁੰਦੀ ਏ ਸੋਨੇ ਰੰਗੀ,
ਗਰੀਬਾਂ ਦੀ ਕੁਲੀ ਦੇ ਥੰਮ ਰਹਿਣੇ ਸਦਾ ਉਦਾਸੇ।
ਅਮੀਰ ਹੋਣਾ ਮਾੜਾ ਨਹੀਂ, ਗੱਲ ਏ ਬੜੀ ਸੋਹਣੀ।
ਜੇਕਰ ਥੋੜਾਂ ਵੀ ਵੇਖਣ, ਮਜ਼ਦੂਰਾਂ ਦੇ ਪਾਸੇ।
ਜੋ ਨਹੀਂ ਸੁਧਰਦੇ , ਸਮਾਜ ਦੀਆਂ ਬੁਰਾਈਆਂ ਦਾ ਸ਼ੇਅਰ ਦਰਜ ਹੈ।
ਨਸ਼ੇ ਦੀ ਭੈੜੀ ਅਲਾਮਤ ਨੇ ਨੌਜਵਾਨ ਕੁਰਾਹੇ ਪਾ ਦਿੱਤੇ।
ਅਤੇ ਟੱਬਰ ਬਰਬਾਦ ਹੋ ਗਏ ਨਮੋਸ਼ੀ ਦਾ ਆਲਮ ਹੈ।
ਜਾਂ
ਜਿਸ ਘਰ ਵਰਤਦੇ ਨੇ ਚਿੱਟਾ ਸੱਜਣੋ,
ਉਸ ਘਰ ਦੀਆਂ ਦੀਵਾਰਾਂ ਸੰਗਦੀਆਂ ਨੇ॥
ਆਪਣੇ ਪੰਜਾਬ ਦੀ ਅਧੋਗਤੀ ਲਈ ਕਹਿ ਉੱਠਦਾ ਹੈ
ਜਦ ਵੀ ਗੱਲ ਕਰਾਂ ਉਦਾਸੇ ਗੁਲਾਬ ਦੀ
ਸੂਰਤ ਸਾਹਮਣੇ ਆ ਜਾਂਦੀ ਏ ਪੰਜਾਬ ਦੀ॥
ਜਿਹੜੇ ਲੋਕ ਆਪਣੀ ਜ਼ਮੀਨ ਅਤੇ ਮਾਂ ਬੋਲੀ ਨਾਲ ਦੇਸ਼ ਵਿਦੇਸ਼ ਵਿੱਚ ਜੁੜੇ ਹਨ, ਉਹ ਧੰਨਤਾ ਦੇ ਯੋਗ ਹਨ। ਕਵੀ ਆਪਣੇ ਪ੍ਰਤੀ ਇਸ ਦੀ ਪ੍ਰੋੜ੍ਹਤਾ ਕਰਦਾ ਹੈ। ਮਾਂ ਬੋਲੀ ਪੰਜਾਬੀ ਦੀ ਗੱਲ ਕਰਦਾ ਹੈ।
ਬੇਸ਼ੱਕ ਅਮਰੀਕਾ ਵਿੱਚ ਉਮਰ ਬੀਤ ਚੱਲੀ ਹੈ ਕਮਲ
ਫਿਰ ਵੀ ਪੰਜਾਬੀ ਭਾਸ਼ਾ ਨੂੰ ਸਲਾਮ ਕਰਦਾ ਹਾਂ।
ਬੰਗਾ ਦੀ ਲੇਖਣੀ ਵਿੱਚ ਬਾਲ ਸਾਹਿਤ ਦੀ ਝਲਕ ਸਾਫ ਦਿਖਾਈ ਦਿੰਦੀ ਹੈ।
ਪਹਿਲੀ ਪਟਾਰੀ ਬੱਚਿਆਂ ਦੀ, ਜੋ ਰੀਝਾਂ ਨਾਲ ਸੰਭਾਲਦੇ
ਕਦੇ ਕਦੇ ਖੁਸ਼ੀ, ਵਿੱਚ ਭੈਣ ਭਰਾ ਤੇ ਮਾਂ ਪਿਓ ਨੂੰ ਦਿਖਾਲ ਦੇ
ਦੂਜੀ ਪਟਾਰੀ ਪੈਸਿਆਂ ਦੀ ਜਿਸ ਨੂੰ ਪਿੱਗੀ ਬੈਂਕ ਵੀ ਕਹਿੰਦੇ।
ਪੰਜੀਆਂ ਦਸੀਆਂ ਪਾ ਪਾ ਬੱਚੇ ਇਹ ਪੈਸੇ ਜੋੜਦੇ ਰਹਿੰਦੇ।
ਕੁਦਰਤੀ ਨਜ਼ਾਰੇ ਉਸ ਨੂੰ ਚੰਗੇ ਲੱਗਦੇ, ਉਹਨਾਂ ਨਾਲ ਪਿਆਰ ਵੰਡਦਾ ਹੈ
ਨਦੀ, ਪਾਣੀ, ਬਿਰਛ ਤੇ ਪਰਿੰਦੇ ਸਭ ਕੁਦਰਤੀ ਨਜ਼ਾਰੇ।
ਸਾਥ ਸੋਹਣਾ ਪੁੱਗਾ ਰਹੇ ਜਾਪਦੇ ਨੇ ਸਭ ਧਿਰਾਂ ਦੇ।
ਸੰਸਾਰ ਵਿੱਚ ਮਹਾਂਮਾਰੀਆਂ ਤਹਿਲਕਾ ਮਚਾ ਦਿੰਦੀਆਂ ਹਨ। ਉਸ ਲਈ ਅਰਦਾਸ ਕਰਦਾ ਹੈ।
ਮਹਾਂਮਾਰੀ ਤੋਂ ਰੱਬ ਖੈਰ ਕਰੇ, ਲੋਕ ਅਰਜੋਈ ਕਰਦੇ ਕਮਲ,
ਇੱਕ ਵਾਰ ਤਾਂ ਕਰੋਨੇ ਨੇ ਦੁਨੀਆ ਤੇ ਤਹਿਲਕਾ ਮਚਾ ਦਿੱਤਾ॥
ਜਿਹੜੇ ਲੋਕ ਵਿਦੇਸ਼ਾਂ ਵਿੱਚ ਜਾ ਕੇ ਆਪਣਿਆਂ ਨੂੰ ਭੁੱਲ ਜਾਂਦੇ ਹਨ ਤੇ ਵਿਅੰਗ ਹੈ
ਜਦ ਪੰਜ ਦਸ ਸਾਲ ਬੀਤ ਜਾਂਦੇ ਨਵੀਂ ਧਰਤੀ 'ਤੇ ਕਮਲ
ਫਿਰ ਹੋਲੀ ਹੋਲੀ ਬੰਦਾ ਭੁੱਲ ਪੁਰਾਣੇ ਇਕਰਾਰ ਜਾਂਦਾ ਹੈ।
ਜਿਸ ਦੇਸ਼ ਵਿੱਚ ਉਹ ਵੱਸਦਾ ਹੈ। ਉਥੋਂ ਦੀ ਸਭਿਅਤਾ ਦਾ ਫਰਕ ਉਸ ਨੇ ਭਾਂਪ ਲਿਆ ਹੈ।
ਵੇਖਣੇ ਨੂੰ ਸਭ ਲੱਗਦੇ ਰਈਸਾਂ ਵਾਂਗ ਨੇ ਪਰ,
ਸਮੇਂ ਦੀ ਕੰਜੂਸੀ , ਸੇਵਾ ਨਾ ਹੁੰਦੀ ਮਹਿੰਮਤਨ ਦੀ

ਬੰਗਾ ਦੀ ਸ਼ਖਸ਼ੀਅਤ ਦਾ ਰੇਖਾ ਚਿੱਤਰ ਖਿੱਚਦੇ ਹਾਂ ਕਿ ਬੰਗਾ ਛੋਟੇ ਜਿਹੇ ਕੱਦ ਕਾਠ ਦੇ ਜੁੱਸੇ ਵਾਲਾ ਸ਼ਰਾਰਤੀ ਅੱਖ ਵਾਲਾ ਦੇਖਣ ਨੂੰ ਗੰਭੀਰ ਮੁਸਕਾਨ ਵਾਲਾ ਹੈ। ਮੂੰਹ ਤੇ ਸੱਚ ਕਹਿਣ ਵਾਲਾ, ਸੱਚ ਨਾਲ ਖੜਨ ਵਾਲਾ ਇਨਸਾਨ ਹੈ। ਯਾਰਾਂ ਦਾ ਯਾਰ, ਮਿਲਾਪੜਾ ਅਤੇ ਨਾਲ ਚੱਲਣ ਵਾਲਾ ਇਨਸਾਨ ਹੈ। ਸਭ ਨੂੰ ਸੰਬੋਧਨ ਕਰਕੇ ਇਕੱਠਾ ਕਰਦਾ ਹੈ।

ਆ ਨੇਰਿਆ ਵਿਚੋਂ ਬਾਹਰ ਬਣੋ ਰੌਸ਼ਨੀ ਦੇ ਹਾਣੀ
ਤੁਸੀਂ ਵੀ ਲਿਖ ਦਿਓ ਕੋਈ ਜੋਬਨ ਭਰੀ ਕਹਾਣੀ।
ਜਾਂ ਫਿਰ
ਇੱਕ ਪਰਿੰਦਾ ਵੀ ਭਰਦਾ, ਉਡਾਰੀ, ਜੋਸ਼ੀਲਾ ਖਿਆਲ ਕਰਕੇ
ਜਜ਼ਬਾ ਉਸ ਦਾ ਵੀ ਦਿਸਦਾ ਏ, ਉਸ ਦੇ ਪਰਾਂ ਕੋਲ।

ਪਹਿਲੀ ਨਜ਼ਰੇ ਹੀ ਸਾਬਤ ਹੋ ਜਾਂਦਾ ਹੈ ਕਿ ਕਿਸੇ ਕਰਾਰੀ ਚੋਟ ਨੂੰ ਕਹਿਣ ਦੀ ਹਿੰਮਤ ਰੱਖਦਾ ਹੈ। ਠੀਕ ਵਕਤ 'ਤੇ ਖੜ੍ਹੇ ਹੋਣ ਵਾਲੀ ਸ਼ਖ਼ਸੀਅਤ ਹੈ। ਫਿਰ ਚਾਹੇ ਉਹ ਮਹਿਫਲ ਸਟੇਜ ਜਾਂ ਕਲਮ। ਆਪਣੇ ਨਾਲ ਹੁੰਦੀ ਬੇਇਨਸਾਫ਼ੀ ਕਦੇ ਬਰਦਾਸ਼ਤ ਨਹੀਂ ਕਰਦਾ। ਸੱਚੀ ਗੱਲ ਕਹਿਣ ਅਤੇ ਸੱਚੀ ਧਿਰ ਨਾਲ ਖੜ੍ਹੌਨ ਲਈ ਉਹ ਰਾਵਣ ਨੂੰ ਵੀ ਮਾਰ ਸਕਦਾ ਹੈ। ਸਮੇਂ ਦੀ ਰਫ਼ਤਾਰ ਅਤੇ ਲੋੜ ਦੇ ਭ੍ਰਮਣ ਨੇ ਉਸ ਨੂੰ ਦਯਾਵਾਨ ਮਜ਼ਬੂਤ ਇਨਸਾਨ ਬਣਾਇਆ ਹੈ। ਉਸ ਦਾ ਸ਼ਿਅਰ ਹੈ

ਹਵਾ ਸਦਾ ਅਣਥੱਕ ਹੈ, ਰੁਕਦੀ ਨਾ ਕਦੇ ਵੀ
ਇਹ ਉਡਦੀ ਫਿਰਦੀ ਸਾਹਾਂ ਨੂੰ ਉਤਸ਼ਾਹ ਦੇਵੇ॥

ਉਸ ਨੇ ਜਿੰਦਗੀ ਵਿੱਚ ਜੋ ਵੀ ਕੰਮ ਕੀਤਾ, ਪੂਰੀ ਦ੍ਰਿੜ੍ਹਤਾ ਨਾਲ ਡਟ ਕੇ ਸਾਬਤ ਕਦਮੀਂ ਬਜ਼ਿਦ ਹੋ ਕੇ ਕੀਤਾ। ਇਸੇ ਕਰਕੇ ਉਹ ਲੰਬੇ ਸਮੇਂ ਤੋਂ ਸੰਮੇਲਨਾਂ, ਮਾਧਿਅਮਾਂ ਨਾਲ ਜੁੜਿਆ ਰਿਹਾ। ਉਸ ਨੂੰ ਆਪਣੇ ਟੱਬਰ ਦਾ ਭਰਪੂਰ ਸਾਥ ਮਿਲਿਆ ਹੈ। ਪੁਸਤਕਾਂ ਵਿੱਚ ਜੀਵਨ ਸਾਥਣ ਦੀ ਤਸਵੀਰ ਸਫਲ ਖੁਸ਼ਹਾਲ ਪ੍ਰਵਾਰ ਦੀ ਤਸਵੀਰ ਪੇਸ਼ ਕਰਦੀ ਹੈ। ਬੱਚਿਆਂ ਦੇ ਸਾਥ 'ਤੇ ਵੀ ਮਾਣ ਕਰਦਾ ਹੈ। ਸਮਕਾਲੀ ਵਿਚਾਰਕਾਂ ਦੇ ਨਾਉਂ ਦੇ ਕੇ ਆਪਣੇ ਸਾਹਿਤਕ ਭਾਈਚਾਰੇ ਦੀ ਲੰਬੀ ਸੂਚੀ ਪੇਸ਼ ਕੀਤੀ ਹੈ।

ਬਹੁਤੇ ਮਿੱਤਰਾਂ ਨਾਲੋਂ ਆਪਣੀ ਸੋਚ ਦੇ ਥੋੜੇ ਜਿਹੇ ਮਿੱਤਰ ਬਣਾਉਣਾ ਵੀ ਲੋਚਦਾ ਹੈ। ਉਸ ਦੇ ਮਿੱਤਰਾਂ ਵਿਚੋਂ ਮੈਂ ਵੀ 32 ਸਾਲ ਤੋਂ ਉਸ ਦਾ ਮਿੱਤਰ ਹਾਂ। ਇਹ ਉਹ ਮੰਨਦਾ ਵੀ ਹੈ। ਤੁਰ ਗਏ ਸਾਥੀਆਂ ਦੇ ਵਿਛੋੜੇ ਤੇ ਜਿਥੇ ਆਹ ਭਰਦਾ ਹੈ, ਉਥੇ ਉਹਨਾਂ ਦਾ ਵੱਡਾ ਘਾਟਾ ਵੀ ਮਹਿਸੂਸ ਕਰਦਾ ਹੈ ਅਤੇ ਉਹਨਾਂ ਨੂੰ ਸ਼ਰਧਾਂਜਲੀ ਦਿੰਦਿਆਂ ਆਪਣੀ ਲੇਖਣੀ ਵਿੱਚ ਯੋਗ ਥਾਂ ਵੀ ਦਿੱਤੀ ਹੈ।

ਅੰਤ ਵਿੱਚ ਉਸ ਦੇ ਕਾਵਿ ਰੰਗਾਂ ਨੂੰ ਰੰਗੀਨ ਸਲਾਮ ਹੈ। ਉਸ ਤੋਂ ਹਮੇਸ਼ਾ ਇਸੇ ਤਰ੍ਹਾਂ ਸਾਹਿਤ ਵਿੱਚ ਰੰਗ ਭਰਨ ਦੀ ਭਰਪੂਰ ਆਸ ਰਹੇਗੀ।


ਗੁਰੂ ਨਾਨਕ ਕਾਲਜ ਬੰਗਾ ਵਿਖੇ ਡਾ. ਸ਼ਵਿੰਦਰ ਸਿੰਘ ਛੀਨਾ, ਡਾ. ਰਜਨੀਸ਼ ਬਹਾਦਰ ਸਿੰਘ, ਬਲਬੀਰ ਪਰਵਾਨਾ, ਜਸ ਮੰਡ, ਡਾ. ਸੁਰਜੀਤ ਪਾਤਰ, ਕਮਲ ਬੰਗਾ ਤੇ ਜਸਵੰਤ ਜ਼ਫਰ


ਸਨਮਾਨ ਭੇਂਟ ਕਰਦੇ ਸਮੇਂ ਡਾ. ਮੋਹਨ ਤਿਆਗੀ, ਡਾ. ਗੁਰਨਾਇਬ ਸਿੰਘ, ਕਮਲ ਬੰਗਾ, ਡਾ. ਅੰਮ੍ਰਿਤਪਾਲ ਕੌਰ ਤੇ ਡਾ. ਪ੍ਰਮੀਤ ਕੌਰ ਪਟਿਆਲਾ।


ਗੁਰੂ ਨਾਨਕ ਕਾਲਜ ਫਾਰ ਵੋਮੈਨ ਬੰਗਾ ਵਿਖੇ ਕਮਲ ਬੰਗਾ ਅਤੇ ਪ੍ਰਿੰਸੀਪਲ ਕੰਵਲਜੀਤ ਕੌਰ


ਕਮਲ ਬੰਗਾ ਅਤੇ ਜੀਵਨ ਸਾਥਣ ਪਲਵਿੰਦਰ




# ਬੱਚਿਆਂ ਦਾ ਸਹੀ ਮਾਰਗ ਦਰਸ਼ਨ ਕਰਨ ਮਾਪੇ

## ਬੱਚਿਆਂ 'ਤੇ ਨਾ ਪਾਇਆ ਜਾਵੇ ਹਰ ਸਮੇਂ ਪੜ੍ਹਾਈ ਦਾ ਬੋਝ





ਬੱਚਿਆਂ ਨੂੰ ਦੇਸ਼ ਦਾ ਭਵਿੱਖ ਕਿਹਾ ਜਾਂਦਾ ਹੈ। ਇਸ ਲਈ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ ਪਰ ਜੇ ਅੱਜ ਦੇ ਬੱਚਿਆਂ ਵੱਲ ਵੇਖਿਆ ਜਾਵੇ ਤਾਂ ਇਹ ਗਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਬੱਚੇ ਹੁਣ ਕੰਪਿਊਟਰ ਤੇ ਮੋਬਾਇਲ 'ਤੇ ਜਿਆਦਾ ਨਿਰਭਰ ਹੋ ਗਏ ਹਨ, ਉਹ ਹੁਣ ਆਪਣੇ ਦਿਮਾਗ ਤੋਂ ਕੰਮ ਲੈਣ ਦੀ ਥਾਂ ਕੈਲੂਕਟਰ ਅਤੇ ਮੋਬਾਇਲ ਦੀ ਵਰਤੋ ਵਧੇਰੇ ਕਰਦੇ ਹਨ।

ਵੱਡੀ ਗਿਣਤੀ ਬੱਚੇ ਅਜੇ ਵੀ ਘਰਾਂ ਵਿੱਚ ਰਹਿਣ ਨੂੰ ਤਰਜੀਹ ਦਿੰਦੇ ਹਨ। ਉਹਨਾਂ ਦਾ ਦਿਨ ਸਵੇਰੇ ਸਕੂਲ ਜਾਣ ਤੇ ਦੁਪਹਿਰੇ ਵਾਪਸ ਘਰ ਆਉਣ ਤਕ ਸੀਮਿਤ ਹੁੰਦਾ ਜਾ ਰਿਹਾ ਹੈ। ਵੱਡੀ ਗਿਣਤੀ ਮਾਪੇ ਆਪਣੇ ਬੱਚਿਆਂ ਨੂੰ ਲਗਾਤਾਰ ਪੜ੍ਹਾਈ ਕਰਨ ਲਈ ਦਬਾਓ ਪਾਉਂਦੇ ਹਨ, ਜਿਸ ਦਾ ਕਈ ਵਾਰ ਬੱਚੇ ਤੇ ਗਲਤ ਅਸਰ ਵੀ ਹੁੰਦਾ ਹੈ ਅਤੇ ਪੜ੍ਹਾਈ ਵਿੱਚ ਉਹਨਾਂ ਦਾ ਧਿਆਨ ਨਹੀਂ ਲੱਗਦਾ। ਅਜਿਹੇ ਸਮੇਂ ਵਿੱਚ ਕਈ ਵਾਰ ਬੱਚਿਆਂ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ।

ਮਾਪੇ ਸੋਚਦੇ ਹਨ ਕਿ ਜੇ ਬਚਪਣ ਵਿੱਚ ਬੱਚਿਆਂ ਨੂੰ ਸਹੀ ਤਰੀਕੇ ਨਾਲ ਪੜਾਇਆ ਜਾਵੇ ਤਾਂ ਬੱਚਾ ਵੱਡਾ ਹੋ ਕੇ ਚੰਗਾ ਇਨਸਾਨ ਬਣਨ ਦੇ ਨਾਲ ਚੰਗੇ ਰੁਜ਼ਗਾਰ 'ਤੇ ਲਗ ਜਾਵੇਗਾ। ਇਸ ਤਰ੍ਹਾਂ ਬੱਚੇ ਦੀ ਜਿੰਦਗੀ ਬਣ ਜਾਵੇਗੀ ਪਰ ਮਾਪੇ ਭੁੱਲ ਜਾਂਦੇ ਹਨ ਕਿ ਬੱਚਿਆਂ ਉੱਪਰ ਕਦੇ ਵੀ ਮਾਪਿਆਂ ਨੂੰ ਆਪਣੇ ਫੈਸਲੇ ਥੋਪੇ ਨਹੀਂ ਜਾਣੇ ਚਾਹੀਦੇ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਰੁਚੀ ਅਨੁਸਾਰ ਉਹਨਾਂ ਦੀ ਪੜ੍ਹਾਈ ਕਰਵਾਉਣ। ਇਹ ਠੀਕ ਹੈ ਕਿ ਬੱਚਿਆਂ ਨੂੰ ਅਕਸਰ ਆਪਣੇ ਭਲੇ ਬੁਰੇ ਦੀ ਪਹਿਚਾਣ ਨਹੀਂ ਹੁੰਦੀ, ਇਸ ਲਈ ਮਾਪੇ ਸਹੀ ਤਰੀਕੇ ਨਾਲ ਬੱਚਿਆਂ ਦਾ ਮਾਰਗ ਦਰਸ਼ਨ ਕਰ ਸਕਦੇ ਹਨ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀਆਂ ਯੋਗਤਾਵਾਂ ਦੀ ਪਰਖ ਕਰਨ ਅਤੇ ਬੱਚਿਆਂ ਦੀਆਂ ਯੋਗਤਾਵਾਂ ਨੂੰ ਦਬਾਉਣ ਦੀ ਥਾਂ ਉਹਨਾਂ ਨੂੰ ਉਤਸ਼ਾਹਿਤ ਕਰਨ। ਜੇ ਕਿਸੇ ਬੱਚੇ ਦੀ ਪੇਂਟਿੰਗ ਵਿੱਚ ਰੁਚੀ ਹੈ ਤਾਂ ਉਸ ਨੂੰ ਪੇਂਟਿੰਗ ਦੀ ਟ੍ਰੇਨਿੰਗ ਦਿਵਾਈ ਜਾਣੀ ਚਾਹੀਦੀ ਹੈ। ਇਸੇ ਤਰਾਂ ਜੇ ਕਿਸੇ ਬੱਚੇ ਦੀ ਕਿਸੇ ਖੇਡ ਵਿੱਚ ਰੁਚੀ ਹੈ ਤਾਂ ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਉਸ ਖੇਡ ਵਿੱਚ ਮੁਹਾਰਤ ਦਿਵਾਉਣ।

ਕਈ ਮਾਪੇ ਸੋਚਦੇ ਹਨ ਕਿ ਖੇਡਾਂ ਵਿੱਚ ਹਿੱਸਾ ਲੈਣਾ ਵਿਹਲੇ ਬੱਚਿਆਂ ਦਾ ਕੰਮ ਹੈ ਅਤੇ ਖੇਡਾਂ ਵਿੱਚ ਹਿਸਾ ਲੈਣ ਕਰਕੇ ਬੱਚਾ ਪੜ੍ਹਾਈ ਵਿੱਚ ਪਿਛੜ ਸਕਦਾ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦਾ ਸਹੀ ਮਾਰਗ ਦਰਸ਼ਨ ਕਰਨ। ਸਾਰਾ ਦਿਨ ਖੇਡਾਂ ਵਿੱਚ ਬਤੀਤ ਕਰਨਾਂ ਵੀ ਬੱਚਿਆਂ ਲਈ ਠੀਕ ਨਹੀਂ ਹੈ, ਪਰ ਬੱਚਿਆਂ ਨੂੰ ਖੇਡਣ ਲਈ ਕੁਝ ਸਮਾਂ ਜਰੂਰ ਦੇਣਾਂ ਚਾਹੀਦਾ ਹੈ। ਇਸ ਲਈ ਇਕ ਟਾਇਮ ਟੇਬਲ ਬਣਾ ਲੈਣਾ ਚਾਹੀਦਾ ਹੈ ਅਤੇ ਖੇਡਾਂ ਦੇ ਸਮੇਂ ਬੱਚੇ ਦਾ ਧਿਆਨ ਸਿਰਫ਼ ਖੇਡਾਂ ਵੱਲ ਹੋਣਾਂ ਚਾਹੀਦਾ ਹੈ। ਖੇਡਾਂ ਵਿਚ ਹਿਸਾ ਲੈਣ ਵਾਲੇ ਬੱਚੇ ਤੰਦਰੁਸਤ ਰਹਿੰਦੇ ਹਨ ਅਤੇ ਉਹ ਬਿਮਾਰ ਘੱਟ ਹੁੰਦੇ ਹਨ। ਇਸਦੇ ਨਾਲ ਹੀ ਉਹਨਾਂ ਦਾ ਸਰੀਰਕ ਵਿਕਾਸ ਵੀ ਸਹੀ ਤਰੀਕਿਆਂ ਨਾਲ ਹੁੰਦਾ ਹੈ। ਖੇਡਾਂ ਵਿੱਚ ਹਿਸਾ ਲੈਣ ਵਾਲੇ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਲਈ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਕੁਝ ਸਮਾਂ ਖੇਡਣ ਲਈ ਵੀ ਦੇਣਾਂ ਚਾਹੀਦਾ ਹੈ।

ਬੱਚਿਆਂ ਦੀ ਪੜ੍ਹਾਈ ਲਈ ਘਰ ਦਾ ਵਾਤਾਵਰਣ ਸ਼ਾਂਤੀ ਭਰਿਆ ਹੋਣਾ ਚਾਹੀਦਾ ਹੈ ਕਿਉਂਕਿ ਜੇ ਘਰਾਂ ਵਿੱਚ ਕਲੇਸ਼ ਹੋਵੇਗਾ ਤਾਂ ਇਸ ਦਾ ਅਸਰ ਬੱਚਿਆਂ ਦੀ ਪੜ੍ਹਾਈ 'ਤੇ ਵੀ ਪਵੇਗਾ। ਇਸ ਲਈ ਬੱਚਿਆਂ ਨੂੰ

ਪੜ੍ਹਾਈ ਵਿੱਚ ਜਿਆਦਾ ਧਿਆਨ ਦੇਣ ਦੀ ਲੋੜ ਹੈ। ਬੱਚਿਆਂ ਦੀ ਕਾਪੀਆਂ, ਕਿਤਾਬਾਂ ਅਤੇ ਯੂਨੀਫਾਰਮ ਦੀ ਮਹਿੰਗਾਈ ਦਾ ਰੋਣਾਂ ਬੱਚਿਆਂ ਸਾਹਮਣ ਨਹੀਂ ਰੋਣਾਂ ਚਾਹੀਦਾ ਕਿਉਂਕਿ ਇਸਦਾ ਬੱਚਿਆਂ ਉਪਰ ਨਾਂਹ ਪੱਖੀ ਪ੍ਰਭਾਵ ਪੈਂਦਾ ਹੈ।

ਅਕਸਰ ਬੱਚੇ ਅਨਭੋਲ ਹੁੰਦੇ ਹਨ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਹੀ ਗਲਤ ਦੀ ਵੀ ਜਾਣਕਾਰੀ ਦੇਣ। ਕਈ ਵਾਰ ਵੇਖਿਆ ਜਾਂਦਾ ਹੈ ਕਿ ਅਨੇਕਾਂ ਗੁਪਤ ਦੁਸ਼ਮਣ ਜਾਂ ਸਮਾਜ ਵਿਰੋਧੀ ਅਨਸਰ ਬੱਚਿਆਂ ਨਾਲ ਪਹਿਲਾਂ ਮਿੱਠੀਆਂ ਗੱਲ੍ਹਾਂ ਕਰਕੇ ਦੋਸਤੀ ਕਰਦੇ ਹਨ ਤੇ ਬੱਚਿਆਂ ਦਾ ਭਰੋਸਾ ਜਿੱਤਦੇ ਹਨ , ਫਿਰ ਬੱਚੇ ਨਾਲ ਗਲਤ ਹਰਕਤਾਂ ਕਰਦੇ ਹਨ। ਇਸ ਲਈ ਹਰ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਨਿਗਰਾਨੀ ਜਰੂਰ ਕਰਨ। ਜੇ ਬੱਚੇ ਦੇ ਵਿਵਹਾਰ ਵਿੱਚ ਬਦਲਾਓ ਆਉਂਦਾ ਹੈ ਤਾਂ ਬੱਚੇ ਨਾਲ ਪਿਆਰ ਨਾਲ ਗਲਬਾਤ ਕਰਕੇ ਅਸਲੀਅਤ ਦਾ ਪਤਾ ਲਗਾਉਣਾ ਚਾਹੀਦਾ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨਾਲ ਪਿਆਰ ਨਾਲ ਪੇਸ਼ ਆਉਣ। ਜਦੋਂ ਬੱਚਾ ਕੋਈ ਗਲਤੀ ਕਰਦਾ ਹੈ, ਤਾਂ ਉਸ ਨੂੰ ਝਿੜਕਣ ਦੇ ਨਾਲ ਪਿਆਰ ਨਾਲ ਵੀ ਸਮਝਾਉਣਾ ਚਾਹੀਦਾ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪਰਵਰਿਸ਼ ਸਹੀ ਤਰੀਕੇ ਨਾਲ ਕਰਨੀ ਚਾਹੀਦੀ ਹੈ ਤੇ ਉਨਾਂ ਦੀਆਂ ਜਰੂਰਤਾਂ ਅਤੇ ਲੋੜਾਂ ਦਾ ਵਿਸ਼ੇਸ਼ ਧਿਆਨ ਰਖਣਾ ਚਾਹੀਦਾ ਹੈ। ਬੱਚੇ ਅਨਭੋਲ ਹੁੰਦੇ ਹਨ, ਇਸ ਕਰਕੇ ਉਹਨਾਂ ਸਾਹਮਣੇ ਕਿਸੇ ਰਿਸ਼ਤੇਦਾਰ ਜਾਂ ਗੁਆਂਢ ਬਾਰੇ ਮੰਦੀ ਚੰਗੀ ਗੱਲ ਨਹੀਂ ਕਰਨੀ ਚਾਹੀਦੀ ਕਿਉਂਕਿ ਬੱਚੇ ਕਈ ਵਾਰ ਭੋਲੇਪਣ ਵਿੱਚ ਉਹੀ ਗੱਲ ਰਿਸ਼ਤੇਦਾਰ ਜਾਂ ਗੁਆਂਢੀ ਸਾਹਮਣੇ ਕਰ ਸਕਦੇ ਹਨ।

ਵੇਖਣ ਵਿੱਚ ਆਇਆ ਹੈ ਕਿ ਪੜ੍ਹਾਈ ਦੇ ਬੋਝ ਕਾਰਨ ਅਕਸਰ ਬਚੇ ਤਨਾਓ ਵਿੱਚ ਆ ਜਾਂਦੇ ਹਨ। ਇਸ ਲਈ ਬੱਚਿਆਂ ਨੂੰ ਸਹੀ ਸਮੇਂ 'ਤੇ ਸਮਝਾਉਣਾ ਚਾਹੀਦਾ ਹੈ। ਬੱਚਿਆਂ ਨੂੰ ਇਸ ਗੱਲ ਦਾ ਅਹਿਸਾਸ ਜਰੂਰ ਕਰਵਾਉਣਾ ਚਾਹੀਦਾ ਹੈ ਕਿ ਪੜ੍ਹਾਈ ਬੱਚਿਆਂ ਲਈ ਬਹੁਤ ਜਰੂਰੀ ਹੈ। ਇਸਦੇ ਨਾਲ ਹੀ ਬੱਚਿਆਂ ਨੂੰ ਇਹ ਵੀ ਸਮਝਾਉਣਾ ਚਾਹੀਦਾ ਹੈ ਕਿ ਜੇ ਉਹ ਬਚਪਣ ਵਿੱਚ ਮਿਹਨਤ ਕਰਨਗੇ ਤਾਂ ਵੱਡੇ ਹੋ ਕੇ ਆਰਾਮਮਈ ਜੀਵਨ ਬਤੀਤ ਕਰਨਗੇ ਜੇ ਬਚਪਣ ਵਿੱਚ ਉਹ ਪੜ੍ਹਾਈ ਵੱਲ ਧਿਆਨ ਨਹੀਂ ਦੇਣਗੇ ਤਾਂ ਫਿਰ ਜਵਾਨੀ ਅਤੇ ਬੁਢਾਪੇ ਵਿੱਚ ਉਹਨਾਂ ਨੂੰ ਸਖ਼ਤ ਮਿਹਨਤ ਕਰਨੀ ਪਵੇਗੀ।

ਬੱਚਿਆਂ ਨੂੰ ਜਿੰਦਗੀ ਵਿਚ ਸਫਲ ਹੋਏ ਲੋਕਾਂ ਦੀਆਂ ਕਹਾਣੀਆਂ ਦਸਣੀਆਂ ਚਾਹੀਦੀਆ ਹਨ ਤਾਂ ਕਿ ਬੱਚੇ ਉਹਨਾਂ ਤੋਂ ਸੇਧ ਲੈ ਕੇ ਆਪਣੀ ਜਿੰਦਗੀ ਨੂੰ ਸੰਵਾਰਨ।

(ਬਾਕੀ ਸਫ਼ਾ 31 'ਤੇ)

# ਵਿਗਿਆਨ ਦੇ ਵਿਸ਼ੇ ਵੱਲ ਵਿਸ਼ੇਸ਼ ਧਿਆਨ ਦੇਣ ਬੱਚੇ

ਮਨਪ੍ਰੀਤ ਕੌਰ



ਭਾਰਤੀ ਸਿੱਖਿਆ ਪ੍ਰਣਾਲੀ ਦੀ ਸਭ ਤੋਂ ਵੱਡੀ ਕਮੀ ਹੈ ਕਿ ਇਸ 'ਚ ਜੋ ਵੱਧ ਯਾਦ ਰੱਖ ਸਕਦਾ ਹੈ, ਵੱਧ ਅੰਕ ਲੈਂਦਾ ਹੈ। ਸਾਡੇ ਵਿਦਿਆਰਥੀ ਇਸੇ ਵਿੱਚ ਉਲਝੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਤਾਂ ਵਿਸ਼ਾ-ਵਸਤੂ ਯਾਦ ਹੀ ਨਹੀਂ ਰਹਿੰਦੇ। ਖ਼ਾਸ ਤੌਰ 'ਤੇ ਜਦੋਂ ਬੱਚਿਆਂ ਦੇ ਪੇਪਰ ਨੇੜੇ ਆਉਂਦੇ ਹਨ, ਉਨ੍ਹਾਂ ਦਾ ਤਣਾਅ ਹੋਰ ਵੱਧ ਜਾਂਦਾ ਹੈ। ਜ਼ਰੂਰੀ ਨਹੀਂ ਕਿ ਹਰ ਵਿਦਿਆਰਥੀ ਜੋ ਪਾਠ ਚੰਗੀ ਤਰ੍ਹਾਂ ਸਮਝ ਚੁੱਕਿਆ ਹੈ, ਲਿਖਣ ਸਮੇਂ ਵਧੀਆ ਤਰੀਕੇ ਨਾਲ ਸ਼ਬਦਾਂ ਨੂੰ ਉਲੀਕ ਸਕੇ। ਅਕਸਰ ਲਿਖਣ ਸਮੇਂ ਵਿਗਿਆਨਕ ਸ਼ਬਦ ਯਾਦ ਹੀ ਨਹੀਂ ਕਰ ਪਾਉਂਦੇ।

**ਪਹਿਲਾਂ ਜ਼ਰੂਰੀ ਹੈ ਪਾਠ ਨੂੰ ਸਮਝ ਲੈਣਾ** : ਸਿੱਧਾ ਰਟ ਕੇ ਯਾਦ ਕੀਤਾ ਪਾਠ ਜਾਣਕਾਰੀ ਨਹੀਂ ਮੰਨਿਆ ਜਾ ਸਕਦਾ। ਤੁਸੀਂ ਚੰਗੀ ਤਰ੍ਹਾਂ ਪਾਠ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਕਦੇ ਵੀ ਵਾਰ-ਵਾਰ ਅਧਿਆਪਕ ਤੋਂ ਪੁੱਛਣ ਤੋਂ ਸੰਗ ਨਾ ਮੰਨੋ।

**ਮੁੱਖ ਨੁਕਤੇ ਕਿਤਾਬ 'ਚ ਰੇਖਾਂਕਿਤ ਕਰੋ**: ਵਿਗਿਆਨ ਦੀ ਕਿਤਾਬ ਨੂੰ ਕਹਾਣੀਆਂ ਦੀ ਕਿਤਾਬ ਵਾਂਗ ਪੜ੍ਹੋ। ਪੜ੍ਹਦੇ ਸਮੇਂ ਜੋ ਵੀ ਜਾਣਕਾਰੀ ਜ਼ਰੂਰੀ ਹੈ, ਹੇਠਾਂ ਰੇਖਾ ਲਗਾਉਂਦੇ ਜਾਓ।

**ਚਿੱਤਰ ਬਣਾ ਕੇ**: ਵਿਗਿਆਨ ਦੀ ਕਾਫ਼ੀ ਸਮਝ ਚਿੱਤਰਾਂ ਰਾਹੀਂ ਦਰਸਾਈ ਜਾਂਦੀ ਹੈ। ਡਾਇਗ੍ਰਾਮ ਆਧਾਰਿਤ ਸਿੱਖਿਆ ਗਿਆ ਉੱਤਰ ਹਮੇਸ਼ਾ ਲਈ ਇਨ-ਬਿਨ ਦਿਮਾਗ਼ 'ਚ ਛਪ ਜਾਂਦਾ ਹੈ।

**ਕਾਪੀ 'ਤੇ ਨੋਟਸ ਜ਼ਰੂਰ ਲਿਖੋ** : ਜਿਸ ਤਰ੍ਹਾਂ ਤੁਸੀਂ ਕਿਤਾਬ 'ਤੇ ਮੁੱਖ ਨੁਕਤੇ ਰੇਖਾਂਕਿਤ ਕੀਤੇ ਹਨ, ਇਨ੍ਹਾਂ ਨੂੰ ਆਪਣੀਆਂ ਕਾਪੀਆਂ 'ਤੇ ਜ਼ਰੂਰ ਲਿਖੋ। ਫਲੋਅ ਚਾਰਟ ਬਣਾ ਕੇ ਲਿਖੇ ਗਏ ਨੋਟਸ ਅਸੀਂ ਪੈਰ੍ਹਾ ਪੜ੍ਹਨ ਨਾਲੋਂ ਆਸਾਨੀ ਨਾਲ ਯਾਦ ਰੱਖ ਸਕਦੇ ਹਾਂ।

**ਦੁਹਰਾਈ**: ਬਣਾਏ ਗਏ ਨੋਟਸ ਨੂੰ ਮੁੜ ਵਾਰ-ਵਾਰ ਦੁਹਰਾਇਆ ਜਾਵੇ, ਰੱਟਾ ਨਹੀਂ ਲਗਾਉਣਾ, ਬਸ ਮਨ ਲਗਾ ਕੇ ਪੜ੍ਹਨਾ ਹੀ ਤੁਹਾਨੂੰ ਵਿਗਿਆਨ ਦੇ ਨੇੜੇ ਲਿਜਾ ਸਕਦਾ ਹੈ। ਜਿੰਨਾ ਹੋ ਸਕੇ, ਮੁੜ-ਮੁੜ ਲਿਖ ਕੇ ਫਲੋਅ ਚਾਰਟ ਆਦਿ ਦੀ ਸਹਾਇਤਾ ਨਾਲ ਆਸਾਨੀ ਨਾਲ ਤੁਹਾਡੇ ਮਨ ਵਿਚ ਉਕਰ ਜਾਵੇਗਾ। ਯਾਦ ਰੱਖੋ ਕਿ ਵਿਗਿਆਨ ਸਮਝ ਆਧਾਰਿਤ ਵਿਸ਼ਾ ਹੈ, ਸਮਝਣ ਨਾਲ ਰੋਚਕ ਲੱਗੇਗਾ ਤੇ ਰੱਟਾ ਲਗਾਉਣ ਨਾਲ ਸਜ਼ਾ ਬਣ ਜਾਵੇਗਾ।



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's Roady's

## FUEL CARDS
NO CREDIT - NO PROBLEM
BEST CUSTOMER SERVICE
QUIKQ WEX




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

# ਪ੍ਰੇਮ ਪੂੰਗਰਾ



ਗੁਰਬਖ਼ਸ਼ ਸਿੰਘ ਪ੍ਰੀਤਲੜੀ

ਇੱਕ ਮੋਟਰ ਕਿਸ਼ਤੀ ਇੱਕ ਪਿੰਡ ਦੇ ਲਾਗਿਓਂ ਦਰਿਆ ਉਤੇ ਤਰਦੀ ਜਾ ਰਹੀ ਸੀ ਤੇ ਕੰਢੇ ਉਤੇ ਕਈ ਆਦਮੀ ਜ਼ਨਾਨੀਆਂ ਮੁੰਡੇ ਕੁੜੀਆਂ ਉਸ ਨੂੰ ਵੇਖ ਰਹੇ ਸਨ ।

ਇਹ ਬੇੜੀ ਰੋਜ਼ ਏਸੇ ਵੇਲੇ ਏਥੋਂ ਲੰਘਦੀ ਏ, ਇੱਕ ਆਦਮੀ ਨੇ ਆਪਣੇ ਪ੍ਰਾਹੁਣੇ ਨੂੰ ਦਸਿਆ ।

ਕਦੇ ਏਥੇ ਖਲੋਤੀ ਨਹੀਂ ? ਪ੍ਰਾਹੁਣੇ ਨੇ ਪੁਛਿਆ ।

ਕਈ ਵਾਰੀ-ਪਹਿਲਿਆਂ ਵਿੱਚ ਰੋਜ਼ ਖਲੋਂਦੀ ਹੁੰਦੀ ਸੀ, ਤੇ ਇਹਦਾ ਮਾਲਕ ਕਿੰਨਾਂ ਕਿੰਨਾਂ ਚਿਰ ਸਾਡੇ ਨਾਲ ਗੱਲਾਂ ਕਰਦਾ ਰਹਿੰਦਾ ਸੀ-ਤਿੰਨਾਂ ਵਰ੍ਹਿਆਂ ਤੋਂ ਇਹ ਬੇ-ਨਾਗਾ ਆਉਂਦਾ ਹੈ ਸਾਡੇ ਪਿੰਡ ਵਿੱ ਕਈ ਗ਼ਰੀਬ ਮੁੰਡਿਆਂ ਦੀਆਂ ਫ਼ੀਸਾਂ ਇਹ ਦੇਂਦਾ ਹੈ, ਕਈ ਬੁਢੀਆਂ ਇਸਤੀਆਂ ਦੀਆਂ ਪੈਨਸ਼ਨਾਂ ਏਸ ਲਾਈਆਂ ਹੋਈਆਂ ਨੇ ।

ਤਾਂ ਤੇ ਇਹ ਕੋਈ ਬੜਾ ਪਰਉਪਕਾਰੀ ਜੀਉੜਾ ਹੋਵੇਗਾ ?

ਸਮਝਿਆ ਤੇ ਇਹੋ ਜਾਂਦਾ ਸੀ, ਪਰ ਕੁਝ ਚਿਰ ਤੋਂ ਇਹਦੀ ਬਾਬਤ ਬੜੇ ਭੈੜੇ ਅੜੇ ਉਡ ਰਹੇ ਨੇ ।ਏਸ ਦੀ ਆਪਣੀ ਬਰਾਦਰੀ ਦੇ ਲੋਕ ਸਾਡੇ ਪਿੰਡ ਵਿੱਚ ਆ ਆ ਕੇ ਇਹਦੀ ਬਦਖੋਈ ਕਰ ਜਾਂਦੇ ਨੇ।

ਏਨੇ ਨੂੰ ਬੇੜੀ ਫਫ ਫਫ ਕਰ ਦੀ ਚੋਖੀ ਦੂਰ ਲੰਘ ਗਈ ।ਦੂਜੇ ਪਿੰਡ ਦੇ ਕੋਲ ਜਾ ਖਲੋਤੀ । ਕਈ ਆਦਮੀ ਉਸ ਦੇ ਨੇੜੇ ਆ ਜਮ੍ਹਾ ਹੋਏ ।ਕਈਆਂ ਨੂੰ ਉਸ ਨੇ ਆਪਣੇ ਬੂਟਿਆਂ ਦੀਆਂ ਗਾਚੀਆਂ ਕਢ ਕੇ ਫੜਾਈਆਂ, ਉਹਨਾਂ ਬਾਬਤ ਕੁਝ ਸਿਖਿਆ ਦੇ ਕੇ ਉਹ ਫੇਰ ਅਗਾਂਹ ਤੁਰ ਪਿਆ ।

ਤਿੰਨਾਂ ਵਰ੍ਹਿਆਂ ਤੋਂ ਰੋਜ਼ਾਨਾ ਸ਼ਾਮ ਵੇਲੇ ਉਹ ਇਸ ਕਿਸ਼ਤੀ ਵਿੱਚ ਬਹਿਕੇ ਦਰਿਆ ਦੇ ਕੰਢੇ ਦੇ ਕਈ ਪਿੰਡਾਂ ਵਿੱਚ ਜਾਂਦਾ ਹੈ ।ਪਹਿਲੇ ਵਰ੍ਹੇ 'ਤੇ ਇਹ ਕਈ ਤਰ੍ਹਾਂ ਦੀਆਂ ਸੁਗਾਤਾਂ ਤੇ ਖਿਡਾਉਣੇ ਵੰਡਿਆ ਕਰਦਾ ਸੀ । ਜੀ ਜੀ ਇਸ ਦਾ ਆਸ਼ਕ ਹੋ ਗਿਆ ਸੀ । ਉਸ ਨੇ ਵੇਖ ਲਿਆ ਸੀ, ਕਿ ਲੋਕ ਇਹਨਾਂ ਸੁਗਾਤਾਂ ਦਾ ਇਸਤੇਮਾਲ ਠੀਕ ਨਹੀਂ ਸਨ ਕਰਦੇ ਤੇ ਕੋਈ ਵੀ ਇਹਨਾਂ ਸੁਗਾਤਾਂ ਨਾਲ ਉਚਾ ਨਹੀਂ ਸੀ ਹੋਇਆ।

ਸੁਗਾਤਾਂ ਜਾਂ ਮਾਇਆ ਦੇਣਾ ਹੁਣ ਉਸ ਬੰਦ ਕਰ ਦਿਤਾ ਸੀ । ਉਸਦਾ ਵਰਤਮਾਨ ਤਰੀਕਾ ਇਹ ਸੀ ਕਿ ਆਪਣੇ ਬਾਗ ਵਿਚੋਂ ਚੰਗੇ ਚੰਗੇ ਬੂਟਿਆਂ ਦੀਆਂ ਗਾਚੀਆਂ ਤੇ ਕਲਮਾਂ ਉਹ ਬੇੜੀ ਵਿੱਚ ਧਰ ਲਿਜਾਂਦਾ ਸੀ ਤੇ ਪਿੰਡਾਂ ਵਿਚ ਨੌਜਵਾਨਾਂ ਨੂੰ ਆਪਣੇ ਘਰਾਂ ਅਗੇ ਜਾਂ ਖੇਤਾਂ ਵਿੱਚ ਲਾਣ ਲਈ ਪ੍ਰੇਰਦਾ ਸੀ । ਖਾਦ ਰੂੜੀ, ਹਥਿਆਰਾਂ ਲਈ ਮਾਇਆ ਵੀ ਦੇਂਦਾ ਸੀ ਤੇ ਕਦੇ ਕਦੇ ਆਪਣੇ ਮਾਲੀ ਨੂੰ ਨਾਲ ਲਿਆ ਕੇ ਉਹਨਾਂ ਦੀ ਦੇਖ ਭਾਲ ਵੀ ਕਰਾਂਦਾ ਸੀ । ਪਰ ਇਹ ਜ਼ਰੂਰੀ ਸੀ ਕਿ ਹੁਣ ਉਸ ਦਾ ਸੰਬੰਧ ਜਣੇ ਖਣੇ ਨਾਲੋਂ ਹਟ ਕੇ ਸਿਰਫ਼ ਮਿਹਨਤੀ ਨੌਜਵਾਨਾਂ ਨਾਲ ਰਹਿ ਗਿਆ ਸੀ।

ਮਿਹਨਤ ਕਰਨ ਵਾਲੇ ਲੋਕ ਬਹੁਤ ਨਹੀਂ ਹੁੰਦੇ, ਖਾਸ ਕਰ ਸਾਡੇ ਦੇਸ਼ ਵਿੱਚ, ਜਿਥੇ ਵਿਹਲੜਾਂ ਨੂੰ ਅਲਾਹ-ਲੋਕ (ਪ੍ਰਮੇਸ਼ਵਰ-ਪਹੁਤੇ) ਦਾ ਸਤਕਾਰ ਝਟ ਮਿਲ ਜਾਂਦਾ ਹੈ ।ਬੇੜੀ ਵਾਲੇ ਦੇ ਤਰ੍ਹਾਂ ਦਾ ਦਾਇਰਾ ਦਿਨੋ ਦਿਨ ਘਟਦਾ ਜਾ ਰਿਹਾ ਸੀ । ਹੁਣ ਲੋਕ ਉਸ ਨੂੰ ਪਹਿਲਾਂ ਵਾਂਗ ਸਖੀ ਨਹੀਂ ਸਨ ਸਮਝਦੇ । ਸਗੋਂ ਕਈਆਂ ਦੇ ਦਿਲਾਂ ਵਿੱਚ ਅਨੋਖੇ ਜਿਹੇ ਸ਼ੰਕੇ ਪੈਦਾ ਹੋ ਰਹੇ ਸਨ ।

ਤੇ ਇਹਨਾਂ ਸ਼ੰਕਿਆਂ ਨੂੰ ਉਸ ਦੀ ਆਪਣੀ ਬਰਾਦਰੀ ਤੇ ਉਸ ਦੇ ਆਪਣੇ ਕਸਬੇ ਦੇ ਲੋਕ ਪੱਕਿਆਂ ਕਰਨ ਦੀ ਉਚੇਚੇ ਕੋਸ਼ਿਸ਼ ਕਰ ਰਹੇ ਸਨ ।

ਇਹ ਜਿਸ ਕਸਬੇ ਵਿੱਚ ਰਹਿੰਦੇ ਸੀ, ਉਸ ਨੂੰ ਉਚੇਰੇ ਤਬਕੇ ਦੇ ਕਈ ਇੱਕ ਅਮੀਰ ਤੇ ਸਭਯ ਲੋਕਾਂ ਨੇ ਇਸੇ ਦਰਿਆ ਦੇ ਕੰਢੇ ਵਸਾਇਆ ਸੀ । ਇਨ੍ਹਾਂ ਸਾਰੇ ਲੋਕਾਂ ਦੀ ਰਹਿਣੀ ਬਹਿਣੀ, ਬੜੀ ਸਾਫ਼ ਤੇ ਸੁਹਣੀ ਸੀ, ਪਰ ਬੇੜੀ ਵਾਲੇ ਦੇ ਘਰ ਦੀ ਸ਼ੋਭਾ ਕੁਝ ਵਿਸ਼ੇਸ਼ ਸੀ, ਵਿਸ਼ੇਸਤਾ ਅਮੀਰੀ ਕਰਕੇ ਨਹੀਂ ਸੀ ਕਿਉਂਕਿ ਅਮੀਰ ਤੇ ਇਹਨਾਂ ਨਾਲੋਂ ਉਸ ਕਸਬੇ ਵਿੱਚ ਬਹੁਤ ਸਨ।ਤਾਂ ਵੀ ਇਹਨਾਂ ਦੀ ਕੋਠੀ ਤੇ ਬਾਗ਼ ਸਾਰੇ ਕਸਬੇ ਵਿੱਚ ਸਲਾਹੇ ਜਾਂਦੇ ਸਨ ਤੇ ਇਹਨਾਂ ਦੀਆਂ ਸ਼ਖਸੀਅਤਾਂ ਨੂੰ ਵੀ ਅਜ਼ੀਜ਼ ਸਮਝਿਆ ਜਾਂਦਾ ਸੀ ।

ਇਸ ਪਰਵਾਰ ਦੇ ਮੋਢੀ ਨੂੰ ਪਹਿਲਾਂ ਤੇ ਕੋਈ ਪ੍ਰੇਮ ਪੂੰਗਰਾ ਆਖਿਆ ਕਰਦਾ ਸੀ, ਪਰ ਸਮਾਂ ਪਾ ਕੇ ਉਸਦਾ ਅਸਲੀ ਨਾਮ ਬਹੁਤਿਆਂ ਨੂੰ ਭੁਲ ਹੀ ਗਿਆ । ਤੇ ਉਹ ਪ੍ਰੇਮ-ਪੂੰਗਰਾ ਦੇ ਨਾਮ ਤੋਂ ਹੀ ਸੱਦਿਆ ਬੁਲਾਇਆ ਜਾਣ ਲਗ ਪਿਆ ! ਉਹ ਕਦੇ ਕਿਸੇ ਨਾਲ ਝਗੜਿਆ ਨਹੀਂ ਸੀ, ਉਸ ਕਦੇ ਕਿਸੇ ਨਾਲ ਗੁੱਸੇ ਦਾ ਸ਼ਬਦ ਨਹੀਂ ਸੀ ਵਰਤਿਆ । ਕਿਸੇ ਨੇ ਉਸਨੂੰ ਉਸ ਦੇ ਆਪਣੇ ਘਰ ਵਿੱਚ ਵੀ ਗੁਸੇ ਨਾਲ ਉਚੀ ਬੋਲਦਿਆਂ ਨਹੀਂ ਸੀ ਸੁਣਿਆ। ਉਸ ਦੇ ਨੌਕਰ ਸਵੇਰੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਦਾ ਮੂੰਹ ਵੇਖਣਾ ਚੰਗਾ ਸਮਝਿਆ ਕਰਦੇ ਸਨ, ਕਿਉਂਕਿ ਉਹ ਸਵੇਰ ਸਾਰ ਹਰੇਕ ਮਿਲਣ ਵਾਲੇ ਨੂੰ ਇੱਕ ਅਜਿਹੀ ਸ਼ੁਭ-ਇਛਿਆ ਭਰੀ ਮੁਸ਼ਕਾਹਟ ਦਿਆ ਕਰਦਾ ਸੀ, ਜਿਸ ਦੀ ਯਾਦ ਸਾਰਾ ਦਿਨ ਮਨ ਵਿੱਚ ਰਹਿੰਦੀ ਤੇ ਕਈ ਕੰਮਾਂ ਨੂੰ ਸੁਖਾਲਿਆਂ ਕਰਦੀ ਸੀ ।

ਪ੍ਰੇਮ-ਪੂੰਗਰੇ ਨੂੰ ਦਰਿਆ ਦੀ ਸੈਰ ਦਾ ਬੜਾ ਸ਼ੌਕ ਸੀ । ਇਸ ਲਈ ਇਸ ਨੇ ਇਕ ਛੋਟੀ ਜਿਹੀ ਮੋਟਰ-ਕਿਸ਼ਤੀ ਲਈ। ਪਹਿਲੋਂ ਤੇ ਇਹ ਬਹੁਤ ਦੂਰ ਨਹੀਂ ਸੀ ਜਾਇਆ ਕਰਦਾ,ਪਰ ਜਿਉਂ ਜਿਉਂ ਇਲਾਕੇ ਦੀ ਵਾਕਫ਼ੀਅਤ ਵਧਦੀ ਗਈ, ਇਹ ਦੂਰ ਦੂਰ ਚਲਾ ਜਾਇਆ ਕਰਦਾ ਸੀ ਤੇ ਕੰਢੇ ਕੰਢੇ ਦੇ ਪਿੰਡਾਂ ਵਿੱਚ ਖੁਲ੍ਹੇ ਦਿਲ ਸੁਗਾਤਾਂ ਵੰਡਣ ਕਰਕੇ ਇਸ ਨਾਲ ਲੋਕਾਂ ਦਾ ਪਿਆਰ ਵੀ ਹੋ ਗਿਆ ਸੀ ।

ਪਰ ਜਿਉਂ ਜਿਉ ਇਹਨਾਂ ਪੇਂਡੂ ਲੋਕਾਂ ਨਾਲ ਇਸ ਦਾ ਪਿਆਰ ਵਧਦਾ ਗਿਆ, ਤਿਉਂ ਤਿਉਂ ਇਸਦੀ ਆਪਣੇ ਤਬਕੇ ਨਾਲ ਦਿਲਚਸਪੀ ਘਟਦੀ ਗਈ । ਏਥੋਂ ਤਕ ਕਿ ਇਸੇ ਦਾ ਗਿਣਤੀ ਦੇ ਘਰਾਂ ਨਾਲ ਮੇਲ ਮਿਲਾਪ ਰਹਿ ਗਿਆ ਸੀ। ਵਿਆਹਾਂ ਸ਼ਾਦੀਆਂ ਤੇ ਰਸਮੀ ਮਾਤਮ ਪੁਰਸੀਆਂ ਉਤੇ ਜਾਣਾ ਵੀ ਇਸ ਨੇ ਛਡ ਦਿਤਾ, ਜਿਸ ਕਰਕੇ ਆਪਣੀ ਬਰਾਦਰੀ ਨਾਲੋਂ ਇਸ ਦਾ ਨਖੇੜਾ ਦਿਨੋ ਦਿਨ ਮੁਕੰਮਲ ਹੁੰਦਾ ਜਾ ਰਿਹਾ ਸੀ।

ਪ੍ਰੇਮ-ਪੂੰਗਰੇ ਵਿੱਚ ਆਈ ਇਸ ਤਬਦੀਲੀ ਨੇ ਉਸ ਨੂੰ ਆਪਣੇ ਤਬਕੇ ਵਿੱਚ ਸ਼ਕੀਆ ਬਣਾ ਦਿਤਾ । ਕੋਈ ਕਹਿੰਦਾ ਸੀ ਕਿ ਇਸ ਦਾ ਦਿਮਾਗ ਫਿਰ ਗਿਆ ਹੈ ਕੋਈ ਕਹਿੰਦਾ ਸੀ ਕਿ ਇਹ ਬੋਲਸ਼ੇਵਿਕ ਹੋ ਗਿਆ ਹੈ, ਕੋਈ ਕਹਿੰਦਾ ਸੀ ਕਿ ਉਸ ਦਾ ਚਾਲ ਚਲਨ ਖ਼ਰਾਬ ਹੋ ਗਿਆ ਹੈ, ਜਿਸ ਕਰਕੇ ਉਹ ਪਿੰਡਾਂ ਦੀਆਂ ਇਸਤ੍ਰੀਆਂ ਜਾਂ ਉਨ੍ਹਾਂ ਦੇ ਬਚਿਆਂ ਨੂੰ ਸੁਗਾਤਾਂ ਦੇ ਦੇ ਭਰਮਾਂਦਾ ਹੈ ।

ਪਰ ਇਸ ਚਰਚਾ ਦੇ ਬਾਵਜੂਦ ਵੀ ਪ੍ਰੇਮ-ਪੂੰਗਰਾ ਆਪਣੀ ਮੋਟਰ-ਕਿਸ਼ਤੀ ਨਾਲ ਨਵੇਂ ਰਿਸ਼ਤੇ ਬਣਾਂਦਾ ਸੀ।

ਉਸ ਦੀ ਆਪਣੀ ਬਰਾਦਰੀ ਇਸ ਵਿੱਚ ਆਪਣੀ ਹਤਕ ਸਮਝਦੀ ਸੀ ਕਿ ਉਹ ਉਨ੍ਹਾਂ ਦੀ ਮਰਿਆਦਾ ਤੋਂ ਬੇ-ਪਰਵਾਹ ਹੋਵੇ ਉਹਨਾਂ ਦੀਆਂ ਰਸਮਾਂ ਵਿੱਚ ਹਿਸਾ ਨ ਲਵੇ। ਉਸ ਦੇ ਸਾਥੀ ਰਸਮਾਂ ਰਵਾਜ਼ਾਂ ਉੱਤੇ ਬਹੁਤ ਸਾਰਾ ਧਨ ਖ਼ਰਚ ਕਰਦੇ ਸਨ। ਪ੍ਰੇਮ-ਪੂੰਗਰਾ ਇਹ ਧਨ ਬਚਾਣ ਕਰਕੇ ਥੋੜੀ ਆਮਦਨ ਦੇ ਬਾਵਜੂਦ ਵੀ ਦੂਜਿਆਂ ਨਾਲੋਂ ਸੁਖਾਲਾ ਜਾਪਦਾ ਸੀ, ਆਪਣੇ ਬਰਾਬਰ ਦਿਆਂ ਨਾਲੋਂ ਉਸ ਦੇ ਜੀਵਨ ਦਾ ਮਿਆਰ ਉੱਚਾ ਹੁੰਦਾ ਜਾ ਰਿਹਾ ਸੀ, ਇਸ ਕਰ ਕੇ ਉਸ ਨਾਲ ਈਰਖਾ ਬੇ-ਅੰਤ ਹੁੰਦੀ ਜਾ ਰਹੀ ਸੀ ।

ਇਨ੍ਹਾਂ ਵਿਚੋਂ ਕਈਆਂ ਨੇ ਉਸ ਦੇ ਵਿਰੁੱਧ, ਪ੍ਰਚਾਰ ਸ਼ੁਰੂ ਕਰ ਦਿਤਾ। ਜਿਨ੍ਹਾਂ ਪਿੰਡਾਂ ਵਿੱਚ ਉਸ ਨੇ ਆਪਣੇ ਬਾਗ ਵਿਚੋਂ ਬੂਟੇ ਲਿਜਾ ਲਿਜਾ ਕੇ ਬਾਗ਼ ਲੁਆਏ ਸਨ, ਉਹਨਾਂ ਵਿੱਚ ਇਸ ਤਰ੍ਹਾਂ ਦਸਿਆ ਗਿਆ ।

ਇਹ ਗਰੀਬਾਂ ਨਾਲ ਹਮਦਰਦੀ ਨਿਰੋਲ ਇੱਕ ਬਹਾਨਾ ਹੈ-ਇਹ ਨਿਗੂਣੇ ਬੂਟੇ ਦੇਂਦਾ ਹੈ, ਪਰ ਜਦੋਂ ਦੂਜਿਆਂ ਦੀ ਮਿਹਨਤ ਨਾਲ ਬਾਗ ਪ੍ਰਫੁੱਲਤ ਹੋ ਜਾਣਗੇ, ਤਾਂ ਇਹ ਮਾਲਕ ਬਣ ਜਾਇਗਾ, ਇਹ ਬੜਾ ਚਾਲਾਕ ਹੈ, ਇਸ ਦੀਆਂ ਸੁਗਾਤਾਂ ਸਿਰਫ਼ ਇਸਤ੍ਰੀਆਂ ਦੇ ਮਨ ਭਰਮਾਣ ਲਈ ਹਨ ਕਿਉਂਕਿ ਇਸ ਦਾ ਚਾਲ-ਚਲਨ ਸ਼ਕੀਆ ਹੈ ।

ਜਨਤਾ ਦਾ ਭਾਵ ਹੈ ਕਿ ਉਹ ਮਾੜੀ ਗੱਲ ਉਤੇ ਚੰਗੀ ਨਾਲੋਂ ਛੇਤੀ ਯਕੀਨ ਕਰ ਲੈਂਦੇ ਹਨ ! ਚੰਗੀ ਗਲ ਉਤੇ ਯਕੀਨ ਕੀਤਿਆਂ ਯਕੀਨ ਕਰਨ ਵਾਲੇ ਨੂੰ ਅਪਣਾ ਆਪ ਕੁਝ ਛੋਟਾ ਭਾਸ਼ਣ ਲਗ ਪੈਂਦਾ ਹੈ ਤੇ ਇਹ ਸਾਨੂੰ ਕਿਸੇ ਨੂੰ ਵੀ ਪਰਵਾਨ ਨਹੀਂ ਹੁੰਦਾ, ਪਰ ਮਾੜੀ ਗੱਲ ਦਾ ਯਕੀਨ ਕੀਤਿਆਂ ਅਸੀਂ ਪਲ ਭਰ ਲਈ ਮੁਕਾਬਲੇ ਵਿਚ ਆਕੇ ਕੁਝ ਉਚੇ ਉਚੇ ਜਾਪਣ ਲਗ ਪੈਂਦੇ ਹਾਂ।

ਇਸ ਮਨੁਖੀ ਫ਼ਿਤਰਤ ਦੇ ਅਧੀਨ ਉਹੀ ਅਖਾਂ, ਜਿਨ੍ਹਾਂ ਵਿੱਚ ਕਲ ਪ੍ਰੇਮ-ਪੂੰਗਰੇ ਲਈ ਸ਼ਰਧਾ ਜਿਹੀ ਸੀ, ਅੱਜ ਘ੍ਰਿਣਾ ਨਾਲ ਭਰਪੂਰ ਸਨ । ਕਈਆਂ ਨੂੰ ਇਹ ਕਹਿ ਕੇ ਵੀ ਭੜਕਾਇਆ ਗਿਆ:-

ਇਹ ਤੁਹਾਡੇ ਨਾਲ ਦਰਦ ਦੀ ਕਹਾਣੀ ਬਨਾਉਟੀ ਹੈ । ਏਥੇ ਇਹ ਭਾਵੇਂ, ਤੁਹਾਡੇ ਨਾਲ ਭੁੰਜੇ ਬਹਿ ਜਾਂਦਾ ਹੈ, ਤੁਹਾਡੀ ਰੁੱਖੀ ਸੁਖੀ ਖਾ ਜਾਂਦਾ ਹੈ, ਪਰ ਆਪਣੇ ਘਰ ਇਹ ਸੋਫ਼ਿਆਂ 'ਤੇ ਬਹਿੰਦਾ ਤੇ ਨੌਕਰਾਂ ਦੀਆਂ ਪੱਕੀਆਂ ਖਾਂਦਾ ਹੈ । ਇਸ ਦੀਆਂ ਬਾਰੀਆਂ ਨਾਲ ਪਰਦੇ ਲਟਕਦੇ ਹਨ ਤੇ ਇਹ ਮੋਟਰ ਦੀ ਸਵਾਰੀ ਕਰਦਾ ਹੈ ।

ਹਾਲਾਂ ਕਿ ਮੋਟਰ ਉਸ ਨੇ ਉਦੋਂ ਹੀ ਲਈ ਸੀ, ਜਦੋਂ ਉਸ ਦੀ ਜਨਤਾ ਨਾਲ ਹਮਦਰਦੀ ਨੇ ਉਸ ਦੇ ਰੁਝੇਵੇਂ ਏਨੇ ਵਧਾ ਦਿੱਤੇ ਸਨ ਕਿ ਬਿਨਾਂ ਮੋਟਰ ਉਹ ਆਪਣੇ ਖ਼ਾਬ ਦੀ ਪੂਰਨਤਾ ਨਹੀਂ ਸੀ ਵੇਖ ਸਕਦਾ, ਪਰ ਕਿਸੇ ਨੇ ਉਸ ਨੂੰ ਸਮਝਣ ਦਾ ਯਤਨ ਨਾ ਕੀਤਾ ਤੇ ਗ਼ਲਤ-ਫ਼ਹਿਮੀ ਦਿਨੋ ਦਿਨ ਵਧਦੀ ਗਈ, ਉਸ ਦੇ ਆਪਣੇ ਤਬਕੇ ਦੇ ਇਕ ਦੋ ਆਦਮੀ ਤਾਂ ਉਸ ਦੀ ਜਾਨ ਦੇ ਵੈਰੀ ਹੋ ਗਏ।ਪਰ ਇਹ ਗੱਲ ਬਿਲਕੁਲ ਠੀਕ ਹੈ ਕਿ ਇਸ ਵੈਰ ਨੇ ਉਸ ਦਾ ਖੇੜਾ ਨਹੀਂ ਘਟਾਇਆ । ਕਿਉਂਕਿ ਕਿਸੇ ਨੇ ਕਦੇ ਨਹੀਂ ਸੀ ਸੁਣਿਆ ਕਿ ਉਸ ਨੇ ਕਿਸੇ ਨੂੰ ਮੰਦਾ ਆਖਿਆ ਹੋਵੇ, ਜਾਂ ਆਪਣੇ ਨਾਲ ਵੈਰ ਰਖਣ ਵਾਲਿਆਂ ਨੂੰ ਨੁਕਸਾਨ ਪਹੁੰਚਾਣ ਦਾ ਖ਼ਿਆਲ ਕੀਤਾ ਹੋਵੇ।

ਆਪਣੇ ਤਬਕੇ ਦੀ ਨਾਰਾਜ਼ਗੀ ਦੀ ਉਸ ਨੂੰ ਕੋਈ ਪਰਵਾਹ ਨਹੀਂ ਸੀ, ਪਰ ਹੁਣ ਜਿਨ੍ਹਾਂ ਪਿੰਡਾਂ ਵਿੱਚ ਉਹ ਪਿਆਰ-ਰਿਸ਼ਤਾ ਜੋੜ ਰਿਹਾ ਸੀ, ਉਨ੍ਹਾਂ ਵਿੱਚ ਵੀ ਉਸ ਦੀ ਮੁਖ਼ਾਲਫ਼ਤ ਸ਼ੁਰੂ ਹੋ ਗਈ ਸੀ। ਪਹਿਲੋਂ ਜਦੋਂ ਉਸ ਦੀ ਬੇੜੀ ਕੋਲੋਂ ਲੰਘਿਆ ਕਰਦੀ ਸੀ, ਲੋਕ ਖ਼ੁਸ਼ੀ ਦੇ ਨਾਅਰੇ ਮਾਰਿਆ ਕਰਦੇ ਸਨ ਤੇ ਦਰਿਆ ਦੇ ਆਰ ਪਾਰ ਜਾਣ ਦੀ ਪ੍ਰੇਮ-ਪੂੰਗਰੇ ਦੀ ਸਹਾਇਤਾ ਮੰਗਿਆ ਕਰਦੇ ਸਨ, ਹੁਣ ਇਹ ਹੋ ਗਿਆ ਕਿ ਕਈ ਲੋਕ ਘ੍ਰਿਣਾ ਦੇ ਨਾਅਰੇ ਲਾਣ ਲਗ ਪਏ ! ਓੜਕ ਇਹ ਨੌਬਤ ਆ ਗਈ ਕਿ ਲੋਕ ਢੇਮਾਂ ਮਾਰਨ 'ਤੇ ਉਤਰ ਆਏ ।

ਅੱਗੇ ਉਹ ਆਪਣੀ ਇਸਤ੍ਰੀ ਤੇ ਬੱਚਿਆਂ ਨੂੰ ਨਾਲ ਲਿਆਇਆ ਕਰਦਾ ਸੀ, ਹੁਣ ਉਹ ਇਕੱਲਾ ਆਉਂਦਾ ਸੀ-ਆਉਂਦਾ ਬਿਨਾ ਨਾਗਾ ਸੀ ਭਾਵੇਂ ਮੀਹ ਹੋਵੇ ਭਾਵੇਂ ਹਨੇਰੀ। ਕਦੇ ਉਸਦੀ ਉਂਗਲ ਉਤੇ ਢੇਮ ਵਜ ਜਾਂਦੀ, ਕਦੇ ਮੱਥੇ ਵਿੱਚ ਤੇ ਕਦੇ ਕਿਸੇ ਹੋਰ ਥਾਂ ।ਉਹ ਪੱਟੀਆਂ ਬੰਨ੍ਹ ਲੈਂਦਾ ਤੇ ਆਪਣਾ ਸਫ਼ਰ ਜਾਰੀ ਰਖਦਾ ਸੀ। ਜਿਸ ਪਿੰਡ ਵਿੱਚ ਕੋਈ ਉਸ ਦੇ ਬੂਟੇ ਕਬੂਲ ਲੈਂਦਾ, ਉਥੇ ਹੀ ਉਹ ਵੰਡ ਆਉਂਦਾ। ਭਾਵੇਂ ਉਸ ਦਾ ਅੰਗ ਅੰਗ ਦੂਖਣ ਲਗ ਪਿਆ ਸੀ, ਪਰ ਉਸਦਾ ਦਿਲ ਤੇ ਦਿਮਾਗ਼ ਅਜੇ ਨਰੋਏ ਸਨ । ਪਿਛਲੇ ਦੋ ਦਿਨਾਂ ਤੋਂ ਉਸ ਦੇ ਆਪਣੇ ਤਬਕੇ ਦਾ ਇੱਕ ਆਦਮੀ ਆਲੇ ਦੁਆਲੇ ਦੇ ਪਿੰਡਾਂ ਵਿੱਚ ਬੜਾ ਸਖ਼ਤ ਪ੍ਰਾਪੇਗੰਡਾ ਕਰਦਾ ਰਿਹਾ ਸੀ। ਪ੍ਰੇਮ-ਪੂੰਗਰੇ ਦੇ ਖ਼ਿਲਾਫ਼ ਬੜੀ ਐਜੀਟੇਸ਼ਨ ਖਿੱਲਰੀ ਹੋਈ ਸੀ ਜਦੋਂ ਉਸ ਦੀ ਬੇੜੀ ਇੱਕ ਪਿੰਡ ਦੇ ਕੋਲੋਂ ਦੀ ਲੰਘੀ, ਪੱਥਰਾਂ ਦੀ ਵਾਛੜ ਸ਼ੁਰੂ ਹੋ ਗਈ ।ਕਈ ਮੁੰਡੇ ਕਤਾਰ ਬੰਨ੍ਹ ਕੇ ਖੜੇ ਸਨ, ਬੜੀ ਫੁਰਤੀ ਨਾਲ ਪ੍ਰੇਮ-ਪੂੰਗਰੇ ਨੇ ਆਪਣਾ ਸਿਰ ਬਚਾਇਆ, ਪਰ ਵਾਛੜ ਇਹੋ ਜਿਹੀ ਸੀ ਕਿ ਅਨੇਕਾਂ ਪੱਥਰ ਬੇੜੀ ਵਿੱਚ ਆ ਪਏ ਤੇ ਕਈ ਉਸ ਦੀ ਕੰਡ ਉਤੇ ਵੀ ਵਜੇ ।

ਜਦੋਂ ਉਸ ਨੇ ਸਿਰ ਚਕ ਕੇ ਵੇਖਣਾ ਚਾਹਿਆ ਤਾਂ ਇਕ ਸ਼ੂਕਦਾ ਪੱਥਰ ਉਸ ਦੇ ਸਿਰ ਵਿੱਚ ਆ ਲਗਾ ਤੇ ਇੱਕ ਨਿਕਾ ਜਿਹਾ ਛਾਤੀ ਵਿੱਚ ਵੀ ਵੱਜਾ। ਦੂਜੀ ਘੜੀ ਉਸ ਦਾ ਸਿਰ ਚਕਰਾਇਆ ।ਤੇ ਉਹ ਆਪਣੀ ਬੇੜੀ ਵਿੱਚ ਢਹਿ ਪਿਆ ।

ਜਦੋਂ ਉਹ ਇਸ ਤਰਾਂ ਡਿੱਗਾ ਤਾਂ ਕਈ ਸਿਆਣਿਆਂ ਦਾ ਡਰ ਸੀ ਕਿ ਉਹ ਮਰ ਗਿਆ ਹੈ। ਪਿੰਡ ਦੇ ਇਸਤ੍ਰੀਆਂ ਮਰਦ ਬਾਹਰ ਇਕੱਠੇ ਹੋ ਗਏ ਸਨ। ਕਈਆਂ ਦੇ ਅੰਦਰ ਤਰਸ ਵੀ ਆ ਜਾਗਿਆ।

ਤੁਸਾਂ ਚੰਗਾ ਨਹੀਂ ਕੀਤਾ। ਉਹ ਕਿਸੇ ਦਾ ਕੀ ਲੈਂਦਾ ਸੀ,-ਉਹ ਕਿਸੇ ਨੂੰ ਕੁਝ ਆਂਹਦਾ ਨਹੀਂ ਸੀ, ਸਦਾ ਹਰ ਕਿਸੇ ਦੀ ਸੁਣ ਲੈਂਦਾ ਸੀ, ਉਹ ਤੁਹਾਨੂੰ ਕਈਆਂ ਨੂੰ ਦਰਿਆ ਦੇ ਆਰ ਪਾਰ ਕਰ ਆਉਂਦਾ ਸੀ ।ਕਈਆਂ ਦੇ ਬਾਗ ਹੁਣ ਫੁੱਲਾਂ ਤੇ ਆਏ ਹੋਏ ਨੇ-ਤੁਸਾਂ ਚੰਗਾ ਨਹੀਂ ਕੀਤਾ -

ਦੂਜੇ ਦਿਨ ਮੋਟਰ-ਬੇੜੀ ਉਧਰ ਨਾ ਆਈ, ਤੀਜੇ ਵੀ ਨਾ ਆਈ ।

ਲੋਕਾਂ ਨੂੰ ਇਹ ਪਤਾ ਨਹੀਂ ਸੀ ਕਿ ਤਿੰਨਾਂ ਵਰ੍ਹਿਆਂ ਤੋਂ ਬੇ-ਨਾਗਾ ਉਹਨਾਂ ਦੇ ਪਿੰਡ ਕੋਲੋਂ ਫਫ ਫਫ ਕਰਦੀ ਬੜੇ ਉਨ੍ਹਾਂ ਦੇ ਜੀਵਨ ਦਾ ਭਾਗ ਬਣ ਚੁਕੀ ਸੀ । ਭਾਵੇਂ ਉਪਰਲੀ ਗਲਤਫ਼ਹਿਮੀ ਨੇ ਉਹਨਾਂ ਨੂੰ ਪ੍ਰੇਮ-ਪੂੰਗਰੇ ਦਾ ਦੁਸ਼ਮਨ ਬਣਾ ਦਿੱਤਾ ਸੀ, ਪਰ ਵਿਚੋਂ ਉਹ ਉਸ ਦੇ ਸਨੇਹੀ ਬਣ ਚੁਕੇ ਸਨ । ਉਸ ਦੇ ਪ੍ਰੇਮ ਨੇ ਦਿਲਾਂ ਦੀਆਂ ਤਹਿਆਂ ਵਿੱਚ ਆਪਣੀਆਂ ਪਤਲੀਆਂ ਅਦਿੱਖ-ਤੰਦਾਂ ਤੁਣ ਲਈਆਂ ਹੋਈਆਂ ਸਨ ।

ਜਦੋਂ ਤੀਜੇ ਦਿਨ ਵੀ ਬੇੜੀ ਨਾ ਆਈ ਤਾਂ ਕਈ ਲੋਕ ਬੜੇ ਉਪਰਾਮ ਹੋ ਗਏ । ਹਰ ਪਲ ਜਿਹੜਾ ਗੁਜ਼ਰਦਾ ਸੀ, ਉਹ ਪ੍ਰੇਮ-ਪੂੰਗਰੇ ਦੀ ਯਾਦ ਨੂੰ ਤੀਬਰ ਤੇ ਦੁਖਦਾਈ ਬਣਾ ਰਿਹਾ ਸੀ। ਜਿਨ੍ਹਾਂ ਨੇ ਵੱਟੇ ਮਾਰੇ ਸਨ, ਉਹ ਸਭ ਤੋਂ ਬਹੁਤੇ ਉਦਾਸ ਸਨ ਉਹ ਹੁਣੇ ਪ੍ਰੇਮ ਪੂੰਗਰੇ ਨਾਲ ਇਨਸਾਫ਼ ਕਰਨ ਲਈ ਵਿਆਕੁਲ ਹੋ ਰਹੇ ਸਨ ।ਸ਼ਾਇਦ ਏਸੇ ਵਿਆਕੁਲਤਾ ਵਿਚੋਂ ਕਿਸੇ ਸਿਆਣੇ ਨੇ ਇਹ ਸਲਾਹ ਦਿਤੀ ਸੀ ।

ਆਪਣੇ ਰੁਸੇਵੇ ਉਤੇ ਕਦੇ ਸੂਰਜ ਨਾ ਡੁਬਣ ਦਿਓ-ਕੀ ਪਤਾ ਮੌਤ ਇਨਸਾਫ਼ ਕਰ ਸਕਣ ਦਾ ਮੌਕਾ ਹਮੇਸ਼ਾਂ ਲਈ ਖੋਹ ਲਵੇ।

ਉਹਨਾਂ ਸਲਾਹ ਕੀਤੀ ਕਿ ਪ੍ਰੇਮ-ਪੂੰਗਰੇ ਦੀ ਕੋਠੀ ਜਾ ਕੇ ਉਸ ਦਾ ਪਤਾ ਕੀਤਾ ਜਾਏ । ਦੋ ਸਿਆਣੇ ਆਦਮੀ ਤੇ ਪੰਜ ਛੇ ਉਹ ਨੌਜਵਾਨ ਜਿਨ੍ਹਾਂ ਵੱਟੇ ਮਾਰੇ ਸਨ, ਪ੍ਰੇਮ-ਪੂੰਗਰੇ ਦੀ ਕੋਠੀ ਗਏ।

ਪ੍ਰੇਮ-ਪੂੰਗਰਾ ਆਪਣੀ ਕੋਠੀ ਦੇ ਵਰਾਂਡ ਵਿੱਚ ਮੰਜੇ ਉਤੇ ਲੰਮਾ ਪਿਆ ਸੀ, ਉਸ ਦੇ ਸਿਰ ਉਤੇ ਪੱਟੀਆਂ ਬੱਧੀਆਂ ਹੋਈਆਂ ਸਨ ।ਪਤਨੀ ਟਕੋਰ ਕਰ ਰਹੀ ਸੀ ਤੇ ਇੱਕ ਪੇਂਡੂ ਮੁਟਿਆਰ ਚੁੱਲ੍ਹੇ ਉਤੇ ਰੂੰ ਗਰਮ ਕਰ ਰਹੀ ਸੀ ।

ਰਜਨੀ ! ਪ੍ਰੇਮ-ਪੂੰਗਰੇ ਨੇ ਪਤਨੀ ਦਾ ਹਥ ਫੜ ਕੇ ਆਖਿਆ, ਹੁਣ ਮੈਂ ਰਾਜ਼ੀ ਹਾਂ, ਤੁਸੀਂ ਵੀਰੋ ਨੂੰ ਇਹਦੇ ਪਿੰਡ ਛਡ ਆਓ, ਬੜੇ ਦਿਨ ਹੋ ਗਏ ਨੇ ।

ਨਹੀਂ ਜੀ । ਚੁੱਲ੍ਹੇ ਕੋਲ ਬੈਠੀ ਮੁਟਿਆਰ ਨੇ ਗਰਮ ਰੂੰ ਦਾ ਗੋਹੜਾ ਰਜਨੀ ਨੂੰ ਫੜਾ ਕੇ ਆਖਿਆ, ਮੈਂ ਕਿਹੜੀ ਬਿਗਾਨੇ ਥਾਂ ਵਾਂ, ਮੇਰਾ ਭਰਾ ਰੋਜ਼ ਮੈਨੂੰ ਆ ਕੇ ਮਿਲ ਜਾਂਦਾ ਏ ਤੇ ਹਮੇਸ਼ਾਂ ਇਹੋ ਤਗੀਦ ਕਰਦਾ ਏ ਕਿ ਜਦੋਂ ਇਹ ਰਾਜ਼ੀ ਹੋਣ ਓਦੋਂ ਹੀ ਉਹ ਮੈਨੂੰ ਘਰ ਲਿਜ਼ਾਇਗਾ ।

ਤੁਸੀਂ ਫ਼ਿਕਰ ਨਾ ਕਰੋ ਪਤਨੀ ਨੇ ਆਖਿਆ, ਮੈਂ ਵੀਰੋ ਨੂੰ ਰਤਾ ਔਖਾ ਨਹੀਂ ਹੋਣ ਦਿਆਂਗੀ, ਇਹਦੇ ਬਿਨਾਂ ਪਿਛਲੀਆਂ ਦੋ ਰਾਤਾਂ ਮੈਂ ਤੁਹਾਡੀ ਸੇਵਾ ਨਹੀਂ ਸੀ ਕਰ ਸਕਦੀ-ਵੀਰੋ ਬੰਦੀ ਨੇ ਅੱਖ ਨਾਲ ਅੱਖ ਨਹੀਂ ਲਈ।

ਵੀਰੋ, ਜੇ ਤੂੰ ਮੇਰੀ ਬੇੜੀ ਨੂੰ ਮੇਰੇ ਸਮੇਤ ਹੀ ਡੁਬ ਜਾਣ ਦੇਂਦੀਓਂ ਤਾਂ ਅੱਜ ਏਡੀ ਔਖੀ ਨਾ ਹੁੰਦੀਓਂ।

ਕਦੇ ਵਸ ਕੀਤਿਆਂ ਕੋਈ ਆਪਣੇ ਪ੍ਰਾਣ ਸਰੀਰ ਵਿਚੋਂ ਨਿਕਲਣ ਦਿੰਦਾ ਏ-ਮੇਰੇ ਭਰਾ ਨੂੰ ਪੁਛਣਾ, ਕੀਕਰ ਮੈਂ ਤੁਹਾਡੀ ਬੇੜੀ ਨੂੰ ਉਡੀਕਦੀ ਸਾਂ, ਏਸੇ ਉਡੀਕ ਵਿੱਚ ਅੱਖਾਂ ਦਰਿਆਂ ਉਤੇ ਅੱਡੀਆਂ ਹੋਈਆਂ ਸਨ ਕਿ ਤੁਹਾਡੀ ਬੇੜੀ ਮੈਨੂੰ ਆਉਂਦੀ ਦਿਸੀ, ਕੰਢੇ ਨਾਲ ਟਕਰਾਈ ਐਉਂ ਜਾਪਿਆ ਜਿਵੇਂ ਉਸ ਮੇਰੇ ਨਾਲ ਟੱਕਰ ਖਾਧੀ-ਮੈਂ ਚੀਕਾਂ ਮਾਰੀਆਂ ਤੇ ਪਿੰਡ ਕੱਠਾ ਹੋ ਗਿਆ।

ਫਾਟਕ ਉਤੇ ਚੌਕੀਦਾਰ ਦੇ ਕਿਸੇ ਨਾਲ ਝਗੜਨ ਦੀ ਆਵਾਜ਼ ਆਈ।

ਅਸਾਂ ਮਿਲਣਾ ਜ਼ਰੂਰ ਏ

ਉਹ ਬੜੇ ਔਖੇ ਨੇ-ਉਹਨਾਂ ਨਾਲ ਮਿਲਣ ਦੀ ਕਿਸੇ ਨੂੰ ਆਗਿਆ ਨਹੀਂ ਹੈ।

ਜਾ-ਤੂੰ ਪੁਛ ਆ-ਅਸੀਂ ਉਹਨਾਂ ਪਿੰਡਾਂ ਤੋਂ ਆਏ ਹਾਂ, ਜਿਨ੍ਹਾਂ ਵਿੱਚ ਉਹ ਰੋਜ਼ ਬੂਟੇ ਵੰਡਣ ਜਾਂਦੇ ਸਨ।

ਤੇ ਜਿਨ੍ਹਾਂ ਨੇ ਉਹਨਾਂ ਦਾ ਸਿਰ ਪਾੜ ਦਿਤਾ ਏ ਛਾਤੀ ਵਿੱਚ ਵੱਟੇ ਮਾਰੇ ਨੇ । ਚੌਕੀਦਾਰ ਨੇ ਅੱਖਾਂ ਲਾਲ ਕਰਕੇ ਆਖਿਆ।

ਇਹ ਵਾਜਾਂ ਪ੍ਰੇਮ-ਪੂੰਗਰੇ ਦੇ ਕੰਨੀਂ ਪਈਆਂ । ਉਸ ਨੇ ਪਤਨੀ ਨੂੰ ਫਾਟਕ ਤੇ ਭੇਜਿਆ।

ਚੌਕੀਦਾਰ, ਆਉਣ ਦਿਓ-ਵੀਰੋ ਦਾ ਸਦਕਾ ਆਉਣ ਦਿਓ-ਇਹਨਾਂ, ਪਤਾ ਨਹੀਂ ਵੱਟੇ ਮਾਰੇ ਨੇ ਕਿ ਨਹੀਂ, ਪਰ ਵੀਰੋ ਨੇ ਉਹਨਾਂ ਦੀ ਜਿੰਦ ਜ਼ਰੂਰ ਬਚਾਈ ਹੈ ਤੇ ਸੇਵਾ ਵਿੱਚ ਦਿਨ ਰਾਤ ਇਕ ਕਰ ਦਿਤੇ ਨੇ । ਵੀਰੋ ਵੀ ਤੇ ਉਹਨਾਂ ਪਿੰਡਾਂ ਦੀ ਇੱਕ ਕੁੜੀ ਹੈ।

ਜਦੋਂ ਰਜਨੀ ਚੌਕੀਚਾਰ ਨੂੰ ਸਮਝਾ ਰਹੀ ਸੀ ਪ੍ਰੇਮ-ਪੂੰਗਰਾ ਵੀਰੋ ਦੇ ਹਥੋਂ ਗਰਮ ਰੂੰ ਮਥੇ 'ਤੇ ਧਰਾ ਕੇ ਆਖ ਰਿਹਾ ਸੀ ।

ਮੇਰੀ ਚੰਗੀ ਵੀਰਾਂ, ਘ੍ਰਿਣਾ ਦੇ ਵੱਟਿਆਂ ਵਿੱਚ ਏਨਾ ਦੁੱਖ ਨਹੀਂ। ਜਿੰਨਾ ਪਿਆਰ ਦੀ ਘੁਟਣੀ ਵਿੱਚ ਸੁਖ ਹੈ-ਮੈਂ ਤੇਰੇ ਪਿਆਰ ਦਾ ਸਦਕਾ ਦੁਸ਼ਮਣਾਂ ਨਾਲ ਭਰਪੂਰ ਸਾਰੀ ਦੁਨੀਆਂ ਨੂੰ ਮਾਫ਼ ਕਰ ਸਕਦਾ ਹਾਂ-ਜਿਸ ਦੁਨੀਆਂ ਵਿੱਚ ਇੱਕ ਜੋੜਾ ਅੱਖਾਂ ਦਾ ਵੀ ਤੇਰੇ ਵਾਂਗ ਮੇਰੇ ਵਲ ਤਕ ਸਕਦਾ ਹੈ, ਉਸ ਦੁਨੀਆਂ ਦੀ ਸਾਰੀ ਘ੍ਰਿਣਾ ਮੈਂ ਭੁਲ ਸਕਦਾ ਹਾਂ

ਤੁਸੀਂ ਜਦੋਂ ਦੇ ਸਾਡੇ ਪਿੰਡ ਆਉਣ ਲਗੇ ਓ, ਮੈਨੂੰ ਮਾਂ ਕਹਿੰਦੀ ਏ ਤੂੰ ਹੋਰ ਦੀ ਹੋਰ ਹੋ ਗਈ ਏਂ ਤੁਹਾਡੀ ਬੇੜੀ ਦੀ ਉਡੀਕ ਵਿੱਚ ਸਾਰਾ ਦਿਨੇ ਚਾਈਂ ਚਾਈਂ ਘਰ ਦਾ ਕੰਮ ਕਰਨੀ ਆਂ-

ਉਹ ਜਾਣੇ ਜੇ ਤਿੰਨ ਵਰਿਆਂ ਵਿੱਚ ਮੈਂ ਇੱਕ ਬੂਟਾ ਵੀ ਨਾ ਲਾਇਆ ਹੋਵੇ, ਇੱਕ ਫੁਲ ਵੀ ਨਾ ਉਗਾਇਆ ਹੋਵੇ-ਇਕ ਘਰ ਨੂੰ ਵੀ ਨਾ ਸੁਖਾਇਆ ਹੋਵੇ ਤੇ ਜੇ ਮੈਂ ਇੱਕ ਮਾਸੂਮ ਨਿਰਛੱਲ ਦਿਲ ਦੀ ਪ੍ਰਸੰਸਾ ਲੈ ਸਕਿਆ ਹਾਂ ਤਾਂ ਮੈਂ ਖੁਸ਼ ਹਾਂ, ਮੇਰਾ ਜੀਵਨ ਏਡਾ ਵਿਅਰਥ ਨਹੀਂ ਲੰਘਿਆ, ਜੇਡਾ ਲੋਕ ਆਖਦੇ ਹਨ।

ਰਜਨੀ ਸਾਰੇ ਪੇਂਡੂਆਂ ਨੂੰ ਆਪਣੇ ਨਾਲ ਲੈ ਆਈ ਤੇ ਵਰਾਂਡੇ ਵਿੱਚ ਬੈਂਚਾਂ ਉਤੇ ਉਹਨਾਂ ਨੂੰ ਬਿਠਾ ਦਿਤਾ। ਉਹਨਾਂ ਦੇ ਮੂੰਹ ਸਹਿਮੇ ਹੋਏ ਸਨ ਜਿਉਂ ਜਿਉਂ ਉਹ ਪ੍ਰੇਮ-ਪੂੰਗਰੇ ਦੇ ਮੂੰਹ ਵੱਲ ਵਖਦੇ ਸਨ, ਥਾਂ ਥਾਂ ਉਤੇ ਬਧੀਆਂ ਪਟੀਆਂ ਦਾ ਧਿਆਨ ਕਰਦੇ ਸਨ, ਉਹਨਾਂ ਦੇ ਆਪਣੇ ਮੂੰਹ ਸ਼ਰਮ ਨਾਲ ਪ੍ਰੇਮ ਪੂੰਗਰੇ ਨਾਲੋਂ ਵੀ ਵਧੇਰੇ ਪੀਲੇ ਹੁੰਦੇ ਜਾਂਦੇ ਸਨ।

(ਬਾਕੀ ਸਫ਼ਾ 31 'ਤੇ)

## ਇੱਕ ਖ਼ਾਬ ਦੇ ਤੇ ਕਿਤਾਬ ਦੇ ਇੱਕ ਇੰਤਜ਼ਾਰ ਦੇ

ਸੁਰਜੀਤ ਪਾਤਰ



ਇੱਕ ਖ਼ਾਬ ਦੇ ਤੇ ਕਿਤਾਬ ਦੇ ਇੱਕ ਇੰਤਜ਼ਾਰ ਦੇ
ਤੇ ਫੇਰ ਭਾਵੇਂ ਉਮਰ ਭਰ ਕਿਧਰੇ ਖਲਾਰ ਦੇ
ਸ਼ੀਸ਼ਾ ਨ ਬਣ ਦਿਖਾ ਨ ਬੱਸ ਚਿਹਰੇ ਦੀ ਧੂੜ ਹੀ
ਤੂੰ ਨੀਰ ਬਣ ਤੇ ਧੂੜ ਵੀ ਮੁਖ ਤੋਂ ਉਤਾਰ ਦੇ
ਸ਼ੀਸ਼ੇ ਤੋਂ ਦੌੜ ਕੇ ਹੀ ਤਾਂ ਆਏ ਹਾਂ ਤੇਰੇ ਕੋਲ
ਕੋਈ ਖ਼ਾਬ ਦੇ, ਦੁਆ ਦੇ, ਦਿਲਾਸਾ ਦੇ, ਪਿਆਰ ਦੇ
ਇਹ ਤੇਗ ਪਾਸੇ ਰੱਖ ਦੇ ਜੇ ਮੈਨੂੰ ਮਾਰਨਾ
ਸੀਨੇ 'ਚ ਕੋਈ ਸ਼ਬਦ ਕੋਈ ਸੁਰ ਉਤਾਰ ਦੇ
ਇਕ ਹੋਰ ਰਾਤ ਟਾਲ ਦੇ ਦੁਖਦਾਈ ਫੈਸਲੇ
ਇਹ ਮਨ ਦੇ ਕੱਜਣ ਰਹਿਣ ਦੇ, ਤਨ ਦੇ ਉਤਾਰ ਦੇ

## ਔਰਤ ਤੇ ਜ਼ਮੀਨ

ਹਰਪ੍ਰੀਤ ਕੌਰ ਸੰਧੂ


ਆਦਮੀ
ਸਿਰਫ਼ ਇੱਛਾਵਾਂ ਦਾ
ਵਫਾਦਾਰ ਹੁੰਦਾ ਹੈ
ਭਟਕਦਾ ਰਹਿੰਦਾ ਹੈ
ਸਰੀਰ ਵਿੱਚ
ਮਾਣਦਾ ਹੈ ਖ਼ੁਸ਼ਬੋ ਭੌਰੇ ਵਾਂਗ
ਕਦੇ ਇਸ ਫੁੱਲ ਤੇ
ਕਦੇ ਉਸ ਤੇ
ਪਰਾਗ ਹੀ ਤਾਂ ਚਾਹੀਦਾ ਹੈ

ਔਰਤ ਧਰਤੀ ਵਾਂਗ ਹੁੰਦੀ
ਠੇਕੇ ਤੇ ਲਵੋ,
ਅੱਧ ਤੇ
ਭਾਵੇ ਆਪ ਬੀਜ ਲਵੋ
ਉਸਨੇ ਹਰ ਹਾਲ
ਕੁੱਖ ਹਰੀ ਕਰਨੀ
ਫਸਲ ਦੀ ਤਰਾਂ
ਦੇਣਾ ਤੁਹਾਡਾ ਅੰਸ਼।

ਫਿਤਰਤ ਨਹੀਂ ਬਦਲੀ
ਸਦੀ ਦਰ ਸਦੀ
ਏਹੀ ਹੋਇਆ
ਮਰਦ ਦੇ ਬੀਜ ਤੋਂ ਔਰਤ ਨੇ
ਰੁੱਖ ਪੈਦਾ ਕੀਤੇ
ਜੀਵਨ ਦੇ ਕੇ
ਬੇਅੰਤ ਦੁੱਖ ਸਹੇ
ਕਦੇ ਪਤਨੀ
ਕਦੇ ਪ੍ਰੇਮਿਕਾ
ਕਦੇ ਬਦਚਲਨ
ਰੂਪ ਹੀ ਬਦਲੇ
ਕਰਮ ਨਹੀਂ

## ਗਿਆਨ 'ਚ ਸ਼ਕਤੀ

ਚਰਨ ਪੁਆਧੀ



ਪੜ੍ਹੋ ਬੱਚਿਓ ਗਿਆਨ ਲਵੋ।
ਗਿਆਨ 'ਚ ਸ਼ਕਤੀ ਜਾਣ ਲਵੋ।

ਹਰ ਵਿਸ਼ੇ 'ਤੇ ਧਿਆਨ ਲਗਾਉਣਾ।
ਆਪਣਾ ਪੂਰਾ ਤਾਣ ਲਗਾਉਣਾ।
ਮੈਰਿਟ ਪਾਉਣੀ ਠਾਣ ਲਵੋ।
ਗਿਆਨ 'ਚ ਸ਼ਕਤੀ..........


ਪੜ੍ਹਨਾ ਸੋਚਣਾ ਗੱਲ ਚੰਗੀ ਹੈ।
ਰੱਟਾ ਲਗਾਉਣਾ ਗੱਲ ਬੁਰੀ ਹੈ।
ਪੜ੍ਹੋ ਮਾਨ-ਸਨਮਾਨ ਲਵੋ।
ਗਿਆਨ 'ਚ ਸ਼ਕਤੀ.........

ਸਮਾਂ ਸੁਨਹਿਰੀ ਇਹ ਤੁਹਾਡਾ।
ਜ਼ਿੰਦਗੀ ਵਿੱਚ ਕੰਮ ਆਊ ਡਾਹਢਾ।
ਬਾਤ 'ਚਰਨ' ਕੀ ਮਾਨ ਲਵੋ।
ਗਿਆਨ 'ਚ ਸ਼ਕਤੀ.......
*******


## ਹੋਕਾ ਵਿਰਸੇ ਦਾ !

ਤਰਲੋਚਨ ਸਿੰਘ ਦੁਪਾਲ ਪੁਰ

ਦੌੜਾਂ ਲੱਗੀਆਂ ਸਭ ਦੀਆਂ ਸੁਖ ਪਿੱਛੇ
ਐਪਰ ਪੈਂਦੇ ਨੇ ਦੁੱਖ ਵਿੱਚ ਝੋਲ਼ੀਆਂ ਦੇ।
ਸਿੱਟੇ ਖ਼ੁਦ ਬਿਮਾਰ ਹੋ ਭੁਗਤ ਰਹੇ ਹਾਂ
ਜ਼ਹਿਰਾਂ ਆਪ ਹੀ ਖੇਤਾਂ 'ਚ ਘੋਲ਼ੀਆਂ ਦੇ।
ਦੇਸੀ ਨੁਸਖੇ ਵੀ ਨਾਲ ਹੀ ਖ਼ਤਮ ਹੋ ਗਏ
ਮਾਵਾਂ ਨਾਨੀਆਂ ਦਾਦੀਆਂ ਭੋਲ਼ੀਆਂ ਦੇ।
'ਰੈਡੀ ਮੇਡ' ਹੀ ਖਾਣਾ ਹੁਣ ਚਾਹੁੰਦੀਆਂ ਨੇ
ਜੋ ਆਉਂਦੀਆਂ ਬਹਿ ਕੇ ਵਿੱਚ ਡੋਲ਼ੀਆਂ ਦੇ।
ਖਾਣਾ ਪੀਣਾ ਤੇ ਪਹਿਨਣਾ ਬਦਲ ਕੇ ਜੀ
ਪੈ ਗਏ ਵੱਸ 'ਵਿਟਾਮਨਾਂ-ਗੋਲ਼ੀਆਂ' ਦੇ।
ਹੋਕਾ ਦੇਈ ਜਾਹ ਵਿਰਸੇ ਦਾ ਕਲਮਕਾਰਾ
ਕਿੱਸੇ ਪੜ੍ਹਦਿਆਂ 'ਵਹੀਆਂ' ਫਰੋਲੀਆਂ ਦੇ!
* * *



# ਮੇਰੀ ਕਲਮ



## ਵੇ ਮੈਂ ਭਰੀ ਸੁਗੰਧੀਆਂ ਪੌਣ

ਡਾ. ਹਰਿਭਜਨ ਸਿੰਘ

ਵੇ ਮੈਂ ਭਰੀ ਸੁਗੰਧੀਆਂ ਪੌਣ,
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ,
ਸਜਨ ਤੇਰੇ ਬੂਹੇ

ਮੇਰੀ ਕੱਚੜੀ ਪਹਿਲ ਵਰੇਸ
ਸੰਗ ਤੇਰਾ ਚਾਹੇ
ਮੇਰੇ ਸੁੱਚੜੇ ਸੁੱਚੜੇ ਅੰਗ
ਕੇਸ ਅਣਵਾਹੇ
ਹਿੱਕ ਧੁਖੇ ਪਹਿਲੜੀ ਰੀਝ
ਵੇਸ ਮੇਰੇ ਸੂਹੇ

ਮੇਰੀ ਸੁਫ਼ਨੇ-ਵਰਗੀ ਜਿੰਦ
ਆਸ-ਜਿਹੀ ਸੋਹਣੀ
ਵੇ ਮੈਂ ਉਹ ਸਰ ਆਈ ਨ੍ਹਾ
ਨਾਉਂਜਿਹਦਾ ਹੋਣੀ

ਮੈਨੂੰ ਭਲਕੇ ਦੀ ਪਰਭਾਤ
ਸਜਨ ਅੱਜ ਛੂਹੇ

ਮੈਂ ਖੜੀ ਸਜਨ ਤੇਰੇ ਦੁਆਰ
ਝੋਲ ਤਕਦੀਰਾਂ
ਮੇਰੀ ਰੁਸ ਨਾ ਜਾਏ ਸੁਗੰਧ
ਉਡੀਕ ਅਖੀਰਾਂ
ਕਹੀ ਤੱਤੜੀ ਤੱਤੜੀ ਵਾ
ਮੇਰਾ ਤਨ ਲੂਹੇ

ਵੇ ਮੈਂ ਭਰੀ ਸੁਗੰਧੀਆਂ ਪੌਣ
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ
ਸਜਨ ਤੇਰੇ ਬੂਹੇ
(ਅਧਰੈਣੀ ਵਿੱਚੋਂ)

## ਬਗਲੇ ਬਾਬੇ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਉੱਤੋਂ ਚਿੱਟੇ ਚੋਲ਼ਿਆਂ ਵਾਲੇ,
ਤਨ ਦੇ ਖੋਟੇ ਮਨ ਦੇ ਕਾਲੇ।
ਗੁਛ ਮੁਛ ਹੋ ਸਮਾਧੀਆਂ ਲਾ ਕੇ,
ਲੁੱਟਣ ਦੁਨੀਆ ਘਾਤਾਂ ਲਾ ਕੇ।
ਬਚੋ ਜਿੰਨਾ ਬਚ ਹੁੰਦਾ ਇਨ੍ਹਾਂ ਤੋਂ,
ਘਾਣ ਸਿੱਖੀ ਦਾ ਹੋ ਰਿਹਾ ਚਿਰਾਂ ਤੋਂ।
ਆਓ ਇਨ੍ਹਾਂ ਦਾ ਫਸਤਾ ਵੱਢੀਏ,
ਇਨ੍ਹਾਂ ਮਗਰ ਹੁਣ ਜਾਣਾ ਛੱਡੀਏ।
ਊਧੇ ਬਣ ਅਸੀਂ ਅੰਨ੍ਹੇ ਹੋਏ,
ਗੰਦਿਆਂ ਦੇ ਅਸੀਂ ਪੈਰ ਵੀ ਧੋਏ।
ਇੱਜ਼ਤਾਂ ਅਸੀਂ ਲੁਟਾ ਬੈਠੇ ਹਾਂ,
ਮਾਇਆ ਬਹੁਤ ਚੜ੍ਹਾ ਬੈਠੇ ਹਾਂ।
ਸਾਡਾ ਸੋਸ਼ਣ ਇਨ੍ਹਾਂ ਰੱਜ ਕੀਤਾ,
ਖ਼ੂਨ ਅਸਾਡਾ ਰੱਜ ਕੇ ਪੀਤਾ।
ਇਨ੍ਹਾਂ ਸਾਡੇ ਗੁਰੂ ਨਹੀਂ ਬਖਸ਼ੇ,
ਸਿੱਧੜ ਸਿੱਖ ਪਾਏ ਪੁੱਠੇ ਰਸਤੇ।
ਆਪਣੀ ਮਹਿਮਾ ਖ਼ੂਬ ਕਰਾਈ,
ਪਿੱਟਦੀ ਰਹਿ ਗਈ ਸਭ ਲੋਕਾਈ।
ਚਿੱਟ ਕੱਪੜੀਏ ਬਗਲੇ ਇਹ ਸਾਰੇ,
ਸਾਡੇ ਸਿਰਾਂ 'ਤੇ ਲੈਣ ਨਜ਼ਾਰੇ।
ਅੰਧਵਿਸ਼ਵਾਸੀ ਅੰਨ੍ਹੇ ਹੋ ਕੇ,
ਕਿਉਂ ਖਾਂਦੇ ਹੋ ਥਾਂ ਥਾਂ ਧੋਖੇ ?
ਜਾਗੋ ਹੁਣ 'ਤੇ ਜਾਗੋ ਲੋਕੋ,
ਹਿੰਮਤ ਕਰੋ ਬਗਲਿਆਂ ਨੂੰ ਠੋਕੋ।
ਨਿਗਲ਼ ਚੁੱਕੇ ਨੇ ਤੁਹਾਡੀਆਂ ਮੱਛੀਆਂ,
ਫੇਰ ਵੀ ਬੰਦ ਨੇ ਤੁਹਾਡੀਆਂ ਅੱਖੀਆਂ।
ਅੱਖਾਂ ਖੋਲ੍ਹੋ ਸੱਚ ਫਰੋਲੋ,
ਪਾਜ ਘਿਨਾਉਣੇ ਬਗਲਿਆਂ ਦੇ ਖੋਲ੍ਹੋ।

## ਹਾਦਸਾ-ਏ-ਦੋਸਤੀ

ਰੋਜ਼ੀ ਸਿੰਘ

ਹਾਦਸਾ-ਏ-ਦੋਸਤੀ ਸਦੀਆਂ ਪੁਰਾਣਾ ਹੋ ਗਿਆ,
ਓਸ ਤੋਂ ਵਿਛੜੇ ਮੈਨੂੰ, ਹੁਣ ਤਾਂ ਜ਼ਮਾਨਾ ਹੋ ਗਿਆ।
ਸ਼ੋਖ਼ ਚਿਹਰਾ ਸੀ ਜਦੋਂ ਮੈਂ ਦੇਖਿਆ ਸੀ ਅਜਨਬੀ,
ਦੇਖਦੇ ਹੀ ਦੇਖਦੇ ਦਿਲ ਆਸ਼ਕਾਨਾ ਹੋ ਗਿਆ।
ਹੌਲ਼ੀ-ਹੌਲ਼ੀ ਬੋਝ ਲੱਗਣ ਲੱਗ ਪਈ ਸੀ ਜ਼ਿੰਦਗੀ,
ਤੇਰੇ ਆਉਂਦੇ ਹੀ ਤਾਂ ਏਹ ਮੌਸਮ ਸੁਹਾਨਾ ਹੋ ਗਿਆ।
ਮੈਂ ਮੁਸਾਫ਼ਿਰ ਹਾਂ ਮੇਰੀ ਫ਼ਿਤਰਤ 'ਚ ਹੈ ਆਵਾਰਗੀ,
ਆਰਜ਼ੂ ਮੇਰੀ ਦਾ ਏਹ, ਦੁਸ਼ਮਣ ਜ਼ਮਾਨਾ ਹੋ ਗਿਆ।
ਜਿਸ ਗਲੀ ਦਾ ਨਾਮ ਵੀ, ਮੈਂ ਕਦੇ ਸੁਣਿਆ ਨਾ ਸੀ,
ਉਸ ਮੁਹੱਲੇ ਰੋਜ਼ ਦਾ ਹੁਣ ਆਉਣਾ-ਜਾਣਾ ਹੋ ਗਿਆ।
ਉਸ ਕਿਹਾ ਸੀ ਜਾਨ ਤੈਥੋਂ ਵਾਰ ਦੇਵਾਂਗਾ ਮਗਰ,
'ਰੋਜ਼ੀ' ਦਾ ਹਰ ਬੋਲ ਹੀ, ਝੂਠਾ 'ਫ਼ਸਾਨਾ ਹੋ ਗਿਆ।

## ਕਵਿਤਾ ਭੁੱਲ ਗਈ ਹੈ

ਜਸਵੰਤ ਗਿੱਲ ਸਮਾਲਸਰ

ਕਵਿਤਾ ਭੁੱਲ ਗਈ ਹੈ
ਅੱਟਣਾਂ ਵਾਲੇ ਹੱਥਾਂ 'ਤੇ
ਮਿਹਨਤ ਦਾ ਫੁੱਲ ਬਣ ਖਿੜਨਾ
ਤੇ ਹੱਕਾਂ ਲਈ
ਉਨ੍ਹਾਂ ਹੱਥਾਂ ਦਾ ਮੁੱਕੇ ਬਣ ਉੱਠਣਾ...
ਕਵਿਤਾ ਭੁੱਲ ਗਈ ਹੈ
ਪਿਘਲੀ ਹੋਈ ਮੋਮਬੱਤੀ ਬਣ
ਬਿਆਈ ਵਾਲੇ ਪੈਰਾਂ 'ਚ ਭਰ ਜਾਣਾ
ਇਸਨੂੰ ਯਾਦ ਨਹੀਂ
ਕਰਚਿਆਂ ਦੀ ਮਾਰ ਝੱਲਦੇ
ਕਣਕ ਦੀਆਂ ਬੱਲੀਆਂ ਚੁਗਦੇ ਪੈਰ...
ਕਵਿਤਾ ਭੁੱਲ ਗਈ ਹੈ
ਕਿਸੇ ਗ਼ਰੀਬੜੀ ਮੁਟਿਆਰ ਦੇ
ਉਲਝੇ ਹੋਏ ਵਾਲਾਂ ਦੀਆਂ
ਮੀਢੀਆਂ ਬਣ ਸਜ ਜਾਣਾ
ਉਨ੍ਹਾਂ ਵਾਲਾਂ ਨੂੰ ਸੰਵਾਰਦੀ
ਚੁੰਨੀ ਬਣ ਸਿਰ 'ਤੇ ਟਿਕ ਜਾਣਾ...
ਕਵਿਤਾ ਭੁੱਲ ਗਈ ਹੈ
ਆਪਣੇ ਲਹੂ ਪਸੀਨੇ ਨਾਲ
ਫ਼ਸਲ ਨੂੰ ਜਵਾਨ ਕਰਦੇ
ਸੀਰੀ ਸਾਂਝੀ ਨੂੰ
ਜਿਸ ਲਈ ਛੱਬੀ ਜਨਵਰੀ
ਤੇ ਪੰਦਰਾਂ ਅਗਸਤ
ਕੋਈ ਮਾਅਨੇ ਨਹੀਂ ਰੱਖਦੇ...
ਕਵਿਤਾ ਭੁੱਲ ਗਈ ਹੈ
ਪੱਕੀ ਫ਼ਸਲ 'ਤੇ ਵਰ੍ਹਦੇ ਮੀਂਹ
ਝੁੱਲਦੀ ਹਨੇਰੀ 'ਚ
ਕਿਸਾਨ ਨੂੰ ਹੌਸਲਾ ਦੇਣਾ
ਤੇ ਉਸ ਦੇ ਮਨ ਵਿੱਚ ਆਉਂਦੇ
ਮਾੜੇ ਖ਼ਿਆਲਾਂ ਨੂੰ ਤੋੜ
ਜਿਉਣ ਲਈ ਮਿਹਨਤ ਦਾ ਹੋਕਾ ਦੇਣਾ...
ਕਵਿਤਾ ਭੁੱਲ ਗਈ ਹੈ
ਹੱਕਾਂ ਖ਼ਾਤਰ ਲੜਦੇ ਲੋਕਾਂ ਨੂੰ
ਲੜਨ ਲਈ ਹਿੰਮਤ ਦੇਣਾ
ਸੰਘਰਸ਼ ਲਈ ਸੀਨੇ 'ਚ
ਜਜ਼ਬਾ ਭਰਨਾ...।

## ਤੀਜੀ ਅੱਖ

ਮਾ. ਸੁਖਵਿੰਦਰ ਦਾਨਗੜ੍ਹ

ਸਕੂਲ ਦਾ ਬਸਤਾ,
ਗੋਹੇ ਦੇ ਬੱਠਲ
ਤੋਂ ਭਾਰਾ ਨਹੀਂ ਹੁੰਦਾ!!
ਪੈਨਸਿਲ ਅਤੇ ਪੈੱਨ,
ਕਹੀ ਅਤੇ ਦੁਰਮਟ
ਵਾਂਗ ਹੱਥਾਂ 'ਚ ਅੱਟਣ
ਨਹੀਂਓ ਪਾਉਂਦੇ!!
ਸਿਆਹੀ ਦੀ ਦਵਾਤ,
ਜਾਨ ਨੂੰ ਖ਼ਤਰਾ ਨਹੀਂ
ਕੋਲੇ ਦੀ ਜ਼ਹਿਰੀਲੀ ਖਾਣ ਵਾਂਗ।
ਗਣਿਤ ਦੇ ਸਵਾਲ ਕੱਢਣੇ,
ਸੀਵਰੇਜ ਦੀ ਗਾਰ ਕੱਢਣ,
ਜਿੰਨੇ ਔਖੇ ਨਹੀਂ ਹੁੰਦੇ!
ਕੀ-ਬੋਰਡ 'ਤੇ ਉਂਗਲਾਂ ਮਾਰਨੀਆਂ,
ਸੀਮਿੰਟ ਰਲਾਉਣ ਨਾਲੋਂ,
ਕਿਤੇ ਆਸਾਨ ਹੁੰਦੀਆਂ ਨੇ!
ਕਾਗਜ਼ 'ਤੇ ਝਰੀਟਾਂ ਵਾਹੁਣੀਆਂ,
ਧੁੱਪ 'ਚ ਪਿੰਡਾ ਸਾੜਨ ਨਾਲੋਂ
ਔਖੀਆਂ ਨਹੀਂ ਹੁੰਦੀਆਂ!!
ਦੋ ਅੱਖਾਂ ਨਾਲ,
ਤੀਜੀ ਅੱਖ
ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ!

## ਗ਼ਜ਼ਲ

ਜਸਵਿੰਦਰ ਸਿੰਘ ਰੁਪਾਲ

ਕਾਹਤੋਂ ਨਾ ਮਿਲਣ ਯਾਰੋ ਰੁਜ਼ਗਾਰ ਦੇ ਵਸੀਲੇ।
ਨਜ਼ਰੀਂ ਨ ਆਉਣ ਕਿਧਰੇ ਸਰਕਾਰ ਦੇ ਵਸੀਲੇ।
ਜੀਵਨ ਬੜਾ ਏ ਛੋਟਾ ਨਿਭਦਾ ਨ ਪਿਆਰ ਦਿਸਦਾ
ਪੈਦਾ ਕਰੋਂ ਭਲਾ ਕਿਉਂ ਤਕਰਾਰ ਦੇ ਵਸੀਲੇ।
ਹਰ ਥਾਂ 'ਤੇ ਹੋ ਰਹੇ ਨੇ ਝਗੜੇ ਮੁਬਾਹਸੇ ਬਹਿਸਾਂ
ਮਿਲ ਕੇ ਬਣਾਓ ਸਾਰੇ ਕੁਝ ਪਿਆਰ ਦੇ ਵਸੀਲੇ।
ਖ਼ੁਦ ਹੀ ਜੇ ਹੱਲ ਕਰਦੇ ਅੱਗੇ ਹੋ ਮਸਲਿਆਂ ਨੂੰ
ਹੁੰਦੇ ਕਿਉਂ ਨਾ ਸੂਹੇ ਨਰ ਨਾਰ ਦੇ ਵਸੀਲੇ।
ਫੁੱਲਾਂ ਤੋਂ ਮਹਿਕ ਲੈ ਕੇ ਵੰਡੋ 'ਰੁਪਾਲ' ਸਭ ਨੂੰ
ਦਿਲ 'ਚੋਂ ਨਿਕਾਲ ਦੇਵੋ ਤਲਵਾਰ ਦੇ ਵਸੀਲੇ।

# ਕ੍ਰਿਕਟ ਤੋਂ ਇਲਾਵਾ ਹੋਰਨਾਂ ਖੇਡਾਂ 'ਚ ਭਾਰਤ ਪਿੱਛੇ ਕਿਉਂ ?



ਕ੍ਰਿਕਟ ਇੱਕ ਅਜਿਹੀ ਖੇਡ ਹੈ ਜਿਸ ਨੂੰ ਅੰਗਰੇਜ਼ਾਂ ਦੁਆਰਾ ਭਾਰਤ ਲਿਆਂਦਾ ਗਿਆ ਅਤੇ ਫਿਰ ਹੌਲੀ-ਹੌਲੀ ਇਹ ਖੇਡ ਭਾਰਤ ਅਤੇ ਭਾਰਤੀ ਉਪ ਮਹਾਂਦੀਪ ਵਿੱਚ ਬਹੁਤ ਮਸ਼ਹੂਰ ਹੋ ਗਈ। 200 ਤੋਂ ਵੱਧ ਦੇਸ਼ਾਂ ਦੀ ਇਸ ਦੁਨੀਆਂ 'ਚ ਸ਼ਾਇਦ ਹੀ 20 ਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਿਕਟ ਖੇਡਦੇ ਹਨ। ਪਰ ਇਸ ਦੇ ਬਾਵਜੂਦ ਇਹ ਖੇਡ ਭਾਰਤ ਅਤੇ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬਹੁਤ ਮਸ਼ਹੂਰ ਹੈ। ਟੀ-20 ਨੇ ਕ੍ਰਿਕਟ ਨੂੰ ਹੋਰ ਰੋਮਾਂਚਕ ਖੇਡ ਬਣਾ ਦਿੱਤਾ ਹੈ।

ਭਾਵੇਂ ਭਾਰਤ ਨੇ ਆਜ਼ਾਦੀ ਤੋਂ ਪਹਿਲਾਂ ਆਪਣਾ ਪਹਿਲਾ ਟੈਸਟ ਕ੍ਰਿਕਟ 1932 ਵਿੱਚ ਖੇਡਿਆ ਸੀ, ਪਰ ਹੌਲੀ-ਹੌਲੀ ਕ੍ਰਿਕਟ ਦਾ ਵਿਸਥਾਰ ਹੋਇਆ ਅਤੇ ਪਹਿਲੀ ਵਾਰ ਦੁਨੀਆਂ ਨੇ ਭਾਰਤ ਦੀ ਕ੍ਰਿਕਟ ਦਾ ਲੋਹਾ ਮਨਵਾਇਆ ਜਦੋਂ ਭਾਰਤ ਨੇ ਕਪਿਲ ਦੇਵ ਦੀ ਅਗਵਾਈ ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਮੈਚ ਖੇਡਿਆ ਅਤੇ ਵਨਡੇ ਵਿਸ਼ਵ ਕੱਪ ਜਿੱਤਿਆ।

ਸਾਲ 1983 ਵਿੱਚ ਵਨਡੇ ਕ੍ਰਿਕਟ ਦਾ ਤੀਜਾ ਵਿਸ਼ਵ ਕੱਪ ਖੇਡਿਆ ਗਿਆ। ਭਾਰਤ ਨੇ ਦੋ ਵਾਰ ਦੇ ਵਿਸ਼ਵ ਕੱਪ ਜੇਤੂ ਅਤੇ ਉਸ ਸਮੇਂ ਦੀ ਸਭ ਤੋਂ ਮਜ਼ਬੂਤ ਟੀਮ ਕਹੀ ਜਾਣ ਵਾਲੀ ਵੈਸਟਇੰਡੀਜ਼ ਨੂੰ ਹਰਾ ਕੇ ਪਹਿਲੀ ਵਾਰ ਵਿਸ਼ਵ ਕੱਪ ਟਰਾਫੀ ਆਪਣੇ ਨਾਂ ਕੀਤੀ।

ਇਹ ਭਾਰਤ ਲਈ ਮਾਣ ਵਾਲਾ ਪਲ ਸੀ। ਇੱਥੋਂ ਹੀ ਕ੍ਰਿਕਟ ਪ੍ਰੇਮੀ ਕ੍ਰਿਕਟ ਦੇ ਦੀਵਾਨੇ ਹੋਣ ਲੱਗੇ। ਭਾਰਤ ਦੀ ਹਰ ਗਲੀ ਵਿੱਚ ਕ੍ਰਿਕਟ ਖੇਡਿਆ ਜਾ ਰਿਹਾ ਸੀ। 90 ਦੇ ਦਹਾਕੇ ਦੇ ਸ਼ੁਰੂ ਵਿੱਚ, ਭਾਰਤ ਵਿੱਚ ਸਚਿਨ ਤੇਂਦੁਲਕਰ, ਸੌਰਵ ਗਾਂਗੁਲੀ, ਰਾਹੁਲ ਦ੍ਰਾਵਿੜ ਵਰਗੇ ਕ੍ਰਿਕੇਟ ਸੁਪਰਸਟਾਰਾਂ ਦੀ ਸ਼ੁਰੂਆਤ ਨੇ ਭਾਰਤੀ ਕ੍ਰਿਕੇਟ ਨੂੰ ਅੱਗੇ ਵਧਾਇਆ।

ਕ੍ਰਿਕੇਟ ਸਭ ਤੋਂ ਸਸਤੀ ਖੇਡ ਹੈ ਅਤੇ ਜੇਕਰ ਤੁਸੀਂ ਭਾਰਤ ਵਿੱਚ ਇਸ ਸਸਤੀ ਖੇਡ ਵਿੱਚ ਰਣਜੀ ਖੇਡਦੇ ਹੋ ਤਾਂ ਵੀ ਤੁਹਾਨੂੰ ਬਹੁਤ ਸਾਰਾ ਪੈਸਾ ਮਿਲਣਾ ਸ਼ੁਰੂ ਹੋ ਜਾਂਦਾ ਹੈ। ਆਈਪੀਐਲ ਅਤੇ ਟੀਮ ਇੰਡੀਆ ਨੂੰ ਭੁੱਲ ਜਾਓ। ਸ਼ੁਰੂ ਵਿੱਚ ਤੁਹਾਨੂੰ ਸਿਰਫ਼ ਇੱਕ ਬੱਲੇ ਅਤੇ ਇੱਕ ਗੇਂਦ ਦੀ ਲੋੜ ਹੁੰਦੀ ਹੈ। ਭਾਵੇਂ ਟੀਮ ਵਿੱਚ ਇੱਕ ਸਮੇਂ ਵਿੱਚ 11 ਵਿਅਕਤੀ ਹੋਣੇ ਚਾਹੀਦੇ ਹਨ ਪਰ ਅਸੀਂ ਭਾਰਤੀ ਜੁਗਾੜੂ ਹਾਂ। ਦੋ ਜਣੇ ਇਕੱਠੇ ਕ੍ਰਿਕਟ ਖੇਡਣ ਦਾ ਵੀ ਆਨੰਦ ਲੈਂਦੇ ਹਨ। ਪਿੰਡ ਵਿੱਚ ਬਚਪਨ ਵਿੱਚ ਅਸੀਂ ਕਿਸੇ ਤਰ੍ਹਾਂ ਟੈਨਿਸ ਬਾਲ ਖ਼ਰੀਦਦੇ ਹੁੰਦੇ ਸੀ। ਇਸ ਤੋਂ ਬਾਅਦ ਉਹ ਖੁਦ ਬੱਲੇ ਅਤੇ ਵਿਕਟ ਬਣਾਉਂਦੇ ਸਨ। ਘੱਟ ਕੀਮਤ ਵਿੱਚ ਪੂਰਾ ਆਨੰਦ। ਭਾਰਤ ਵਿੱਚ ਕ੍ਰਿਕਟ ਦੀ ਅਜਿਹੀ ਲੋਕ-ਪ੍ਰਿਯਤਾ ਹੈ ਕਿ ਜਦੋਂ ਬੱਚਾ ਥੋੜ੍ਹਾ ਵੱਡਾ ਹੁੰਦਾ ਹੈ, ਤਾਂ ਉਸ ਨੂੰ ਬੈਡਮਿੰਟਨ ਰੈਕੇਟ, ਹਾਕੀ ਸਟਿੱਕ ਜਾਂ ਫੁੱਟਬਾਲ ਨਹੀਂ ਬਲਕਿ ਇੱਕ ਬੱਲੇ ਦੀ ਗੇਂਦ ਦਿੱਤੀ ਜਾਂਦੀ ਹੈ!



ਕ੍ਰਿਕਟ ਦੀ ਪ੍ਰਸਿੱਧੀ ਦਾ ਸਭ ਤੋਂ ਵੱਡਾ ਕਾਰਨ ਇਸ ਖੇਡ ਦਾ ਰੋਮਾਂਚ ਹੈ। ਇੱਕ ਪਾਸੇ ਜਿੱਥੇ ਫੁੱਟਬਾਲ ਅਤੇ ਹਾਕੀ ਵਰਗੀਆਂ ਖੇਡਾਂ ਵਿੱਚ ਗੋਲ ਕਰਨ ਤੋਂ ਬਾਅਦ ਹੀ ਮਜ਼ਾ ਆਉਂਦਾ ਹੈ, ਉੱਥੇ ਹੀ ਦੂਜੇ ਪਾਸੇ ਕ੍ਰਿਕਟ ਵਿੱਚ ਵੀ ਤੁਸੀਂ ਹਰ ਗੇਂਦ ਨਾਲ ਖੇਡ ਦਾ ਆਨੰਦ ਲੈ ਸਕਦੇ ਹੋ। ਹਾਂ, ਇਹ ਇੱਕ ਹਕੀਕਤ ਹੈ ਕਿ ਕ੍ਰਿਕਟ ਦੀ ਖੇਡ ਨੂੰ ਹੋਰ ਖੇਡਾਂ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ। ਪਰ ਟੀ-20 ਫਾਰਮੈਟ ਦੇ ਰੂਪ ਵਿੱਚ ਵੱਡਾ ਸਮਾਂ ਬਰੇਕ ਆਇਆ ਹੈ। ਇਹੀ ਕਾਰਨ ਹੈ ਕਿ ਆਈਪੀਐਲ ਵਰਗੀਆਂ ਕ੍ਰਿਕਟ ਲੀਗਾਂ ਨੂੰ 150 ਤੋਂ ਵੱਧ ਦੇਸ਼ਾਂ ਵਿੱਚ ਦੇਖਿਆ ਜਾਂਦਾ ਹੈ।

ਅਸੀਂ ਭਾਰਤੀਆਂ ਨੇ ਕ੍ਰਿਕਟ ਨੂੰ ਬਹੁਤ ਮਸ਼ਹੂਰ ਕੀਤਾ ਹੈ ਭਾਵੇਂ ਸਾਡੇ ਕੋਲ ਬਹੁਤ ਸਮਾਂ ਹੈ। ਕ੍ਰਿਕਟ ਮੈਚ ਦੇਖਣ ਲਈ, ਸਕੂਲ ਜਾਂ ਕਾਲਜ ਤੋਂ ਬੰਕ ਕਰਨਾ ਜਾਂ ਦਫ਼ਤਰ ਤੋਂ ਛੁੱਟੀ ਲੈਣਾ ਭਾਰਤ ਵਿੱਚ ਆਮ ਗੱਲ ਹੈ। ਜਦੋਂ ਮਿਹਨਤਕਸ਼ ਲੋਕ ਛੁੱਟੀ ਲੈ ਕੇ ਮੈਚ ਦੇਖਦੇ ਹਨ ਤਾਂ ਸੋਚੋ ਕਿ ਵਿਹਲੇ ਬੈਠੇ ਬੇਰੁਜ਼ਗਾਰਾਂ ਨੇ ਕ੍ਰਿਕਟ ਦੀ ਪ੍ਰਸਿੱਧੀ ਵਿੱਚ ਕਿੰਨਾ ਵਡਮੁੱਲਾ ਯੋਗਦਾਨ ਪਾਇਆ ਹੈ!

ਬਾਲੀਵੁੱਡ ਤੋਂ ਬਾਅਦ, ਕ੍ਰਿਕਟ ਹੀ ਇਕ ਅਜਿਹੀ ਖੇਡ ਹੈ ਜੋ ਸਾਨੂੰ ਭਾਰਤੀਆਂ ਨੂੰ ਜੋੜਦੀ ਹੈ। ਕਹਿਣ ਦਾ ਮਤਲਬ ਇਹ ਹੈ ਕਿ ਭਾਰਤ ਦੀ ਏਕਤਾ ਅਤੇ ਅਖੰਡਤਾ ਵਿੱਚ ਕ੍ਰਿਕਟ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।ਭਾਰਤ ਵਿੱਚ ਹੋਰ ਵੀ ਖੇਡਾਂ ਹਨ, ਜਿਨ੍ਹਾਂ ਦੇ ਕਈ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਵੀ ਖੇਡਦੇ ਹਨ ਪਰ ਸਰਕਾਰ ਅਤੇ ਸਬੰਧਿਤ ਬੋਰਡ ਦੇ ਹੋਰਨਾਂ ਖੇਡਾਂ ਪ੍ਰਤੀ ਉਦਾਸੀਨ ਰਵੱਈਏ ਦੇ ਸਿੱਟੇ ਵਜੋਂ ਫੁੱਟਬਾਲ, ਹਾਕੀ, ਬੈਡਮਿੰਟਨ, ਟੈਨਿਸ ਜਾਂ ਐਥਲੈਟਿਕਸ ਦਾ ਵਿਕਾਸ ਨਹੀਂ ਹੋ ਰਿਹਾ। ਅਜਿਹਾ ਨਹੀਂ ਹੈ ਕਿ ਕ੍ਰਿਕਟ ਤੋਂ ਇਲਾਵਾ ਹੋਰ ਖੇਡਾਂ ਵਿੱਚ ਪ੍ਰਤਿਭਾਸ਼ਾਲੀ ਖਿਡਾਰੀਆਂ ਦੀ ਕਮੀ ਹੈ। ਸਮੱਸਿਆ ਇਹ ਹੈ ਕਿ ਨਾ ਤਾਂ ਖਿਡਾਰੀਆਂ ਨੂੰ ਸਹੀ ਮੌਕਾ ਮਿਲਦਾ ਹੈ ਅਤੇ ਨਾ ਹੀ ਬਿਹਤਰ ਸਿਖਲਾਈ ਮਿਲਦੀ ਹੈ। ਜੇਕਰ ਸਿਰਫ਼ ਕ੍ਰਿਕਟ ਹੀ ਸਾਡੇ ਕੋਲ ਰਹਿ ਜਾਵੇ ਤਾਂ ਇਹ ਯਕੀਨੀ ਤੌਰ 'ਤੇ ਹਰਮਨ ਪਿਆਰਾ ਹੋਵੇਗਾ।

# ਕੀ ਖਿਡਾਰਨਾਂ ਵੀ ਹੁੰਦੀਆਂ ਹਨ ਸ਼ੋਸ਼ਣ ਦਾ ਸ਼ਿਕਾਰ ?



ਸਮਾਜ ਦੇ ਹਰ ਖੇਤਰ ਵਿੱਚ ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਦੀ ਬੁਰਾਈ ਫੈਲ ਰਹੀ ਹੈ ਅਤੇ ਖੇਡ ਸੰਸਥਾਵਾਂ ਵਿੱਚ ਵੀ ਅਧਿਕਾਰੀਆਂ ਅਤੇ ਕੋਚਾਂ ਦੁਆਰਾ ਬਲਾਤਕਾਰ, ਜਿਨਸੀ ਸ਼ੋਸ਼ਣ ਅਤੇ ਪ੍ਰੇਸ਼ਾਨ ਕਰਨ ਦੀਆਂ ਸ਼ਿਕਾਇਤਾਂ ਆਮ ਹੋ ਗਈਆਂ ਹਨ।ਭਾਵੇਂ ਕਿ ਮਹਿਲਾ ਪਹਿਲਵਾਨਾਂ ਵੱਲੋਂ ਕੀਤੇ ਗਏ ਸੰਘਰਸ਼ ਕਾਰਨ ਖਿਡਾਰਨਾਂ ਨਾਲ ਕੀਤੇ ਜਾਂਦੇ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆ ਚੁੱਕਿਆ ਹੈ ਪਰ ਵੱਡੀ ਗਿਣਤੀ ਖਿਡਾਰਨਾਂ ਅਜਿਹੀਆਂ ਹਨ, ਜਿਹਨਾਂ ਦਾ ਜਿਨਸੀ ਸ਼ੋਸ਼ਣ ਹੋਣ ਦੇ ਬਾਵਜੂਦ ਉਹ ਮਾਮਲੇ ਸਾਹਮਣੇ ਨਹੀਂ ਆਏ। ਅਜਿਹੇ ਮਾਮਲਿਆਂ ਵਿੱਚ ਆਪਣੇ ਕੈਰੀਅਰ ਖਾਤਰ ਖਿਡਾਰਨਾਂ ਆਪਣੀ ਆਪ ਬੀਤੀ ਦੁਨੀਆਂ ਸਾਹਮਣੇ ਨਹੀਂ ਲਿਆਉਂਦੀਆਂ, ਜਿਸ ਕਾਰਨ ਜਿਨਸੀ ਸ਼ੋਸ਼ਣ ਕਰਨ ਵਾਲੇ ਅਧਿਕਾਰੀਆਂ ਦਾ ਹੌਂਸਲਾ ਵੱਧ ਜਾਂਦਾ ਹੈ। ਜੇਕਰ ਪਿਛਲੇ ਪੰਜ ਸਾਲਾਂ 'ਤੇ ਨਜ਼ਰ ਮਾਰੀਏ ਤਾਂ ਖੇਡਾਂ 'ਚ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਦੀ ਤਸਵੀਰ ਹੋਰ ਵੀ ਭਿਆਨਕ ਹੈ। ਇਹ ਉਦੋਂ ਹੁੰਦਾ ਹੈ ਜਦੋਂ ਬਹੁਤ ਸਾਰੇ ਕੇਸਾਂ ਦੀ ਰਿਪੋਰਟ ਨਹੀਂ ਕੀਤੀ ਜਾਂਦੀ।ਜੇਕਰ ਇਸ ਸਬੰਧੀ ਸਰਕਾਰੀ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 28 ਜੁਲਾਈ 2022 ਨੂੰ ਰਾਜ ਸਭਾ 'ਚ ਰਾਸ਼ਟਰੀ ਜਨਤਾ ਦਲ ਦੇ ਰਾਜ ਸਭਾ ਮੈਂਬਰ ਮਨੋਜ ਕੁਮਾਰ ਝਾਅ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਉਸ ਸਮੇਂ ਦੇ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਖੁਦ ਦੱਸਿਆ ਸੀ ਕਿ ਜਨਵਰੀ 2017 ਤੋਂ ਜੁਲਾਈ 2022 ਤੱਕ ਭਾਰਤੀ ਖੇਡ ਅਦਾਰਿਆਂ ਵਿੱਚ ਜਿਨਸੀ ਸ਼ੋਸ਼ਣ ਦੀਆਂ ਪ੍ਰਾਪਤ ਹੋਈਆਂ 30 ਸ਼ਿਕਾਇਤਾਂ ਵਿੱਚੋਂ ਦੋ ਗੁੰਮਨਾਮ ਸਨ। ਉਹਨਾਂ ਨੇ ਇਹ ਨਹੀਂ ਦੱਸਿਆ ਕਿ ਕੀ ਕਾਰਵਾਈ ਕੀਤੀ ਗਈ, ਪਰ ਦਾਅਵਾ ਕੀਤਾ ਕਿ ਸਾਰੇ 30 ਮਾਮਲਿਆਂ ਵਿੱਚ ਉਚਿਤ ਕਦਮ ਚੁੱਕੇ ਗਏ ਸਨ। ਉੱਚ ਖੇਡ ਸੰਸਥਾਵਾਂ ਤੋਂ ਲੈ ਕੇ ਸਕੂਲ ਪੱਧਰ ਤੱਕ ਖਿਡਾਰਨਾਂ ਨਾਲ ਅਕਸਰ ਜਿਨਸੀ ਸ਼ੋਸ਼ਣ ਦੀ ਘਟਨਾਂਵਾਂ ਵਾਪਰਦੀਆਂ ਹਨ ਪਰ ਵੱਡੀ ਗਿਣਤੀ ਅਜਿਹੀਆਂ ਘਟਨਾਂਵਾਂ ਦੀ ਕੋਈ ਸ਼ਿਕਾਇਤ ਨਹੀਂ ਕੀਤੀ ਜਾਂਦੀ, ਕਿਉਂਕਿ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਖਿਡਾਰਨਾਂ ਨੂੰ ਅਕਸਰ ਉਹਨਾਂ ਦਾ ਕੈਰੀਅਰ ਬਰਬਾਦ ਕਰਨ ਦੀ ਧਮਕੀ ਦੇ ਦਿੱਤੀ ਜਾਂਦੀ ਹੈ, ਜਿਸ ਕਰਕੇ ਉਹ ਚੁਪ ਰਹਿੰਦੀਆਂ ਹਨ।ਅਨੇਕਾਂ ਖਿਡਾਰਨਾਂ ਜਿਨਸੀ ਸ਼ੋਸ਼ਣ ਅਤੇ ਛੇੜਛਾੜ ਤੋਂ ਦੁਖੀ ਹੋ ਕੇ ਖੇਡਾਂ ਤੋਂ ਦੂਰ ਹੋ ਜਾਂਦੀਆਂ ਹਨ, ਜਿਸ ਕਾਰਨ ਚੰਗੀਆਂ ਖਿਡਾਰਨਾਂ ਅੱਗੇ ਆਉਣ ਤੋਂ ਰਹਿ ਜਾਂਦੀਆਂ ਹਨ।

ਅਜਿਹੀਆਂ ਘਟਨਾਂਵਾਂ ਕਾਰਨ ਹੀ ਵੱਡੀ ਗਿਣਤੀ ਮਾਪੇ ਆਪਣੀਆਂ ਧੀਆਂ ਨੂੰ ਖੇਡਾਂ ਵਿੱਚ ਹਿਸਾ ਨਹੀਂ ਲੈਣ ਦਿੰਦੇ, ਜਿਸ ਕਾਰਨ ਅਨੇਕਾਂ ਉਭਰਦੀਆਂ ਖਿਡਾਰਨਾਂ ਦਾ ਕੈਰੀਅਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦਾ ਹੈ।ਇਸ ਤੋਂ ਇਲਾਵਾ ਭਾਰਤ ਦੇ ਕਈ ਇਲਾਕਿਆਂ ਵਿੱਚ ਅਜੇ ਵੀ ਪਿਛੜਾਪਣ ਅਜਿਹਾ ਹੈ, ਜਿਥੇ ਕਿ ਲੜਕੀਆਂ ਦਾ ਖੇਡਾਂ ਵਿੱਚ ਹਿਸਾ ਲੈਣਾ ਚੰਗਾ ਨਹੀਂ ਸਮਝਿਆ ਜਾਂਦਾ। ਕਈ ਥਾਵਾਂ 'ਤੇ ਤਾਂ ਖਿਡਾਰਨਾਂ ਵੱਲੋਂ ਪਾਏ ਜਾਂਦੇ ਕੱਪੜਿਆਂ ਤੇ ਵੀ ਕਿੰਤੂ ਪ੍ਰੰਤੂ ਕੀਤੇ ਜਾਂਦੇ ਹਨ।ਟੈਨਿਸ ਸਟਾਰ ਸਾਨੀਆ ਮਿਰਜ਼ਾ ਨੂੰ ਵੀ ਆਪਣੇ ਕਪੜਿਆਂ ਕਾਰਨ ਕਈ ਤਰਾਂ ਦੇ ਕੁਮੈਂਟ ਸੁਣਨੇ ਪਏ ਸਨ ਪਰ ਉਸਨੇ ਆਪਣੀ ਖੇਡ ਉਪਰ ਇਸ ਦਾ ਅਸਰ ਨਹੀਂ ਸੀ ਹੋਣ ਦਿੱਤਾ। ਅਜਿਹਾ ਹੀ ਹੋਰ ਵੀ ਕਈ ਖਿਡਾਰਨਾਂ ਨਾਲ ਹੋ ਚੁਕਿਆ ਹੈ।

ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਵਿੱਚ ਜ਼ਿਆਦਾਤਰ ਖੇਡ ਫੈਡਰੇਸ਼ਨਾਂ ਦੀ ਅਗਵਾਈ ਜਾਂ ਤਾਂ ਸਿਆਸਤਦਾਨਾਂ, ਜਾਂ ਸ਼ਕਤੀਸ਼ਾਲੀ ਨੌਕਰਸ਼ਾਹਾਂ, ਜਾਂ ਅਮੀਰ ਵਪਾਰੀਆਂ ਦੁਆਰਾ ਕੀਤੀ ਜਾਂਦੀ ਹੈ। ਖੇਡ ਮੰਤਰਾਲਾ ਵੀ ਇਨ੍ਹਾਂ ਲੋਕਾਂ ਦੀ ਲਪੇਟ 'ਚ ਹੈ, ਅਜਿਹੇ 'ਚ ਮਹਿਲਾ ਖਿਡਾਰੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਸੁਣਵਾਈ ਦੀ ਸਥਿਤੀ ਕੀ ਹੋਵੇਗੀ, ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਹੈ।

# 24 ਅਗਸਤ ਤੋਂ ਸ਼ੁਰੂ ਹੋਵੇਗਾ ਯੂ.ਐਸ. ਓਪਨ

ਨਿਊਯਾਰਕ/ਏ.ਟੀ.ਨਿਊਜ਼: ਵਿੰਬਲਡਨ ਦਾ ਉਤਸ਼ਾਹ ਖ਼ਤਮ ਹੋ ਗਿਆ ਹੈ ਅਤੇ ਹੁਣ ਸਾਲ ਦੇ ਆਖਰੀ ਗ੍ਰੈਂਡ ਸਲੈਮ, ਯੂ.ਐਸ. ਓਪਨ 2025 ਦਾ ਰੋਮਾਂਚ 24 ਅਗਸਤ ਤੋਂ ਸ਼ੁਰੂ ਹੋਣ ਜਾ ਰਿਹਾ ਹੈ।



ਇਸ ਮੈਚ ਤੋਂ ਪਹਿਲਾਂ, ਯੂ.ਐਸ. ਓਪਨ ਦੇ ਸਾਰੇ ਮੁਕਾਬਲਿਆਂ ਦੀ ਕੁੱਲ ਇਨਾਮੀ ਰਾਸ਼ੀ ਲਗਭਗ 85 ਮਿਲੀਅਨ ਡਾਲਰ (7.45 ਕਰੋੜ ਰੁਪਏ) ਤੱਕ ਪਹੁੰਚ ਜਾਵੇਗੀ, ਜਿਸ ਵਿੱਚ ਮਹਿਲਾ ਅਤੇ ਪੁਰਸ਼ ਸਿੰਗਲ ਜੇਤੂਆਂ ਨੂੰ ਰਿਕਾਰਡ 5 ਮਿਲੀਅਨ ਡਾਲਰ (ਲਗਭਗ 44 ਕਰੋੜ ਰੁਪਏ) ਮਿਲਣਗੇ।

**ਯੂ.ਐਸ. ਓਪਨ ਜੇਤੂ ਨੂੰ 44 ਕਰੋੜ ਰੁਪਏ ਮਿਲਣਗੇ**

ਖਿਡਾਰੀਆਂ ਲਈ ਕੁੱਲ ਭੁਗਤਾਨ ਵਿੱਚ 20 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਇਹ ਟੈਨਿਸ ਇਤਿਹਾਸ ਦੀ ਸਭ ਤੋਂ ਵੱਡੀ ਇਨਾਮੀ ਰਾਸ਼ੀ ਬਣ ਗਈ ਹੈ। ਯੂ.ਐਸ ਟੈਨਿਸ ਐਸੋਸੀਏਸ਼ਨ (ਯੂ.ਐਸ.ਟੀ.ਏ.) ਨੇ ਇਸ ਸਾਲ ਦੇ ਆਖਰੀ ਗ੍ਰੈਂਡ ਸਲੈਮ ਟੂਰਨਾਮੈਂਟ ਲਈ ਇਨਾਮੀ ਰਾਸ਼ੀ ਦਾ ਐਲਾਨ ਕੀਤਾ।

ਇਹ ਟੂਰਨਾਮੈਂਟ 19-20 ਅਗਸਤ ਨੂੰ ਇੱਕ ਨਵੇਂ ਮਿਕਸਡ ਡਬਲ ਮੁਕਾਬਲੇ ਨਾਲ ਸ਼ੁਰੂ ਹੋਵੇਗਾ, ਜਿਸਦੀ ਚੋਟੀ ਦੀ ਇਨਾਮੀ ਰਾਸ਼ੀ ਇੱਕ ਮਿਲੀਅਨ ਡਾਲਰ (ਲਗਭਗ 8.77 ਕਰੋੜ ਰੁਪਏ) ਹੋਵੇਗੀ। ਇਸ ਵਾਰ ਸਿੰਗਲਜ਼ ਮੈਚ 24 ਅਗਸਤ ਤੋਂ ਸ਼ੁਰੂ ਹੋਣਗੇ।

ਇਹ ਪਹਿਲੀ ਵਾਰ ਹੋਵੇਗਾ ਅਤੇ ਉਨ੍ਹਾਂ ਦੀ ਮਿਆਦ 14 ਤੋਂ ਵਧਾ ਕੇ 15 ਦਿਨ ਕਰ ਦਿੱਤੀ ਗਈ ਹੈ। ਫਲੱਸ਼ਿੰਗ ਮੀਡੋਜ਼ ਵਿੱਚ ਇਸ ਵਾਧੇ ਦਾ ਕਾਰਨ ਇਹ ਹੈ ਕਿ ਹਾਲ ਹੀ ਦੇ ਮਹੀਨਿਆਂ ਵਿੱਚ, ਚੋਟੀ ਦੇ ਟੈਨਿਸ ਖਿਡਾਰੀ ਚਾਰ ਗ੍ਰੈਂਡ ਸਲੈਮ ਪ੍ਰਬੰਧਕਾਂ (ਯੂ.ਐਸ. ਓਪਨ, ਵਿੰਬਲਡਨ, ਫ੍ਰੈਂਚ ਓਪਨ, ਆਸਟ੍ਰੇਲੀਅਨ ਓਪਨ) ਤੋਂ ਵਧੇਰੇ ਮਾਲੀਆ ਵੰਡ ਅਤੇ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਭਾਗੀਦਾਰੀ ਦੀ ਮੰਗ ਕਰ ਰਹੇ ਹਨ।

ਨੋਵਾਕ ਜੋਕੋਵਿਚ, ਕੋਕੋ ਗੌਫ, 2024 ਦੀ ਜੇਤੂ ਅਰੀਨਾ ਸਬਾਲੇਂਕਾ ਅਤੇ ਜੈਨਿਕ ਸਿਨਰ ਸਮੇਤ 20 ਖਿਡਾਰੀਆਂ ਨੇ ਮਾਰਚ ਵਿੱਚ ਗ੍ਰੈਂਡ ਸਲੈਮ ਪ੍ਰਬੰਧਕਾਂ ਨੂੰ ਇੱਕ ਪੱਤਰ ਭੇਜਿਆ ਸੀ, ਜਿਸ ਵਿੱਚ ਵਧੇਰੇ ਇਨਾਮੀ ਰਾਸ਼ੀ ਦੀ ਮੰਗ ਕੀਤੀ ਗਈ ਸੀ ਅਤੇ ਖਿਡਾਰੀਆਂ ਦੀ ਆਵਾਜ਼ ਸੁਣੀ ਜਾਣੀ ਚਾਹੀਦੀ ਸੀ।

## ਤਾਨੀਆ ਨੇ ਸਾਈਪਨ ਇੰਟਰਨੈਸ਼ਨਲ ਖ਼ਿਤਾਬ ਜਿੱਤ ਕੇ ਮੀਲ ਪੱਥਰ ਸਥਾਪਤ ਕੀਤਾ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੀ ਬੈਡਮਿੰਟਨ ਖਿਡਾਰਨ ਤਾਨੀਆ ਹੇਮੰਤ ਨੇ ਪਿਛਲੇ ਦਿਨੀਂ ਮਹਿਲਾ ਸਿੰਗਲਜ਼ ਫਾਈਨਲ ਵਿੱਚ ਜਪਾਨ ਦੀ ਕਨਾਏ ਸਕਾਈ ਨੂੰ ਹਰਾ ਕੇ ਸਾਈਪਨ ਇੰਟਰਨੈਸ਼ਨਲ 2025 ਦਾ ਖਿਤਾਬ ਜਿੱਤ ਲਿਆ ਹੈ। ਦੁਨੀਆ ਵਿੱਚ 86ਵੇਂ ਸਥਾਨ 'ਤੇ ਕਾਬਜ਼ 21 ਸਾਲਾ ਤਾਨੀਆ ਨੇ ਗੈਰ-ਦਰਜਾ ਪ੍ਰਾਪਤ ਸਕਾਈ ਨੂੰ 15-10, 15-8 ਨਾਲ ਹਰਾ ਕੇ ਆਪਣਾ ਚੌਥਾ ਕੌਮਾਂਤਰੀ ਸੀਰੀਜ਼ ਖਿਤਾਬ ਜਿੱਤਿਆ। ਸਾਈਪਨ ਇੰਟਰਨੈਸ਼ਨਲ 15 ਅੰਕਾਂ ਦੇ ਤਿੰਨ ਗੇਮ ਸਕੋਰਿੰਗ ਪ੍ਰਣਾਲੀ ਲਈ ਬੈਡਮਿੰਟਨ ਵਿਸ਼ਵ ਫੈਡਰੇਸ਼ਨ ਦੇ ਟਰਾਇਲ ਦਾ ਹਿੱਸਾ ਹੈ, ਜਿਸ ਵਿੱਚ ਹਰ ਗੇਮ ਰਵਾਇਤੀ 21 ਅੰਕਾਂ ਦੀ ਬਜਾਏ 15 ਅੰਕਾਂ ਤੱਕ ਖੇਡੀ ਜਾਂਦੀ




ਹੈ। ਤਾਨੀਆ ਨੇ ਇਸ ਤੋਂ ਪਹਿਲਾਂ ਇੰਡੀਆ ਇੰਟਰਨੈਸ਼ਨਲ (2022), ਇਰਾਨ ਫਜਰ ਇੰਟਰਨੈਸ਼ਨਲ (2023) ਅਤੇ ਬੇਂਡੀਗੋ ਇੰਟਰਨੈਸ਼ਨਲ (2024) ਜਿੱਤੇ ਸਨ। ਉਸ ਨੇ ਇਸ ਜਿੱਤ ਨਾਲ ਇੱਕ ਹੋਰ ਮੀਲ ਪੱਥਰ ਸਥਾਪਤ ਕੀਤਾ ਹੈ।

# ਨਵੀਂਆਂ ਉੱਚਾਈਆਂ ਨੂੰ ਛੂਹ ਰਿਹੈ ਪੰਜਾਬੀ ਸਿਨੇਮਾ

ਭਾਰਤ ਪਾਕਿ ਦੀ ਵੰਡ ਨਹੀਂ ਸੀ ਹੋਈ ਤਾਂ ਲਾਹੌਰ ਵਿੱਚ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਹੁੰਦਾ ਸੀ। ਉਨ੍ਹਾਂ ਵੇਲਿਆਂ ਵਿੱਚ ਕੁਝ ਚੰਗੀਆਂ ਫ਼ਿਲਮਾਂ ਵੀ ਸਾਹਮਣੇ ਆਈਆਂ, ਪਰ ਉਸ ਸਮੇਂ ਲਗਪਗ ਇੱਕੋ ਤਰ੍ਹਾਂ ਦੀਆਂ ਫ਼ਿਲਮਾਂ ਬਣਦੀਆਂ ਸਨ ਤੇ ਉਨ੍ਹਾਂ ਦਾ ਗੀਤ ਸੰਗੀਤ ਵੀ ਇੱਕੋ ਜਿਹਾ ਹੁੰਦਾ ਸੀ। ਲਾਹੌਰ ਤੋਂ ਬੰਬਈ ਫ਼ਿਲਮ ਇੰਡਸਟਰੀ ਤਬਦੀਲ ਹੋਣ ਕਰਕੇ ਪੰਜਾਬੀ ਫ਼ਿਲਮਾਂ ਨੂੰ ਕੁਝ ਮੁਸ਼ਕਿਲਾਂ ਆਈਆਂ, ਪਰ ਹੌਲੀ ਹੌਲੀ ਗੱਡੀ ਲੀਹ 'ਤੇ ਆਉਂਦੀ ਗਈ ਜਿਸ ਨਾਲ ਫ਼ਿਲਮ 'ਯਮਲਾ ਜੱਟ', 'ਕੌਡੇ ਸ਼ਾਹ', 'ਮੰਗਤੀ', 'ਪੋਸਤੀ', 'ਹੀਰ ਸਿਆਲ' ਤੇ 'ਗੁਲ ਬਲੋਚ' ਵਗੈਰਾ ਫ਼ਿਲਮਾਂ ਨੇ ਵੱਖਰੀ ਤੋਰ ਫੜਨੀ ਸ਼ੁਰੂ ਕਰ ਦਿੱਤੀ ਤੇ ਗੀਤ ਸੰਗੀਤ ਵਿੱਚ ਵੀ ਥੋੜ੍ਹਾ ਵਖਰੇਵਾਂ ਪੈਣਾ ਸ਼ੁਰੂ ਹੋ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ 'ਮਦਾਰੀ', 'ਮੁਟਿਆਰ', 'ਭਾਈਆ ਜੀ', 'ਫੁੱਮਣ', 'ਵਣਜਾਰਾ', 'ਫੇਰੇ', 'ਪੀਂਘਾਂ', 'ਹੁਲਾਰੇ', 'ਮੁਕਲਾਵਾ', 'ਸਤਲੁਜ ਦੇ ਕੰਢੇ', 'ਲੱਛੀ', 'ਦੋ ਲੱਛੀਆਂ', 'ਕਿੱਕਲੀ', 'ਗੁੱਡੀ', 'ਸੱਤ ਸਾਲੀਆਂ', 'ਪਰਦੇਸੀ ਢੋਲਾ' ਆਦਿ ਫ਼ਿਲਮਾਂ ਆਮ ਦਰਸ਼ਕਾਂ ਵੱਲੋਂ ਇਸ ਆਈ ਤਬਦੀਲੀ ਕਰਕੇ ਪਸੰਦ ਕੀਤੀਆਂ ਗਈਆਂ। ਇਨ੍ਹਾਂ ਫ਼ਿਲਮਾਂ ਦਾ ਮਾਹੌਲ ਵੀ ਆਮ ਕਰਕੇ ਪਿੰਡਾਂ ਤੇ ਸ਼ਹਿਰਾਂ ਦੇ ਮਿਸ਼ਰਣ ਵਾਲਾ ਹੀ ਹੁੰਦਾ ਸੀ। ਉਦੋਂ ਹਾਲੇ ਸਾਡੇ ਕੋਲ ਕੋਈ ਖ਼ਾਸ ਪੇਂਡੂ ਨਿਰਮਾਤਾ ਤੇ ਨਿਰਦੇਸ਼ਕ ਨਹੀਂ ਸਨ ਜਿਸ ਕਰਕੇ ਪਿੰਡਾਂ ਤੇ ਸ਼ਹਿਰਾਂ ਦੀ ਬੋਲੀ ਵਿੱਚ ਵੀ ਕੋਈ ਖ਼ਾਸ ਵਖਰੇਵਾਂ ਵੇਖਣ ਨੂੰ ਨਹੀਂ ਮਿਲਦਾ। ਫ਼ਿਲਮਾਂ ਦੇ ਗੀਤਕਾਰ ਤੇ ਸੰਗੀਤਕਾਰ ਵੀ ਸ਼ਹਿਰੀ ਖੇਤਰਾਂ ਨਾਲ ਹੀ ਸਬੰਧਿਤ ਸਨ, ਜਿਸ ਕਰਕੇ ਇਨ੍ਹਾਂ ਦੀਆਂ ਕਹਾਣੀਆਂ, ਸੰਵਾਦ ਤੇ ਗੀਤ ਵੀ ਸ਼ਹਿਰੀ ਕਿਸਮ ਦੇ ਹੁੰਦੇ ਸਨ, ਪਰ ਹੁੰਦੇ ਬੇਮਿਸਾਲ ਸਨ ਜਿਨ੍ਹਾਂ ਦਾ ਅੱਜ ਵੀ ਕੋਈ ਸਾਨੀ ਨਹੀਂ।

ਦੱਸੀਆਂ ਫ਼ਿਲਮਾਂ ਤੇ ਉਸਤੋਂ ਬਾਅਦ ਆਈਆਂ ਰੰਗਦਾਰ ਫ਼ਿਲਮਾਂ ਨੇ ਵੀ ਪੰਜਾਬੀ ਸਿਨਮਾ ਵਿੱਚ ਕੋਈ ਖ਼ਾਸ ਤਬਦੀਲੀ ਨਾ ਲਿਆਂਦੀ, ਪਰ ਸੱਤਰਵਿਆਂ ਦੇ ਦਹਾਕੇ ਵਿੱਚ ਇੱਕ ਖ਼ਾਸ ਤਬਦੀਲੀ ਆਈ ਜਦੋਂ ਰਾਮ ਮਹੇਸ਼ਵਰੀ ਦੀ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਨੇ ਸਿਨਮਿਆਂ ਵਿੱਚ ਪ੍ਰਵੇਸ਼ ਕੀਤਾ। ਇਹ ਪਹਿਲੀ ਅਜਿਹੀ ਧਾਰਮਿਕ ਫ਼ਿਲਮ ਸੀ ਜਿਸ ਵਿੱਚ ਸਿੱਖੀ ਸਿਦਕ ਨੂੰ ਨਵੇ ਜ਼ਾਵੀਏ ਤੋਂ ਪੇਸ਼ ਕੀਤਾ ਗਿਆ। ਇਸ ਫ਼ਿਲਮ ਵਿੱਚ ਪ੍ਰਿਥਵੀ ਰਾਜ ਕਪੂਰ, ਸੋਮ ਦੱਤ, ਨਿਸ਼ੀ, ਵਿਮੀ ਤੇ ਆਈ ਐੱਸ ਜੌਹਰ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਫ਼ਿਲਮ ਵਿੱਚ ਸ਼ਰਧਾ ਭਾਵ ਇਸ ਕਦਰ ਭਾਰੂ ਸੀ ਕਿ ਇਸ ਦੀਆਂ ਧਾਰਮਿਕ ਭਾਵਨਾਵਾਂ ਨੇ ਦਰਸ਼ਕਾਂ ਦੀ ਭੀੜ ਨੂੰ ਖਿੱਚਿਆ ਤੇ ਜਦੋਂ ਫ਼ਿਲਮ ਵਿੱਚ ਕੋਈ ਖ਼ਾਸ ਧਾਰਮਿਕ ਭਾਵਨਾ ਉਜਾਗਰ ਹੁੰਦੀ ਸੀ ਤਾਂ ਕਈ ਦਰਸ਼ਕ ਸਕਰੀਨ ਵੱਲ ਪੈਸੇ ਸੁੱਟਣ ਲੱਗਦੇ ਸਨ। ਬੇਸ਼ੱਕ ਇਸ ਤੋਂ ਬਾਅਦ ਵੀ ਅਜਿਹੀਆਂ ਫ਼ਿਲਮਾਂ ਦਾ ਦੌਰ ਚੱਲਿਆ, ਪਰ ਇਹ ਕੋਈ ਖ਼ਾਸ ਜਲਵਾ ਨਾ ਦਿਖਾ ਸਕੀਆਂ, ਸਿਵਾਏ ਦਾਰਾ ਸਿੰਘ ਦੀ ਫ਼ਿਲਮ 'ਨਾਨਕ ਦੁਖੀਆ ਸਭ ਸੰਸਾਰ' ਦੇ। ਪਰ 'ਨਾਨਕ ਨਾਮ ਜਹਾਜ਼ ਹੈ' ਜਿੰਨੀ ਕਾਮਯਾਬੀ ਕਿਸੇ ਵੀ ਫ਼ਿਲਮ ਨੂੰ ਨਹੀਂ ਮਿਲੀ, ਪਰ ਸੁਨੀਲ ਦੱਤ ਤੇ ਰਾਧਾ ਸਲੂਜਾ ਦੀਆਂ ਮੁੱਖ ਭੂਮਿਕਾਵਾਂ ਵਾਲੀ ਫ਼ਿਲਮ 'ਮਨ ਜੀਤੇ ਜਗਜੀਤ' ਨੂੰ ਦਰਸ਼ਕਾਂ ਨੇ ਖ਼ੂਬ ਸਰਾਹਿਆ। ਜੇ ਓਮ ਪ੍ਰਕਾਸ਼ ਨੇ ਰਾਜ ਬੱਬਰ ਨੂੰ ਬਤੌਰ ਹੀਰੋ ਲੈ ਕੇ 'ਆਸਰਾ ਪਿਆਰ ਦਾ' ਬਣਾਈ ਤੇ ਸੋਹਨ ਲਾਲ ਕੰਵਰ ਨੇ ਸੁਭਾਸ਼ ਘਈ ਨੂੰ ਨਾਇਕ ਵਜੋਂ 'ਸ਼ੇਰਨੀ' ਵਿੱਚ ਪੇਸ਼ ਕੀਤਾ। ਇਵੇਂ ਹੀ ਅਭਿਨੇਤਰੀ ਪ੍ਰਿਅੰਕਾ ਚੋਪੜਾ ਨੇ ਅਮਰਿੰਦਰ ਗਿੱਲ ਨੂੰ ਲੈ ਕੇ 'ਸਰਵਣ' ਫ਼ਿਲਮ ਬਣਾਕੇ ਆਪਣੇ ਪੰਜਾਬਣ ਹੋਣ ਦਾ ਕਰਜ਼ ਉਤਾਰਿਆ। ਫ਼ਿਲਮ ਇੰਡਸਟਰੀ ਵੱਡੇ ਫਿਲਮਸਾਜ਼ਾਂ ਤੇ ਸਿਤਾਰਿਆਂ ਨਾਲ ਭਰੀ ਪਈ ਹੈ, ਪਰ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਪੰਜਾਬੀ ਸਿਨਮਾ ਦੀ ਬਾਂਹ ਫੜਣ ਦਾ ਜ਼ੇਰਾ ਨਹੀਂ ਦਿਖਾਇਆ।




'ਕਣਕਾਂ ਦੇ ਓਹਲੇ' ਜਦੋਂ ਆਈ ਤਾਂ ਇਸ ਦਾ ਸਵਾਗਤ ਹੋਇਆ। ਫਿਲਮ ਕਾਲੀ ਚਿੱਟੀ ਸੀ, ਪਰ ਫ਼ਿਲਮ ਨੂੰ ਹਿੱਟ ਕਰਨ ਲਈ ਇਸ ਵਿੱਚ ਧਰਮਿੰਦਰ ਤੇ ਆਸ਼ਾ ਪਾਰਿਖ 'ਤੇ ਫ਼ਿਲਮਾਏ ਇੱਕ ਗੀਤ ਨੂੰ ਰੰਗਦਾਰ ਕਰ ਦਿੱਤਾ ਸੀ। ਇਸ ਉਪਰੰਤ ਇੱਕ ਹੋਰ ਮੋੜ ਆਇਆ ਜਦੋਂ ਜਗਜੀਤ (ਮਰਹੂਮ) ਦੇ ਨਿਰਦੇਸ਼ਨ ਅਧੀਨ ਇੱਕ ਫ਼ਿਲਮ 'ਪੁੱਤ ਜੱਟਾਂ ਦੇ' ਦਾ ਨਿਰਮਾਣ ਹੋਇਆ। ਇਸ ਫ਼ਿਲਮ ਤੋਂ ਬਾਅਦ ਜੱਟਾਂ ਦੇ ਟਾਈਟਲ ਵਾਲੀਆਂ ਫ਼ਿਲਮਾਂ ਦਾ ਹੜ੍ਹ ਆ ਗਿਆ। ਫਿਰ ਵਰਿੰਦਰ ਮੈਦਾਨ ਵਿੱਚ ਆਇਆ ਤੇ ਉਸ ਨੇ ਬੇਸ਼ੱਕ ਆਪਣੀਆਂ ਬਹੁਤੀਆਂ ਫ਼ਿਲਮਾਂ ਨੂੰ ਟਾਈਟਲ ਤਾਂ ਜੱਟਾਂ ਵਾਲੇ ਨਹੀਂ ਦਿੱਤੇ, ਪਰ ਫ਼ਿਲਮਾਂ ਵਿੱਚ ਜੱਟਾਂ ਦੇ ਕਾਰਨਾਮਿਆਂ ਦੇ ਨਜ਼ਾਰੇ ਜ਼ਰੂਰ ਵੇਖਣ ਨੂੰ ਮਿਲੇ ਜਿਵੇਂ 'ਲੰਬੜਦਾਰਨੀ', 'ਸਰਪੰਚ', 'ਬਟਵਾਰਾ' ਆਦਿ। ਵਰਿੰਦਰ, ਮਿਹਰ ਮਿੱਤਲ, ਨਿਰਮਲ ਰਿਸ਼ੀ, ਯੋਗਰਾਜ ਸਿੰਘ, ਗੁੱਗੂ ਗਿੱਲ, ਸਰਦਾਰ ਸੋਹੀ, ਓਮ ਪੁਰੀ ਆਦਿ ਕਲਾਕਾਰਾਂ ਨੇ ਓਪਰੀ ਜਿਹੀ ਲੱਗਣ ਵਾਲੀ ਪੰਜਾਬੀ ਜ਼ੁਬਾਨ ਨੂੰ ਠੇਠਤਾ ਦਾ ਜਾਮਾ ਪਹਿਨਾਉਂਦਿਆਂ ਨਵੇਂ ਅਰਥ ਪ੍ਰਦਾਨ ਕੀਤੇ। ਵਰਿੰਦਰ ਵਰਗੇ ਫ਼ਿਲਮਸਾਜ਼ਾਂ ਨੇ ਅਖਾੜਾ ਕਲਚਰ ਨੂੰ ਵੀ ਪ੍ਰਮੁੱਖਤਾ ਦੇਣੀ ਆਰੰਭ ਕਰ ਦਿੱਤੀ, ਸਿੱਟੇ ਵਜੋਂ ਮੁਹੰਮਦ ਸਦੀਕ, ਕੁਲਦੀਪ ਮਾਣਕ, ਛਿੰਦਾ, ਨਰਿੰਦਰ ਬੀਬਾ, ਪੰਮੀ ਬਾਈ, ਰਣਜੀਤ ਕੌਰ ਆਦਿ ਨੇ ਵੀ ਫ਼ਿਲਮੀ ਸਕਰੀਨ 'ਤੇ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ।


'ਚੰਨ ਪਰਦੇਸੀ', 'ਲੌਂਗ ਦਾ ਲਿਸ਼ਕਾਰਾ', 'ਮੜ੍ਹੀ ਦਾ ਦੀਵਾ' ਵਰਗੀਆਂ ਸਾਫ਼ ਸੁਥਰੀਆਂ ਫ਼ਿਲਮਾਂ ਦਰਸ਼ਕਾਂ ਵੱਲੋਂ ਪ੍ਰਵਾਨ ਕੀਤੀਆਂ ਗਈਆਂ। ਰੁਮਾਂਟਿਕ ਤੇ ਸਮਾਜਿਕ ਸਰੋਕਾਰਾਂ ਦੀਆਂ ਫ਼ਿਲਮਾਂ ਵੀ ਨਿਰੰਤਰ ਬਣਦੀਆਂ ਰਹੀਆਂ ਜਿਵੇ ਨਿਰਦੇਸ਼ਕ ਹਰੀ ਦੱਤ ਤੇ ਗਾਇਕ ਗੁਰਦਾਸ ਮਾਨ ਦੀ 'ਮਾਮਲਾ ਗੜਬੜ ਹੈ' ਆਈ ਅਤੇ ਬਾਅਦ ਵਿੱਚ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ', 'ਵਾਰਿਸ਼ ਸ਼ਾਹ' ਅਤੇ ਹਰਭਜਨ ਮਾਨ ਕ੍ਰਿਤ 'ਜੀ ਆਇਆਂ ਨੂੰ'। ਮਰਹੂਮ ਜਸਪਾਲ ਭੱਟੀ ਨੂੰ ਵੀ ਅਸੀਂ ਭੁਲਾ ਨਹੀਂ ਸਕਦੇ। ਉਸਨੇ ਸ਼ਹਿਰੀ ਮੁਹਾਵਰੇ ਦੀ ਇੱਕ ਸਾਫ਼ ਸੁਥਰੀ ਕਾਮੇਡੀ ਫ਼ਿਲਮ 'ਮਾਹੌਲ ਠੀਕ ਹੈ' ਦਾ ਨਿਰਮਾਣ ਕਰਕੇ ਦਰਸ਼ਕਾਂ ਦੇ ਵੱਡੇ ਵਰਗ ਨੂੰ ਆਪਣੇ ਵੱਲ ਖਿੱਚਿਆ। ਹੁਣ ਤਾਂ ਪਿਛਲੇ ਕੁਝ ਵਰ੍ਹਿਆਂ ਤੋਂ ਆਮ ਜਿਹੀਆਂ ਫ਼ਿਲਮਾਂ ਦੇ ਨਾਲ ਨਾਲ ਕੁਝ ਇੱਕ ਖ਼ਾਸ ਕਿਸਮ ਦੀਆਂ ਫ਼ਿਲਮਾਂ ਦਾ ਨਿਰਮਾਣ ਵੀ ਪੰਜਾਬੀ ਸਿਨੇਮਾ ਲਈ ਸ਼ੁਭ ਸ਼ਗਨ ਹੀ ਮੰਨਿਆ ਜਾ ਸਕਦਾ ਹੈ, ਮਸਲਨ 'ਅਸਾਂ ਨੂੰ ਮਾਣ ਵਤਨਾਂ ਦਾ' , 'ਧਰਤੀ', 'ਅੰਗਰੇਜ਼', 'ਬੰਬੂਕਾਟ' ਆਦਿ। ਦੋ ਤਿੰਨ ਫ਼ਿਲਮਾਂ ਜਿਵੇਂ 'ਕੈਰੀ ਔਨ ਜੱਟਾ', 'ਚੱਕ ਦੇ ਫੱਟੇ', 'ਜੱਟ ਐਂਡ ਜੂਲੀਅਟ' ਨੂੰ ਇਨ੍ਹਾਂ ਦੀ ਕਾਮੇਡੀ ਤੇ ਅਦਾਕਾਰੀ ਕਰਕੇ ਜਾਣਿਆ ਗਿਆ, ਪਰ ਇਹ ਦੇਖਣ ਵਿੱਚ ਮਿਲਿਆ ਹੈ ਕਿ ਅੱਜ ਦੀਆਂ ਕੁਝ ਫ਼ਿਲਮਾਂ ਵਿੱਚ ਗਾਲਾਂ ਦਾ ਪ੍ਰਯੋਗ ਵਧੇਰੇ ਕੀਤਾ ਜਾਂਦਾ ਹੈ। ਇਸ ਨਾਲ ਪੰਜਾਬੀਆਂ ਦੇ ਅਕਸ ਨੂੰ ਢਾਹ ਲੱਗਦੀ ਹੈ। ਅੱਜ ਬੀਨੂੰ ਢਿੱਲੋਂ, ਜਸਵਿੰਦਰ ਭੱਲਾ, ਰਾਣਾ ਰਣਬੀਰ, ਕਰਮਜੀਤ ਅਨਮੋਲ, ਬੀ.ਐੱਨ. ਸ਼ਰਮਾ, ਐੱਮੀ ਵਿਰਕ, ਗੁਰਚੇਤ ਚਿੱਤਰਕਾਰ, ਗੁਰਪ੍ਰੀਤ ਘੁੱਗੀ ਆਦਿ ਨੂੰ ਦਰਸ਼ਕ ਹਾਸਰਸ ਕਲਾਕਾਰਾਂ ਵਜੋਂ ਪਸੰਦ ਕਰਦੇ ਹਨ। ਪੰਜਾਬੀ ਫ਼ਿਲਮਾਂ ਦੇ ਪੁਰਾਣੇ ਇਤਿਹਾਸ ਵੱਲ ਪਰਤਦਿਆਂ ਉਦੋਂ ਦੀ ਲੋੜ ਮੁਤਾਬਿਕ ਤੇ ਉਸ ਵੇਲੇ ਦੀ ਤਕਨੀਕ ਅਨੁਸਾਰ ਵਧੀਆ ਨਿਰਮਾਣ ਕਾਰਜ ਹੋਏ। ਸਮੇਂ ਨੇ ਕਰਵਟ ਬਦਲੀ ਤੇ ਫ਼ਿਲਮ ਨਿਰਮਾਣ ਵਿੱਚ ਤਬਦੀਲੀਆਂ ਨਜ਼ਰ ਆਉਣ ਲੱਗੀਆਂ। ਬੇਸ਼ੱਕ ਪਹਿਲਿਆਂ ਦੀ ਨਿਸਬਤ ਫ਼ਿਲਮਾਂ ਦੇ ਨਿਰਮਾਣ ਵਿੱਚ ਵਾਧਾ ਹੋਇਆ ਹੈ, ਪਰ ਇਸ ਦੇ ਬਾਵਜੂਦ ਪੰਜਾਬੀ ਫ਼ਿਲਮਾਂ ਦੇ ਸ਼ੁਰੂਆਤੀ ਦੌਰ ਦੀਆਂ ਫ਼ਿਲਮਾਂ ਨੂੰ ਕੁਝ ਇੱਕ ਖ਼ਾਸ ਪਹਿਲੂਆਂ ਦੇ ਸਨਮੁੱਖ ਭੁਲਾਇਆਂ ਵੀ ਨਹੀਂ ਜਾ ਸਕਦਾ। ਖ਼ਾਸ ਕਰਕੇ 1970 ਤੱਕ ਜਿਹੜੀਆਂ ਫ਼ਿਲਮਾਂ ਸਾਡੇ ਸਾਹਮਣੇ ਆਈਆਂ; ਉਨ੍ਹਾਂ ਦੇ ਗੀਤ, ਸੰਗੀਤ ਨੂੰ ਤਾਂ ਕਦੇ ਚੇਤਿਆਂ ਵਿੱਚੋਂ ਮਿਟਾਉਣਾ ਸੰਭਵ ਹੀ ਨਹੀਂ ਜਾਪਦਾ।


'ਚੌਧਰੀ ਕਰਨੈਲ ਸਿੰਘ', 'ਉਡੀਕਾਂ', 'ਚੰਨ ਪਰਦੇਸੀ' ਆਦਿ ਫ਼ਿਲਮਾਂ ਵਿੱਚੋਂ ਲੰਘਦਿਆਂ ਐਂਵੇ ਨੀਂ 'ਨਾਬਰ', 'ਅੰਨ੍ਹੇ ਘੋੜੇ ਦਾ ਦਾਨ' ਜਿਹੀਆਂ ਫ਼ਿਲਮਾਂ ਜਾਂ ਗੁਰਵਿੰਦਰ ਵਰਗਿਆਂ ਨੇ ਯਥਾਰਥਕ ਪਹੁੰਚ ਦੇ ਕਲਾਤਮਕ ਸਿਨਮਾ ਕੋਲ ਅੱਪੜਣ ਦੇ ਯਤਨ ਕੀਤੇ,ਪਰ ਅਜੇ ਹੋਰ ਉੱਚਾਈਆਂ ਨੂੰ ਵੀ ਛੂਹਣਾ ਹੈ ਜਿਨ੍ਹਾਂ ਦਾ ਬੀਜ ਲਘੂ ਫ਼ਿਲਮਾਂ ਦੇ ਨਮੂਨੇ ਦੇ ਤੌਰ 'ਤੇ ਲਗਪਗ ਰੱਖਿਆ ਜਾ ਚੁੱਕਾ ਹੈ।

# ਮੁੱਖ ਹੀਰੋਈਨ ਤੋਂ ਬਿਨਾਂ ਵੀ ਦਰਸ਼ਕਾਂ ਨੇ ਪਸੰਦ ਕੀਤੀਆਂ ਕਈ ਫ਼ਿਲਮਾਂ

ਜਦੋਂ ਵੀ ਕਿਸੇ ਫ਼ਿਲਮ ਦੀ ਕਹਾਣੀ ਲਿਖੀ ਜਾਂਦੀ ਹੈ ਤਾਂ ਮੁੱਖ ਕਿਰਦਾਰ ਨਿਭਾਉਣ ਲਈ ਸਭ ਤੋਂ ਪਹਿਲਾਂ ਮੁੱਖ ਅਦਾਕਾਰਾਂ ਅਤੇ ਅਭਿਨੇਤਰੀਆਂ ਨੂੰ ਕਾਸਟ ਕੀਤਾ ਜਾਂਦਾ ਹੈ। ਆਮ ਤੌਰ 'ਤੇ ਕਿਸੇ ਫ਼ਿਲਮ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਪਿਆਰ ਦਾ ਕੋਣ ਦਿਖਾਇਆ ਜਾਂਦਾ ਹੈ ਅਤੇ ਇਸ ਦੇ ਲਈ ਇੱਕ ਮੁੱਖ ਅਦਾਕਾਰਾ ਦੀ ਲੋੜ ਹੁੰਦੀ ਹੈ। ਆਮ ਤੌਰ 'ਤੇ ਅਸੀਂ ਅਭਿਨੇਤਰੀ ਤੋਂ ਬਿਨਾਂ ਫ਼ਿਲਮ ਬਾਰੇ ਸੋਚ ਵੀ ਨਹੀਂ ਸਕਦੇ। ਜਦਕਿ ਅਸਲ 'ਚ ਕਈ ਫ਼ਿਲਮਾਂ ਅਜਿਹੀਆਂ ਹਨ, ਜਿਨ੍ਹਾਂ 'ਚ ਕੋਈ ਲੀਡ ਅਭਿਨੇਤਰੀ ਕਾਸਟ ਨਹੀਂ ਕੀਤੀ ਗਈ ਪਰ ਫ਼ਿਰ ਵੀ ਫ਼ਿਲਮ ਨੂੰ ਭਰਵਾਂ ਹੁੰਗਾਰਾ ਮਿਲਿਆ।

ਬਾਲੀਵੁੱਡ ਦੀਆਂ ਕਈ ਅਜਿਹੀਆਂ ਫ਼ਿਲਮਾਂ ਸਨ, ਜਿਨ੍ਹਾਂ ਵਿੱਚ ਕੋਈ ਲੀਡ ਅਦਾਕਾਰਾ ਨਹੀਂ ਸੀ, ਪਰ ਫ਼ਿਰ ਵੀ ਇਨ੍ਹਾਂ ਫ਼ਿਲਮਾਂ ਨੇ ਚੰਗਾ ਕਾਰੋਬਾਰ ਕੀਤਾ। ਦਰਸ਼ਕਾਂ ਤੋਂ ਲੈ ਕੇ ਆਲੋਚਕਾਂ ਤੱਕ ਫ਼ਿਲਮ ਦੀ ਕਹਾਣੀ ਨੂੰ ਸਲਾਹਿਆ ਗਿਆ। ਇਸ ਲਈ ਅੱਜ ਇਸ ਲੇਖ ਵਿਚ ਅਸੀਂ ਤੁਹਾਨੂੰ ਅਜਿਹੀਆਂ ਹੀ ਕੁਝ ਫ਼ਿਲਮਾਂ ਬਾਰੇ ਦੱਸ ਰਹੇ ਹਾਂ।







### ਏ ਵੇਡਨਸਡੇ

ਨਸੀਰੂਦੀਨ ਸ਼ਾਹ ਅਤੇ ਅਨੁਪਮ ਖੇਰ ਫ਼ਿਲਮ 'ਏ ਵੇਡਨਸਡੇ' 'ਚ ਮੁੱਖ ਭੂਮਿਕਾਵਾਂ 'ਚ ਨਜ਼ਰ ਆਏ ਸਨ। ਇਹ ਫ਼ਿਲਮ ਅਸਲ ਵਿੱਚ ਤਾਮਿਲ ਫ਼ਿਲਮ ਉਨਨੈਪੋਲ ਓਰੂਵਨ ਅਤੇ ਤੇਲਗੂ ਫ਼ਿਲਮ ਈਨਾਦੂ ਦੀ ਰੀਮੇਕ ਹੈ, ਜਿਸ ਵਿੱਚ ਅਨੁਪਮ ਖੇਰ ਇੱਕ ਪੁਲਿਸ ਅਫ਼ਸਰ ਦੀ ਭੂਮਿਕਾ ਵਿੱਚ ਨਜ਼ਰ ਆਏ ਸਨ। ਜਦੋਂ ਕਿ ਨਸੀਰੂਦੀਨ ਸ਼ਾਹ ਇੱਕ ਆਮ ਆਦਮੀ ਦੀ ਭੂਮਿਕਾ ਵਿੱਚ ਸਨ। ਇਹ ਛੋਟੇ ਬਜਟ ਦੀ ਫ਼ਿਲਮ ਸੀ, ਪਰ ਇਸ ਨੇ ਚੰਗਾ ਕਾਰੋਬਾਰ ਕੀਤਾ। ਇਸ ਨੇ 56ਵੇਂ ਰਾਸ਼ਟਰੀ ਫ਼ਿਲਮ ਅਵਾਰਡ ਵਿੱਚ ਸਰਵੋਤਮ ਨਿਰਦੇਸ਼ਕ ਡੈਬਿਊ ਵੀ ਜਿੱਤਿਆ। ਇਸ ਫ਼ਿਲਮ ਵਿੱਚ ਕੋਈ ਲੀਡ ਹੀਰੋਇਨ ਨਹੀਂ ਸੀ।

### ਲਾਈਫ਼ ਆਫ਼ ਪਾਈ

ਲਾਈਫ਼ ਆਫ਼ ਪਾਈ ਸਾਲ 2012 ਵਿੱਚ ਰਿਲੀਜ਼ ਹੋਈ ਸੀ। ਇਹ ਯੈਨ ਮਾਰਟੇਲ ਦੇ ਨਾਵਲ ਲਾਈਫ਼ ਆਫ਼ ਪਾਈ ਦਾ ਰੂਪਾਂਤਰ ਹੈ। ਇਸ ਫ਼ਿਲਮ ਵਿੱਚ ਕੋਈ ਲੀਡ ਹੀਰੋਇਨ ਨਹੀਂ ਸੀ। ਫ਼ਿਲਮ ਪੂਰੀ ਤਰ੍ਹਾਂ 'ਪੀ' ਨਾਂਅ ਦੇ ਲੜਕੇ ਬਾਰੇ ਹੈ ਜੋ ਸਾਰੇ ਧਰਮਾਂ ਦਾ ਪਾਲਣ ਕਰਦਾ ਹੈ। ਉਹ ਹਿੰਦੂ ਧਰਮ, ਇਸਲਾਮ ਅਤੇ ਈਸਾਈਅਤ ਅਤੇ ਰੱਬ ਨੂੰ ਸਾਰੇ ਰੂਪਾਂ ਵਿੱਚ ਪਿਆਰ ਕਰਦਾ ਹੈ। ਇਸ ਫ਼ਿਲਮ ਦੀ ਦੁਨੀਆਂ ਵਿੱਚ ਹਰ ਕਿਸੇ ਵੱਲੋਂ ਸ਼ਲਾਘਾ ਕੀਤੀ ਗਈ। ਇਸ ਤੋਂ ਇਲਾਵਾ ਫ਼ਿਲਮ ਨੇ ਕਈ ਐਵਾਰਡ ਵੀ ਜਿੱਤੇ।




### ਓ ਮਾਈ ਗੌਡ

ਓ ਮਾਈ ਗੌਡ ਵਿੱਚ ਪਰੇਸ਼ ਰਾਵਲ ਅਤੇ ਅਕਸ਼ੇ ਕੁਮਾਰ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਏ ਸਨ। ਇਸ ਫ਼ਿਲਮ 'ਚ ਮਿਥੁਨ ਚੱਕਰਵਰਤੀ ਨੇ ਵੀ ਕੰਮ ਕੀਤਾ ਸੀ। ਇਸ ਫ਼ਿਲਮ ਵਿੱਚ ਭਾਵੇਂ ਕੋਈ ਲੀਡ ਹੀਰੋਇਨ ਨਹੀਂ ਸੀ ਪਰ ਇਸ ਫ਼ਿਲਮ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਹ ਫ਼ਿਲਮ ਭੂਚਾਲ ਨਾਲ ਆਪਣੀ ਦੁਕਾਨ ਦੇ ਤਬਾਹ ਹੋਣ ਤੋਂ ਬਾਅਦ ਬੀਮਾ ਕੰਪਨੀ ਤੋਂ ਆਪਣੇ ਪੈਸੇ ਇਕੱਠੇ ਕਰਨ ਦੀ ਕੋਸ਼ਿਸ਼ ਦੇ ਆਲੇ-ਦੁਆਲੇ ਘੁੰਮਦੀ ਹੈ। ਇਸ ਨੇ ਦੁਨੀਆ ਭਰ ਵਿੱਚ ਲਗਭਗ 357 ਮਿਲੀਅਨ ਡਾਲਰ ਇਕੱਠੇ ਕੀਤੇ।

### ਤਾਰੇ ਜਮੀਂ ਪਰ

ਆਮਿਰ ਖਾਨ ਦੀ 'ਤਾਰੇ ਜ਼ਮੀਨ ਪਰ' ਸੁਪਰਹਿੱਟ ਫ਼ਿਲਮ ਸੀ। ਇਸ ਫ਼ਿਲਮ ਨੇ ਮਾਪਿਆਂ ਨੂੰ ਬੱਚਿਆਂ ਨੂੰ ਸਮਝਣ ਦਾ ਇੱਕ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ। ਫ਼ਿਲਮ ਵਿੱਚ ਆਮਿਰ ਖਾਨ ਅਤੇ ਦਰਸ਼ੀਲ ਸਫ਼ਾਰੀ ਨੇ ਕ੍ਰਮਵਾਰ ਇੱਕ ਸਕੂਲ ਅਧਿਆਪਕ ਅਤੇ ਇੱਕ ਸਕੂਲੀ ਲੜਕੇ ਦੀ ਭੂਮਿਕਾ ਨਿਭਾਈ ਸੀ। ਸਾਲ 2007 'ਚ ਰਿਲੀਜ਼ ਹੋਈ ਇਸ ਫ਼ਿਲਮ ਦੀ ਕਹਾਣੀ ਹੀ ਨਹੀਂ ਬਲਕਿ ਗੀਤਾਂ ਨੂੰ ਵੀ ਕਾਫ਼ੀ ਪਸੰਦ ਕੀਤਾ ਗਿਆ ਸੀ। ਸਿਰਫ਼ ਅੱਠ ਸਾਲ ਦੀ ਉਮਰ ਵਿੱਚ ਦਰਸ਼ੀਲ ਨੇ ਬਹੁਤ ਵਧੀਆ ਅਦਾਕਾਰੀ ਕੀਤੀ ਸੀ।

## ਕੈਨੇਡਾ ਵਿੱਚ ਬਿਸ਼ਨੋਈ ਗੈਂਗ ਨੂੰ ਦਹਿਸ਼ਤਗਰਦ

ਵਿੱਚ ਕਈ ਕਾਰੋਬਾਰੀਆਂ ਨੂੰ ਧਮਕੀਆਂ ਮਿਲੀਆਂ ਹਨ ਅਤੇ ਪੁਲਿਸ ਨੇ ਇਨ੍ਹਾਂ ਨੂੰ ਟ੍ਰਾਂਸਨੈਸ਼ਨਲ ਕ੍ਰਾਈਮ ਨਾਲ ਜੋੜਿਆ ਹੈ।

ਲਿਬਰਲ ਪਾਰਟੀ ਦੀ ਸਰਕਾਰ ਨੇ ਅਜੇ ਤੱਕ ਇਸ ਮੰਗ ਉੱਤੇ ਕੋਈ ਜਵਾਬ ਨਹੀਂ ਦਿੱਤਾ। ਪਬਲਿਕ ਸੇਫਟੀ ਮੰਤਰੀ ਅਨੰਦਾਸਾਂਗਰੀ ਨੇ ਚਿੱਠੀ ਦੇ ਜਵਾਬ ਵਿੱਚ ਕਿਹਾ ਕਿ ਉਹ ਇਸ ਨੂੰ ਵਿਚਾਰ ਰਹੇ ਹਨ, ਪਰ ਕੋਈ ਫੈਸਲਾ ਨਹੀਂ ਲਿਆ।

ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ, ਜੋ ਪਾਕਿਸਤਾਨੀ ਮਾਫੀਆ ਨਾਲ ਜੁੜਿਆ ਹੈ ਅਤੇ ਦੁਬਈ ਵਿੱਚ ਰਹਿੰਦਾ ਹੈ, ਨੇ ਇੱਕ ਵਾਇਰਲ ਪੋਡਕਾਸਟ ਵੀਡੀਓ ਵਿੱਚ ਦਾਅਵਾ ਕੀਤਾ ਕਿ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਤੋਂ ਇਲਾਵਾ ਕੁਝ ਸਿਆਸਤਦਾਨ ਅਤੇ ਸਰਕਾਰੀ ਅਧਿਕਾਰੀ ਵੀ ਸ਼ਾਮਲ ਸਨ। ਭੱਟੀ ਨੇ ਕਿਹਾ ਕਿ ਉਹ ਅਤੇ ਲਾਰੈਂਸ ਪਹਿਲਾਂ ਦੋਸਤ ਸਨ, ਮੂਸੇਵਾਲਾ ਲਾਰੈਂਸ ਨੂੰ ਪੈਸੇ ਭੇਜਦਾ ਸੀ, ਪਰ ਜਦੋਂ ਮੰਗ ਵਧ ਗਈ ਤਾਂ ਦੋਸਤੀ ਦੁਸ਼ਮਣੀ ਵਿੱਚ ਬਦਲ ਗਈ। ਭੱਟੀ ਨੇ ਕਿਹਾ ਕਿ ਲਾਰੈਂਸ ਖੁਦ ਕੁਝ ਨਹੀਂ ਕਰਦਾ, ਸਾਰੇ ਅਪਰਾਧ ਸਰਕਾਰੀ ਏਜੰਸੀਆਂ ਕਰਦੀਆਂ ਹਨ ਅਤੇ ਉਹ ਜ਼ਿੰਮੇਵਾਰੀ ਲੈਂਦਾ ਹੈ। ਉਸ ਨੇ ਬਾਬਾ ਸਿੱਦੀਕੀ ਦੇ ਕਤਲ ਅਤੇ ਹੋਰ ਖੁਲਾਸੇ ਕਰਨ ਦੀ ਧਮਕੀ ਵੀ ਦਿੱਤੀ। ਇਹ ਪੋਡਕਾਸਟ ਸੱਤ ਦਿਨ ਪਹਿਲਾਂ ਵਾਇਰਲ ਹੋਇਆ ਅਤੇ ਭੱਟੀ ਨੇ ਕਿਹਾ ਕਿ ਉਹ ਪਿਛਲੇ ਡੇਢ ਸਾਲ ਤੋਂ ਧਮਕੀਆਂ ਮਿਲ ਰਹੀਆਂ ਹਨ।

ਇਸ ਸਭ ਨਾਲ ਕੈਨੇਡਾ-ਭਾਰਤ ਸਬੰਧਾਂ ਵਿੱਚ ਤਣਾਅ ਵਧ ਰਿਹਾ ਹੈ। ਕੰਜ਼ਰਵੇਟਿਵ ਐੱਮਪੀ ਜਸਰਾਜ ਹੱਲਣ ਨੇ ਕਿਹਾ ਕਿ ਗੈਂਗ ਨੇ ਅਜਿਹੇ ਬਿਆਨ ਦਿੱਤੇ ਹਨ ਜੋ ਸਿਆਸੀ ਸੋਚ ਦੇ ਹਨ, ਅਤੇ ਕੈਨੇਡੀਅਨ ਲੋਕਾਂ ਨੂੰ ਸੁਰੱਖਿਆ ਚਾਹੀਦੀ ਹੈ। ਕੈਨੇਡਾ ਵਿੱਚ ਭਾਈਚਾਰੇ ਵਿੱਚ ਡਰ ਹੈ ਅਤੇ ਪੁਲਿਸ ਉੱਤੇ ਸਵਾਲ ਉੱਠ ਰਹੇ ਹਨ ਕਿ ਅਜਿਹੇ ਅਪਰਾਧੀ ਕੈਨੇਡਾ ਵਿੱਚ ਕਿਵੇਂ ਦਾਖਲ ਹੋਏ? ਇਹ ਮਾਮਲਾ ਅੱਗੇ ਕੀ ਰੂਪ ਲਵੇਗਾ, ਇਹ ਵੇਖਣ ਵਾਲੀ ਗੱਲ ਹੈ, ਪਰ ਫਿਲਹਾਲ ਇਹ ਕੈਨੇਡੀਅਨ ਸਿਆਸਤ ਦਾ ਵੱਡਾ ਮੁੱਦਾ ਬਣਿਆ ਹੋਇਆ ਹੈ।

***

## ਕੀ ਸਿੱਖ ਪੰਥ ਦੇ ਸੰਵਿਧਾਨਕ ਹੱਕ

ਸਿੱਖ ਭਾਵਨਾਵਾਂ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲ ਕੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾਵੇਗੀ।

ਗੁਰਧਿਆਨ ਸਿੰਘ ਨਾਲ ਵਾਪਰੀ ਘਟਨਾ ਨੇ ਸਿੱਖਾਂ ਦੇ ਸੰਵਿਧਾਨਕ ਅਧਿਕਾਰਾਂ ਅਤੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਵੱਛ ਭਾਰਤ ਅਭਿਆਨ ਵਰਗੀ ਪਹਿਲਕਦਮੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਸਰਪੰਚ ਨੂੰ ਸਨਮਾਨ ਦੀ ਬਜਾਏ ਅਪਮਾਨ ਮਿਲਣਾ ਨਾ ਸਿਰਫ਼ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ, ਸਗੋਂ ਸੰਵਿਧਾਨ ਦੀ ਆਤਮਾ ਦੀ ਵੀ ਉਲੰਘਣਾ ਹੈ।

***

## ਟਰੰਪ ਦੇ ਟੈਰਿਫ ਖ਼ਿਲਾਫ਼ ਬ੍ਰਿਕਸ

ਨੇ ਟਰੰਪ ਦੇ ਟੈਰਿਫਾਂ ਦੇ ਖਿਲਾਫ ਮਜ਼ਬੂਤ ਰੁਖ ਅਪਨਾਇਆ ਹੈ। ਬ੍ਰਿਕਸ ਦੇਸ਼ਾਂ ਦੀ ਰੀਓ ਡੀ ਜਨੇਰੋ ਵਿੱਚ ਹੋਈ ਸਿਖਰ ਮੀਟਿੰਗ ਵਿੱਚ ਇੱਕ ਸੰਯੁਕਤ ਬਿਆਨ ਜਾਰੀ ਕੀਤਾ ਗਿਆ, ਜਿਸ ਵਿੱਚ ਬਿਨਾਂ ਅਮਰੀਕਾ ਦਾ ਨਾਂ ਲਏ, ਟੈਰਿਫਾਂ ਨੂੰ ਵਿਸ਼ਵ ਵਪਾਰ ਲਈ ਨੁਕਸਾਨਦੇਹ ਦੱਸਿਆ ਗਿਆ। ਇਸ ਬਿਆਨ ਵਿੱਚ ਕਿਹਾ ਗਿਆ ਕਿ ਟੈਰਿਫ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਦੇ ਨਿਯਮਾਂ ਦੀ ਉਲੰਘਣਾ ਕਰਦੇ ਹਨ ਅਤੇ ਵਿਸ਼ਵ ਸਪਲਾਈ ਚੇਨ ਨੂੰ ਖਤਰੇ ਵਿੱਚ ਪਾਉਂਦੇ ਹਨ।

ਬ੍ਰਿਕਸ ਦੇਸ਼ਾਂ ਨੇ ਸਪੱਸ਼ਟ ਕੀਤਾ ਕਿ ਉਹ ਅਮਰੀਕਾ ਵਿਰੋਧੀ ਨਹੀਂ ਹਨ, ਸਗੋਂ ਉਹ ਵਿਸ਼ਵ ਵਿੱਚ ਇੱਕ ਬਹੁਧਰੁਵੀ ਵਿਵਸਥਾ ਚਾਹੁੰਦੇ ਹਨ, ਜਿਸ ਵਿੱਚ ਅਮਰੀਕੀ ਡਾਲਰ ਦੀ ਸਰਦਾਰੀ ਨੂੰ ਚੁਣੌਤੀ ਦਿੱਤੀ ਜਾ ਸਕੇ। ਰੂਸ ਅਤੇ ਚੀਨ ਲੰਬੇ ਸਮੇਂ ਤੋਂ ਡਾਲਰ ਦੀ ਨਿਰਭਰਤਾ ਘਟਾਉਣ ਦੀ ਵਕਾਲਤ ਕਰ ਰਹੇ ਹਨ। ਉਨ੍ਹਾਂ ਨੇ ਆਪਣੀਆਂ ਮੁਦਰਾਵਾਂ, ਜਿਵੇਂ ਕਿ ਰੂਸੀ ਰੂਬਲ ਅਤੇ ਚੀਨੀ ਯੂਆਨ, ਵਿੱਚ ਵਪਾਰ ਨੂੰ ਉਤਸ਼ਾਹਿਤ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਭਾਰਤ ਨੇ ਹੁਣ ਤੱਕ ਬ੍ਰਿਕਸ ਮੁਦਰਾ ਦੀ ਵਕਾਲਤ ਨਹੀਂ ਕੀਤੀ, ਪਰ ਟਰੰਪ ਦੇ ਟੈਰਿਫਾਂ ਨੇ ਭਾਰਤ ਨੂੰ ਵੀ ਬ੍ਰਿਕਸ ਦੇ ਨਾਲ ਮਜ਼ਬੂਤੀ ਨਾਲ ਜੁੜਨ ਲਈ ਮਜਬੂਰ ਕਰ ਦਿੱਤਾ ਹੈ।

ਭਾਰਤ, ਜੋ ਪਿਛਲੇ 25 ਸਾਲਾਂ ਤੋਂ ਅਮਰੀਕਾ ਦਾ ਨੇੜਲਾ ਸਹਿਯੋਗੀ ਰਿਹਾ ਹੈ, ਹੁਣ ਟਰੰਪ ਦੀਆਂ ਨੀਤੀਆਂ ਕਾਰਨ ਰੂਸ ਅਤੇ ਚੀਨ ਵੱਲ ਝੁਕ ਰਿਹਾ ਹੈ। ਇਹ ਅਮਰੀਕੀ ਕੂਟਨੀਤੀ ਲਈ ਵੱਡਾ ਝਟਕਾ ਹੈ। ਜੇਕਰ ਟਰੰਪ ਆਪਣੀ ਟੈਰਿਫ ਨੀਤੀ 'ਤੇ ਅੜੇ ਰਹੇ, ਤਾਂ ਸੰਭਵ ਹੈ ਕਿ ਬ੍ਰਿਕਸ ਦੇਸ਼ ਵਧੇਰੇ ਆਕਰਮਕ ਰੁਖ ਅਪਣਾਉਣ। ਇਸ ਨਾਲ ਅਮਰੀਕੀ ਡਾਲਰ ਦੀ ਬਾਦਸ਼ਾਹੀ 'ਤੇ ਸਵਾਲ ਉੱਠਣ ਦੀ ਸੰਭਾਵਨਾ ਹੋਰ ਵਧ ਜਾਵੇਗੀ।

ਜੇਕਰ ਟਰੰਪ ਆਪਣੀ ਨੀਤੀ 'ਤੇ ਅੜੇ ਰਹੇ, ਤਾਂ ਸੰਭਵ ਹੈ ਕਿ ਉਨ੍ਹਾਂ ਨੂੰ ਟੈਰਿਫ ਵਾਪਸ ਲੈਣ ਲਈ ਮਜਬੂਰ ਹੋਣਾ ਪਵੇ। ਨਹੀਂ ਤਾਂ, ਬ੍ਰਿਕਸ ਦੀ ਮਜ਼ਬੂਤ ਗੁੱਟਬੰਦੀ ਅਮਰੀਕੀ ਅਰਥਚਾਰੇ ਅਤੇ ਡਾਲਰ ਦੀ ਸਾਖ ਨੂੰ ਵੱਡਾ ਝਟਕਾ ਦੇ ਸਕਦੀ ਹੈ।

***

## ਕਿਵੇਂ ਰੁਕੇਗੀ ਰੂਸ-ਯੂਕ੍ਰੇਨ ਜੰਗ ?

ਜੇ ਇਸ ਜੰਗ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਦੀ ਭੂਮਿਕਾ ਦੀ ਗੱਲ ਕੀਤੀ ਜਾਵੇ ਤਾਂ ਰੂਸ ਨੇ ਜਦੋਂ 24 ਫ਼ਰਵਰੀ 2022 ਨੂੰ ਯੂਕ੍ਰੇਨ ਉੱਤੇ ਹਮਲਾ ਬੋਲਿਆ ਸੀ ਤਾਂ ਸੰਯੁਕਤ ਰਾਸ਼ਟਰ ਨੇ ਨਿੰਦਾ ਮਤੇ ਉੱਤੇ ਤੁਰੰਤ ਵੋਟਿੰਗ ਕਰਵਾਈ ਸੀ, ਜਿਸ 'ਚ ਸੰਯੁਕਤ ਰਾਸ਼ਟਰ ਦੇ 193 ਮੈਂਬਰ ਦੇਸ਼ਾਂ ਵਿੱਚੋਂ 141 ਨੇ ਰੂਸ ਦੇ ਵਿਰੋਧ 'ਚ ਵੋਟਾਂ ਪਾਈਆਂ ਸਨ। ਯੂਕ੍ਰੇਨ 'ਤੇ ਹਮਲਾ ਕਰਨ ਕਰਕੇ ਰੂਸ ਦੀ ਪੂਰੀ ਦੁਨੀਆ ਵਿੱਚ ਨਿਖੇਧੀ ਹੋ ਰਹੀ ਹੈ, ਪਰ ਰੂਸ ਆਪਣੇ ਸਟੈਂਡ 'ਤੇ ਡਟਿਆ ਹੋਇਆ ਹੈ, ਜਿਸ ਕਾਰਨ ਇਹ ਜੰਗ ਅਜੇ ਤੱਕ ਜਾਰੀ ਹੈ।

ਕਿਹਾ ਜਾਂਦਾ ਹੈ ਕਿ ਯੂਕ੍ਰੇਨ ਉਪਰ ਰੂਸ ਦਾ ਇਹ ਹਮਲਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਕਿਸੇ ਯੂਰਪੀਅਨ ਦੇਸ਼ ਉੱਤੇ ਸਭ ਤੋਂ ਵੱਡਾ ਹਮਲਾ ਬਣ ਗਿਆ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਹਜ਼ਾਰਾਂ ਯੂਕ੍ਰੇਨੀ ਨਾਗਰਿਕ ਮਾਰੇ ਗਏ ਹਨ ਅਤੇ ਸੈਂਕੜੇ ਹਜ਼ਾਰਾਂ ਫ਼ੌਜੀ ਮਾਰੇ ਗਏ ਹਨ। ਜੂਨ 2022 ਤੱਕ, ਰੂਸੀ ਫ਼ੌਜਾਂ ਨੇ ਯੂਕ੍ਰੇਨ ਦੇ ਲਗਭਗ 20% ਖੇਤਰ 'ਤੇ ਕਬਜ਼ਾ ਕਰ ਲਿਆ। ਜਨਵਰੀ 2022 ਵਿੱਚ 41 ਮਿਲੀਅਨ ਦੀ ਆਬਾਦੀ ਵਿੱਚੋਂ, ਲਗਭਗ 8 ਮਿਲੀਅਨ ਯੂਕ੍ਰੇਨੀਅਨ ਅੰਦਰੂਨੀ ਤੌਰ 'ਤੇ ਉੱਜੜ ਗਏ ਸਨ ਅਤੇ ਅਪ੍ਰੈਲ 2023 ਤੱਕ 8.2 ਮਿਲੀਅਨ ਤੋਂ ਵੱਧ ਲੋਕ ਦੇਸ਼ ਛੱਡ ਕੇ ਭੱਜ ਗਏ ਸਨ, ਜਿਸ ਨਾਲ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਦਾ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਪੈਦਾ ਹੋਇਆ ਸੀ। ਜੰਗ ਦੇ ਕਾਰਨ ਹੋਏ ਵਿਆਪਕ ਵਾਤਾਵਰਣ ਨੁਕਸਾਨ, ਜਿਸ ਨੂੰ ਵਿਆਪਕ ਤੌਰ 'ਤੇ ਈਕੋਸਾਈਡ ਵਜੋਂ ਦਰਸਾਇਆ ਗਿਆ ਹੈ, ਨੇ ਦੁਨੀਆ ਭਰ ਵਿੱਚ ਭੋਜਨ ਸੰਕਟ ਵਿੱਚ ਯੋਗਦਾਨ ਪਾਇਆ।

ਸੋਵੀਅਤ ਯੂਨੀਅਨ ਦੇ ਭੰਗ ਹੋਣ ਤੋਂ ਬਾਅਦ, ਰੂਸ ਨੇ ਸਾਲ 2014 ਵਿੱਚ ਯੂਕ੍ਰੇਨ ਦੇ ਕਰੀਮੀਆ ਖੇਤਰ ਨੂੰ ਆਪਣੇ ਨਾਲ ਮਿਲਾ ਲਿਆ। ਇਸ ਤੋਂ ਬਾਅਦ, ਪੂਰਬੀ ਯੂਕ੍ਰੇਨ ਵਿੱਚ ਰੂਸ ਪੱਖੀ ਬਾਗੀ ਸਮੂਹਾਂ ਨੇ ਡੋਨੇਟਸਕ ਅਤੇ ਲੁਹਾਨਸਕ ਖੇਤਰਾਂ ਵਿੱਚ ਇੱਕ ਟਕਰਾਅ ਸ਼ੁਰੂ ਕਰ ਦਿੱਤਾ। ਟਕਰਾਅ ਦੀ ਚੰਗਿਆੜੀ ਭੜਕਦੀ ਰਹੀ ਅਤੇ ਅੰਤ ਵਿੱਚ ਇਹ ਇੱਕ ਵੱਡੀ ਜੰਗ ਵਿੱਚ ਬਦਲ ਗਈ।

ਇਸ ਜੰਗ ਕਾਰਨ ਦੋਵੇਂ ਦੇਸ਼ਾਂ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਦੋਵਾਂ ਦੇਸ਼ਾਂ ਵਿੱਚ ਮਹਿੰਗਾਈ 'ਚ ਬਹੁਤ ਜ਼ਿਆਦਾ ਵਾਧਾ ਹੋ ਗਿਆ ਹੈ। ਇਸ ਜੰਗ ਕਾਰਨ ਦੋਵਾਂ ਦੇਸ਼ਾਂ ਦੀ ਅਰਥਵਿਵਸਥਾ ਡਾਵਾਂਡੋਲ ਹੋ ਗਈ ਹੈ। ਇਸ ਵੇਲੇ, ਯੂਕ੍ਰੇਨ ਦੀ ਆਰਥਿਕਤਾ ਮੰਦੀ ਦੇ ਸੰਕੇਤ ਦਿਖਾ ਰਹੀ ਹੈ ਅਤੇ ਇਸ ਦੇ ਥੱਕੇ ਹੋਏ ਸੈਨਿਕ ਆਪਣੀ ਜ਼ਮੀਨ ਨੂੰ ਫੜਨ ਲਈ ਸੰਘਰਸ਼ ਕਰ ਰਹੇ ਹਨ। ਇਸੇ ਤਰ੍ਹਾਂ, ਇਹ ਜੰਗ ਰੂਸ ਲਈ ਵੀ ਚੰਗੀ ਨਹੀਂ ਰਹੀ ਹੈ ਅਤੇ ਇਸ ਦੀ ਆਰਥਿਕਤਾ ਵੀ ਢਹਿ-ਢੇਰੀ ਹੋਣ ਲੱਗੀ ਹੈ। ਇਸ ਸਮੇਂ ਦੋਵੇਂ ਦੇਸ਼ ਕੱਖੋਂ ਹੌਲੇ ਹੋ ਗਏ ਹਨ। ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਰੂਸ ਅਤੇ ਯੂਕ੍ਰੇਨ ਨੂੰ ਕੀਤੀਆਂ ਜਾ ਰਹੀਆਂ ਸ਼ਾਂਤੀ ਦੀਆਂ ਅਪੀਲਾਂ ਦੇ ਬਾਵਜੂਦ ਇਸ ਜੰਗ ਦਾ ਕੋਈ ਅੰਤ ਦਿਖਾਈ ਨਹੀਂ ਦੇ ਰਿਹਾ। ਹੁਣ ਰੂਸ ਦੇ ਰਾਸ਼ਟਰਪਤੀ ਪੂਤਿਨ ਅਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵਿਚਾਲੇ ਅਲਾਸਕਾ 'ਚ ਮੀਟਿੰਗ ਤੋਂ ਬਾਅਦ ਇਹਨਾਂ ਦੋਵਾਂ ਆਗੂਆਂ ਵਿਚਾਲੇ ਮਾਸਕੋ ਵਿਖੇ ਹੋਣ ਵਾਲੀ ਅਗਲੀ ਮੀਟਿੰਗ ਵੱਲ ਦੁਨੀਆ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਹੁਣ ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਟਰੰਪ ਦੀ ਅਗਵਾਈ ਵਿੱਚ ਜਲਦੀ ਹੀ ਪੂਤਿਨ ਅਤੇ ਜੇਲੈਂਸਕੀ ਵਿਚਾਲੇ ਮਹੱਤਵਪੂਰਨ ਮੁਲਾਕਾਤ ਹੋਵੇਗੀ, ਜਿਸ ਵਿੱਚ ਰੂਸ-ਯੂਕ੍ਰੇਨ ਜੰਗ ਨੂੰ ਰੋਕਣ ਬਾਰੇ ਸਹਿਮਤੀ ਬਣ ਸਕਦੀ ਹੈ।

***

## ਸ੍ਰੀ ਦਰਬਾਰ ਸਾਹਿਬ ਫਿਰਕੂਆਂ,

ਇਸ ਵੀਡੀਓ ਪਿੱਛੇ ਮਨੋਰਥ ਕੀ ਹੈ? ਕੌਣ ਬਣਾ ਰਿਹਾ ਹੈ ਅਤੇ ਵਾਇਰਲ ਕਰ ਰਿਹਾ ਹੈ? ਇਹ ਸਵਾਲ ਪੰਥਕ ਮਾਨਸਿਕਤਾ ਵਿੱਚ ਗੂੰਜ ਰਹੇ ਹਨ। ਸ੍ਰੀ ਦਰਬਾਰ ਸਾਹਿਬ ਫਿਰਕੂ ਅਤੇ ਨਸਲਵਾਦੀ ਅਨਸਰਾਂ ਨੂੰ ਕਿਉਂ ਰਾਸ ਨਹੀਂ ਆ ਰਿਹਾ? ਇਹ ਅਸਥਾਨ ਸਿੱਖ ਧਰਮ ਦਾ ਕੇਂਦਰ ਹੀ ਨਹੀਂ ਬਲਕਿ ਸਾਰੀਆਂ ਜਾਤਾਂ-ਧਰਮਾਂ ਲਈ ਸਾਂਝੀਵਾਲਤਾ ਦਾ ਪ੍ਰਤੀਕ ਹੈ। ਫਿਰ ਵੀ ਇਸ ਤੇ ਵਾਰ-ਵਾਰ ਹਮਲੇ ਕਿਉਂ ਹੋ ਰਹੇ ਹਨ? ਇਤਿਹਾਸ ਨੂੰ ਵੇਖੀਏ ਤਾਂ ਸ੍ਰੀ ਦਰਬਾਰ ਸਾਹਿਬ 'ਤੇ ਕਈ ਵਾਰ ਹਮਲੇ ਹੋਏ ਹਨ। 18ਵੀਂ ਸਦੀ ਵਿੱਚ ਅਫ਼ਗਾਨ ਹਮਲਾਵਰਾਂ ਨੇ ਕਈ ਵਾਰ ਇਸ ਨੂੰ ਲੁੱਟਿਆ ਅਤੇ ਨੁਕਸਾਨ ਪਹੁੰਚਾਇਆ। ਅਹਿਮਦ ਸ਼ਾਹ ਅਬਦਾਲੀ ਨੇ 1762 ਵਿੱਚ ਇਸ ਨੂੰ ਤੋਪਾਂ ਨਾਲ ਉਡਾਇਆ ਸੀ, ਪਰ ਸਿੱਖ ਪੰਥ ਨੇ ਇਸ ਨੂੰ ਮੁੜ ਬਣਾਇਆ। 1955 ਵਿੱਚ ਭਾਰਤ ਸਰਕਾਰ ਨੇ ਪੰਜਾਬੀ ਸੂਬੇ ਦੀ ਮੰਗ ਤੇ ਅੰਦੋਲਨ ਨੂੰ ਦਬਾਉਣ ਲਈ ਪੁਲੀਸ ਨਾਲ ਹਮਲਾ ਕੀਤਾ, ਜਿਸ ਵਿੱਚ ਟੀਅਰ ਗੈਸ ਸ਼ੈੱਲ ਵਰਤੇ ਗਏ ਅਤੇ ਕਈ ਸਿੱਖ ਜ਼ਖਮੀ ਹੋਏ।

ਸਭ ਤੋਂ ਭਿਆਨਕ ਮਾਮਲਾ 1984 ਦਾ ਘਲੂਘਾਰਾ ਸੀ, ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਫੌਜ ਨਾਲ ਹਮਲਾ ਕੀਤਾ। 1 ਤੋਂ 8 ਜੂਨ ਤੱਕ ਚੱਲੇ ਇਸ ਆਪ੍ਰੇਸ਼ਨ ਵਿੱਚ ਸੈਂਕੜੇ ਸਿੱਖ ਮਾਰੇ ਗਏ ਅਤੇ ਅਕਾਲ ਤਖ਼ਤ ਸਾਹਿਬ ਨੂੰ ਨੁਕਸਾਨ ਪਹੁੰਚਿਆ। ਹਾਲੀਆ ਸਾਲਾਂ ਵਿੱਚ ਵੀ ਦਰਬਾਰ ਸਾਹਿਬ ਨੂੰ ਖਤਮ ਕਰਨ ਦੀਆਂ ਧਮਕੀਆਂ ਜਾਰੀ ਹਨ। ਜੁਲਾਈ 2025 ਵਿੱਚ ਬੰਬ ਧਮਕੀ ਵਾਲੇ ਈਮੇਲ ਆਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਨੇ ਏ.ਆਈ. ਪਲੇਟਫਾਰਮਾਂ 'ਤੇ ਗਲਤ ਜਾਣਕਾਰੀ ਬਾਰੇ ਵੀ ਚਿੰਤਾ ਜ਼ਾਹਰ ਕੀਤੀ ਹੈ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਮਿਸਇੰਫਰਮੇਸ਼ਨ ਨੂੰ ਰੋਕਿਆ ਜਾਵੇ।

ਪਰ ਸਵਾਲ ਇਹ ਹੈ ਕਿ ਅਸਲ ਅਪਰਾਧੀ ਕੌਣ ਹਨ? ਅਤੇ ਪੁਲਿਸ ਕਿਉਂ ਨਹੀਂ ਫੜ ਸਕਦੀ? ਏ.ਆਈ. ਨਾਲ ਹੁਣ ਇਹ ਹਮਲੇ ਡਿਜੀਟਲ ਰੂਪ ਲੈ ਰਹੇ ਹਨ, ਜੋ ਵੱਡਾ ਖ਼ਤਰਾ ਹੈ। ਐੱਸ.ਜੀ.ਪੀ.ਸੀ. ਨੇ ਏ.ਆਈ. ਨੂੰ ਸਿੱਖ ਇਤਿਹਾਸ ਅਤੇ ਗੁਰਬਾਣੀ ਬਾਰੇ ਗਲਤ ਜਾਣਕਾਰੀ ਨੂੰ ਰੋਕਣ ਲਈ ਵੀ ਅਪੀਲ ਕੀਤੀ ਹੈ।

ਸਿੱਖ ਸਮਾਜ ਵਿੱਚ ਇਸ ਨੂੰ ਲੈ ਕੇ ਗੁੱਸਾ ਹੈ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਸਰਕਾਰ ਨਵੇਂ ਕਾਨੂੰਨ ਬਣਾਏ। ਏ.ਆਈ. ਨੂੰ ਨਿਯੰਤਰਿਤ ਕਰਨ ਲਈ ਭਾਰਤ ਵਿੱਚ ਅਜੇ ਕੋਈ ਮਜ਼ਬੂਤ ਕਾਨੂੰਨ ਨਹੀਂ ਹੈ, ਜੋ ਇੱਕ ਵੱਡੀ ਘਾਟ ਹੈ। ਅਜਿਹੇ ਅਨਸਰਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ, ਨਹੀਂ ਤਾਂ ਭਵਿੱਖ ਵਿੱਚ ਵੱਡੇ ਵਿਵਾਦ ਪੈਦਾ ਹੋ ਸਕਦੇ ਹਨ।

***

## ਖਾੜੀ ਦੇਸ਼ਾਂ ਵੱਲ ਪੰਜਾਬੀਆਂ ਦਾ

ਵਿੱਚ ਪੰਜਾਬੀ ਮਜ਼ਦੂਰ ਜ਼ਿਆਦਾਤਰ ਉਸਾਰੀ ਦੇ ਕੰਮਾਂ ਵਿੱਚ ਲੱਗਦੇ ਨੇ। ਇਮੀਗਰੇਸ਼ਨ ਨਾਲ ਜੁੜੇ ਮਾਹਿਰ ਗੁਰਪ੍ਰੀਤ ਸਿੰਘ ਦੱਸਦੇ ਨੇ ਕਿ ਬਹੁਤੀਆਂ ਕੰਪਨੀਆਂ ਭਾਰਤ ਵਿਚੋਂ ਲੇਬਰ ਸਪਲਾਈ ਕਰਦੀਆਂ ਨੇ, ਜਿਨ੍ਹਾਂ ਵਿੱਚ ਜ਼ਿਆਦਾਤਰ ਕਾਮੇ ਇੱਟਾਂ-ਰੋੜੇ ਵਾਲੇ ਕੰਮ, ਪਲੰਬਰੀ, ਬਿਜਲੀ ਦੇ ਕੰਮ ਜਾਂ ਹੋਰ ਮਸ਼ੀਨੀ ਕੰਮਾਂ ਵਿੱਚ ਜੁੜਦੇ ਨੇ। ਜਿਹੜੇ ਵਰਕਰਾਂ ਕੋਲ ਤਕਨੀਕੀ ਹੁਨਰ ਹੁੰਦਾ ਹੈ, ਉਹ ਚੰਗੀ ਕਮਾਈ ਵੀ ਕਰ ਲੈਂਦੇ ਨੇ। ਪਰ ਜਿਹੜੇ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਨੇ, ਉਹ ਮੁਸ਼ਕਿਲ ਨਾਲ ਦੋ-ਚਾਰ ਲੱਖ ਰੁਪਏ ਸਾਲ ਵਿੱਚ ਕਮਾ ਪਾਉਂਦੇ ਨੇ, ਜੋ ਭਾਰਤ ਦੇ ਮੁਕਾਬਲੇ ਤਾਂ ਠੀਕ-ਠਾਕ ਹੈ, ਪਰ ਜੀਵਨ ਦੀਆਂ ਮੁਸ਼ਕਿਲਾਂ ਨੂੰ ਵੇਖਦਿਆਂ ਬਹੁਤੀ ਵੱਡੀ ਰਕਮ ਨਹੀਂ। ਔਰਤਾਂ ਵੀ ਇਨ੍ਹਾਂ ਮੁਲਕਾਂ ਵਿੱਚ ਘਰੇਲੂ ਮਜ਼ਦੂਰੀ ਜਾਂ ਹੋਰ ਛੋਟੇ-ਮੋਟੇ ਕੰਮ ਕਰਦੀਆਂ ਨੇ, ਪਰ ਕਈ ਵਾਰ ਉਨ੍ਹਾਂ ਨਾਲ ਸ਼ੋਸ਼ਣ ਦੀਆਂ ਖਬਰਾਂ ਵੀ ਸਾਹਮਣੇ ਆਉਂਦੀਆਂ ਨੇ।

### ਪੰਜਾਬੀ ਅੱਗੇ, ਹਰਿਆਣਾ ਪਿੱਛੇ ਕਿਉਂ ?

ਪੰਜਾਬੀਆਂ ਵਿੱਚ ਖਾੜੀ ਮੁਲਕਾਂ ਵਿੱਚ ਜਾਣ ਦਾ ਰੁਝਾਨ ਵਧਣ ਦੀਆਂ ਕਈ ਵਜ੍ਹਾਵਾਂ ਨੇ। ਪਹਿਲਾਂ ਤਾਂ ਇਹ ਰਾਹ ਸਸਤਾ ਹੈ, ਕਿਉਂਕਿ ਇਨ੍ਹਾਂ ਮੁਲਕਾਂ ਵਿੱਚ ਜਾਣ ਲਈ ਵੀਜ਼ੇ ਤੇ ਹੋਰ ਖਰਚੇ ਘੱਟ ਨੇ। ਦੂਜਾ, ਪੰਜਾਬ ਵਿੱਚ ਬੇਰੁਜ਼ਗਾਰੀ ਤੇ ਘੱਟ ਆਮਦਨ ਵਾਲੀਆਂ ਨੌਕਰੀਆਂ ਨੇ ਨੌਜਵਾਨਾਂ ਨੂੰ ਵਿਦੇਸ਼ ਵੱਲ ਧੱਕਿਆ। ਇਸ ਦੇ ਉਲਟ, ਹਰਿਆਣੇ ਵਿੱਚ ਖੇਤੀਬਾੜੀ ਤੇ ਉਦਯੋਗਿਕ ਖੇਤਰ ਵਿੱਚ ਮੌਕੇ ਜ਼ਿਆਦਾ ਨੇ, ਜਿਸ ਕਾਰਨ ਉੱਥੋਂ ਦੇ ਲੋਕ ਖਾੜੀ ਮੁਲਕਾਂ ਵੱਲ ਘੱਟ ਝੁਕਦੇ ਨੇ। ਇਸ ਤੋਂ ਇਲਾਵਾ, ਪੰਜਾਬ ਵਿੱਚ ਵਿਦੇਸ਼ ਜਾਣ ਦਾ ਸੱਭਿਆਚਾਰ ਵੀ ਡੂੰਘਾ ਜੜ੍ਹਿਆ ਹੋਇਆ ਹੈ, ਜੋ ਨੌਜਵਾਨਾਂ ਨੂੰ ਬਾਹਰ ਜਾਣ ਲਈ ਪ੍ਰੇਰਦਾ ਹੈ। ਰਾਜਸਥਾਨ ਵਿਚੋਂ 1.11 ਲੱਖ, ਪੱਛਮੀ ਬੰਗਾਲ ਵਿਚੋਂ 1.24 ਲੱਖ ਤੇ ਕੇਰਲ 'ਚੋਂ 77,722 ਵਰਕਰ ਵੀ ਇਨ੍ਹਾਂ ਮੁਲਕਾਂ ਵਿੱਚ ਗਏ, ਪਰ ਪੰਜਾਬ ਦਾ ਰੁਝਾਨ ਇਸ ਮਾਮਲੇ ਵਿੱਚ ਵੱਖਰਾ ਤੇ ਤੇਜ਼ ਹੈ।

ਪਰ ਇਸ ਸਾਰੇ ਸਿਲਸਿਲੇ ਵਿੱਚ ਚਿੰਤਾ ਦੀ ਗੱਲ ਇਹ ਹੈ ਕਿ ਖਾੜੀ ਮੁਲਕਾਂ ਵਿੱਚ ਪੰਜਾਬੀ ਵਰਕਰਾਂ, ਖਾਸ ਕਰਕੇ ਔਰਤਾਂ, ਨੂੰ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁਸ਼ਕਿਲ ਹਾਲਾਤ, ਘੱਟ ਤਨਖਾਹ ਤੇ ਅਣਸੁਰੱਖਿਅਤ ਮਾਹੌਲ ਕਈ ਵਾਰ ਜਾਨ-ਮਾਲ ਦਾ ਖਤਰਾ ਵੀ ਬਣ ਜਾਂਦੇ ਨੇ। ਫਿਰ ਵੀ, ਘਰ ਦੀਆਂ ਮਜਬੂਰੀਆਂ ਤੇ ਰੋਟੀ ਦੀ ਭੁੱਖ ਪੰਜਾਬੀ ਨੌਜਵਾਨਾਂ ਨੂੰ ਇਨ੍ਹਾਂ ਖਤਰਿਆਂ ਵੱਲ ਧੱਕਦੀ ਹੈ।

***

## ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ

ਹੁਕਮ ਦਿੱਤਾ ਹੈ। ਜਿਹੜੇ ਸਿੰਘ ਗੁਰੂ ਸਾਹਿਬ ਦੇ ਇਸ ਹੁਕਮ ਨੂੰ ਮੰਨਦਿਆਂ ਰਾਗਾਂ ਵਿੱਚ ਕੀਰਤਨ ਕਰਦੇ ਹਨ, ਉਨ੍ਹਾਂ ਦਾ ਸਨਮਾਨ ਕਰਨਾ ਸਾਡੀ ਸਮੂਹ ਸੰਗਤ ਦੀ ਜ਼ਿੰਮੇਵਾਰੀ ਹੈ।' ਉਨ੍ਹਾਂ ਅੱਗੇ ਕਿਹਾ ਕਿ ਭਾਈ ਗੁਰਮੀਤ ਸਿੰਘ ਸ਼ਾਂਤ ਨੇ ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਨਾ ਸਿਰਫ਼ ਜਿਉਂਦਾ ਰੱਖਿਆ, ਸਗੋਂ ਇਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਵੀ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦੀਆਂ ਸੇਵਾਵਾਂ ਨੂੰ ਸਤਿਕਾਰਦਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਭਾਈ ਸਾਹਿਬ ਦਾ ਸਨਮਾਨ ਕੀਤਾ ਹੈ।

ਭਾਈ ਗੁਰਮੀਤ ਸਿੰਘ ਸ਼ਾਂਤ ਗੁਰਮਤਿ ਸੰਗੀਤ ਦੇ ਇੱਕ ਅਜਿਹੇ ਸੋਮੇ ਵਜੋਂ ਜਾਣੇ ਜਾਂਦੇ ਹਨ, ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ 31 ਰਾਗਾਂ ਵਿੱਚ ਕੀਰਤਨ ਦੀ ਪਰੰਪਰਾ ਨੂੰ ਜਿਉਂਦਾ ਰੱਖਣ ਦਾ ਬੀੜਾ ਚੁੱਕਿਆ। ਉਨ੍ਹਾਂ ਦੀ ਸੰਗੀਤ ਪ੍ਰਤੀ ਸਮਰਪਣ ਅਤੇ ਗੁਰਮਤਿ ਸੰਗੀਤ ਦੀ ਸੰਭਾਲ ਲਈ ਕੀਤੇ ਗਏ ਯਤਨ ਅੱਜ ਦੀ ਪੀੜ੍ਹੀ ਲਈ ਮਿਸਾਲ ਹਨ। ਉਨ੍ਹਾਂ ਨੇ ਨਾ ਸਿਰਫ਼ 31 ਰਾਗਾਂ ਦੀ ਬਾਰੀਕੀਆਂ ਨੂੰ ਸਮਝਿਆ, ਸਗੋਂ ਇਸ ਨੂੰ ਸੰਗਤਾਂ ਤੱਕ ਪਹੁੰਚਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੀਆਂ ਸੇਵਾਵਾਂ ਨੇ ਗੁਰਮਤਿ ਸੰਗੀਤ ਦੀ ਸਮਰੱਥਾ ਨੂੰ ਵਧਾਇਆ ਅਤੇ ਇਸ ਨੂੰ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਦਿੱਤੀ।

ਸਮਾਗਮ ਦੌਰਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਇੱਕ ਅਹਿਮ ਮੁੱਦੇ 'ਤੇ ਵੀ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ, 'ਅੱਜਕੱਲ੍ਹ ਬਹੁਤ ਸਾਰੇ ਰਾਗੀ ਫ਼ਿਲਮੀ ਸੰਗੀਤ ਦੀਆਂ ਟਿਊਨਾਂ 'ਤੇ ਗੁਰਬਾਣੀ ਦਾ ਕੀਰਤਨ ਕਰਕੇ ਗੁਰੂ ਸ਼ਬਦ ਦਾ ਅਪਮਾਨ ਕਰ ਰਹੇ ਹਨ। ਇਹ ਗੁਰਮਤਿ ਸੰਗੀਤ ਦੀ ਪਰੰਪਰਾ ਦੇ ਵਿਰੁੱਧ ਹੈ। ਜਥੇਦਾਰ ਅਕਾਲ ਤਖਤ ਸਾਹਿਬ ਨੂੰ ਇਸ ਮੁੱਦੇ 'ਤੇ ਨੋਟਿਸ ਲੈਣਾ ਚਾਹੀਦਾ ਹੈ ਅਤੇ ਅਜਿਹੇ ਰਾਗੀਆਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ, ਤਾਂ ਜੋ ਗੁਰਮਤਿ ਸੰਗੀਤ ਦੀ ਪਵਿੱਤਰਤਾ ਬਣੀ ਰਹੇ।'

ਇਸ ਸਨਮਾਨ ਨਾਲ ਭਾਈ ਗੁਰਮੀਤ ਸਿੰਘ ਸ਼ਾਂਤ ਦੀਆਂ ਸੇਵਾਵਾਂ ਨੂੰ ਨਾ ਸਿਰਫ਼ ਮਾਨਤਾ ਮਿਲੀ, ਸਗੋਂ ਗੁਰਮਤਿ ਸੰਗੀਤ ਦੀ ਸੰਭਾਲ ਅਤੇ ਪ੍ਰਚਾਰ ਲਈ ਵੀ ਇੱਕ ਪ੍ਰੇਰਣਾਦਾਇਕ ਕਦਮ ਸਾਬਤ ਹੋਇਆ। ਭਾਈ ਸਾਹਿਬ ਦੀ ਸੰਗੀਤ ਪ੍ਰਤੀ ਸਮਰਪਣ ਅਤੇ ਗੁਰਮਤਿ ਸੰਗੀਤ ਦੀ ਸੰਭਾਲ ਲਈ ਕੀਤੇ ਗਏ ਯਤਨ ਨੌਜਵਾਨ ਪੀੜ੍ਹੀ ਲਈ ਇੱਕ ਪ੍ਰੇਰਣਾ ਸਰੋਤ ਹਨ। ਉਨ੍ਹਾਂ ਦੀਆਂ ਸੇਵਾਵਾਂ ਨੇ ਸਿੱਖ ਸੰਗਤ ਨੂੰ ਗੁਰਬਾਣੀ ਦੇ 31 ਰਾਗਾਂ ਵਿੱਚ ਕੀਰਤਨ ਦੀ ਮਹੱਤਤਾ ਨੂੰ ਸਮਝਣ ਅਤੇ ਇਸ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇਸ ਸਮਾਗਮ ਰਾਹੀਂ ਇਹ ਸੁਨੇਹਾ ਦਿੱਤਾ ਕਿ ਗੁਰਮਤਿ ਸੰਗੀਤ ਸਿੱਖ ਧਰਮ ਦੀ ਅਹਿਮ ਪਹਿਚਾਣ ਹੈ ਅਤੇ ਇਸ ਦੀ ਸੰਭਾਲ ਕਰਨਾ ਸਮੁੱਚੀ ਸੰਗਤ ਦੀ ਜ਼ਿੰਮੇਵਾਰੀ ਹੈ। ਸੰਸਥਾ ਦੇ ਇਸ ਉਪਰਾਲੇ ਨੇ ਗੁਰਮਤਿ ਸੰਗੀਤ ਦੇ ਮਾਹਿਰਾਂ ਨੂੰ ਸਤਿਕਾਰਨ ਦੀ ਪਰੰਪਰਾ ਨੂੰ ਹੋਰ ਮਜ਼ਬੂਤ ਕੀਤਾ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਪਵਿੱਤਰ ਸੰਗੀਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ। ਇਸ ਮੌਕੇ ਬਾਵਾ ਖਰਬੰਦਾ, ਮਨਦੀਪ ਸਿੰਘ ਪ੍ਰਿੰਸੀਪਲ, ਜੀਰੋ ਫ਼ੀਸ ਖ਼ਾਲਸਾ ਸਕੂਲ, ਪ੍ਰੇਮ ਸਿੰਘ ਮਿਸ਼ਨਰੀ ਕਾਲਜ, ਸਿਮਰਜੋਤ ਸਿੰਘ ਸ਼ੈਰੀ, ਕੰਵਲਜੀਤ ਸਿੰਘ ਜਮਸ਼ੇਰ, ਗੁਰਪ੍ਰੀਤ ਸਿੰਘ ਰਾਜੂ ਆਦਿ ਸ਼ਾਮਲ ਸਨ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

LIKE & SHARE

www.amritsartimes.live

Please like and share

## ਪ੍ਰੇਮ ਪੂੰਗਰਾ

ਉਸ ਮੁੱਖ ਉਤੇ ਅੱਜ ਕੋਈ ਮੁਸਕ੍ਰਾਹਟ ਨਹੀਂ ਸੀ, ਜਿਹਨੂੰ ਵੇਖਿਆਂ ਦਰਸ਼ਕਾਂ ਦੀਆਂ ਅੱਖਾਂ ਆਪਮੁਹਾਰੀਆਂ ਹਸ ਪੈਂਦੀਆਂ ਸਨ, ਕਈ ਨਾਵਾਕਫ਼ ਇਸਤ੍ਰੀਆਂ ਉਸ ਨੂੰ ਵੇਖ ਕੇ ਯਤਨ ਨਾਲ ਆਪਣੀ ਮੁਸਕ੍ਰਾਹਟ ਰੋਕਦੀਆਂ ਹੁੰਦੀਆਂ ਸਨ। ਉਸ ਜ਼ਬਾਨ ਵਿੱਚ ਅੱਜ ਕੋਈ ਬਲ ਨਹੀਂ ਸੀ ਜਿਹੜਾ ਦਿਲਾਂ ਨੂੰ ਧੂ ਪਾਣ ਵਾਲੇ ਸ਼ਬਦ ਪਤਾ ਨਹੀਂ ਕਿਥੋਂ ਕੱਢ ਲਿਆਇਆ ਕਰਦੀ ਸੀ।

ਅਸੀਂ ਆਪਣੇ ਕੀਤੇ ਦੀ ਭੁਲ ਬਖ਼ਸ਼ਾਣ ਆਏ ਹਾਂ, ਅਸੀਂ ਬੜੇ ਸ਼ਰਮਿੰਦੇ ਹਾਂ-ਤੁਸੀਂ ਸਾਨੂੰ ਮਾਫੀ ਦਿਓ ਤੇ ਛੇਤੀ ਰਾਜ਼ੀ ਹੋ ਕੇ ਆਪਣੀ ਬੇੜੀ ਵਿੱਚ ਬਹਿ ਕੇ ਸਾਡੇ ਕੋਲ ਆਓ-ਇਹ ਬੇੜੀ ਤਿੰਨਾਂ ਦਿਨਾਂ ਦੀ ਨਹੀਂ ਆਈ-ਸਾਨੂੰ ਇਉਂ ਲਗਦਾ ਏ, ਸਾਡਾ ਮਾਲੀ ਘਰੀ ਨਹੀਂ ਆਇਆ-ਅਸੀਂ ਉਦਾਸ ਹਾਂ, ਢਿਡ ਭਰ ਕੇ ਰੋਟੀ ਨਹੀਂ ਖਾਧੀ ਤੁਸੀਂ ਸਾਨੂੰ ਮਾਫ਼ੀ ਦਿਓ ਇਹ ਮੁੰਡੇ ਬੜੇ ਪ੍ਰੇਸ਼ਾਨ ਨੇ।

ਪ੍ਰੇਮ-ਪੂੰਗਰੇ ਨੇ ਵਡੇ ਸਰਹਾਣੇ ਵਲ ਇਸ਼ਾਰਾ ਕੀਤਾ, ਵੀਰੋ ਨੇ ਸਰ੍ਹਾਣਾ ਚੁੱਕ ਲਿਆ ਤੇ ਰਜਨੀ ਨੇ ਪਤੀ ਦੇ ਲਕ ਪਿਛੇ ਬਾਹਾਂ ਦਿਤੀਆਂ, ਵੀਰੋ ਨੇ ਸਰ੍ਹਾਣਾ ਰਖ ਦਿਤਾ। ਪ੍ਰੇਮ-ਪੂੰਗਰਾ ਬਹਿ ਗਿਆ ਤੇ ਹੌਲੀ ਜਿਹੀ ਉਸ ਨੇ ਆਖਿਆ,

ਮੈਂ ਬੜਾ ਰਾਜ਼ੀ ਹਾਂ ਕਿ ਤੁਸੀਂ ਆਏ ਹੋ ਇਹ ਕਦੇ ਨ ਸਮਝਣਾ ਮੈਂ ਗੁੱਸੇ ਹੋਣ ਕਰਕੇ ਤਿੰਨਾਂ ਦਿਨਾਂ ਤੋਂ ਤੁਹਾਡੇ ਕੋਲ ਨਹੀਂ ਆਇਆ-ਮੈਂ ਕਦੇ ਨਾਗਾ ਨਹੀਂ ਸੀ ਪਾਇਆ-ਕਦੇ ਪਾਣਾ ਵੀ ਨਹੀਂ, ਸੱਟਾਂ, ਮੈਨੂੰ ਰੋਜ਼ ਲਗਦੀਆਂ ਸਨ, ਮੇਰਾ ਪਰਿਵਾਰ ਮੈਨੂੰ ਰੋਜ਼ ਵਰਜਦਾ ਸੀ ਪਰ ਨਿਕੇ ਮੋਟੇ ਫੱਟਾਂ ਉਤੇ ਪਟੀਆਂ ਬੰਨ੍ਹ ਕੇ ਮੈਂ ਆਪਣੀ ਰੋਜ਼ਾਨਾ ਯਾਤਰਾ ਖ਼ੁਸ਼ੀ ਨਾਲ ਨਿਭਾਇਆ ਕਰਦਾ ਸਾਂ, ਉਦਨ ਵੱਟੇ ਮੇਰੀ ਹਿੱਕ ਅਤੇ ਪੁੜਪੁੜੀ 'ਚ ਆ ਲੱਗੇ, ਮੇਰੇ-ਵਸ ਦੀ ਗੱਲ ਨਾ ਰਹੀ -ਬੇੜੀ ਦਾ ਵੀਲ ਮੇਰੇ ਹੱਥੋਂ ਛੁਟ ਗਿਆ। ਬੇ-ਕਾਬੂ ਬੇੜੀ ਪਤਾ ਨਹੀਂ ਕਦੋਂ ਕੰਢੇ ਨਾਲ ਜਾ ਟਕਰੀ, ਡੁੱਬਣ ਲਗੀ ਨੂੰ ਵੀਰੋ ਨੇ ਵੇਖ ਲਿਆ ਤੇ ਮੈਨੂੰ ਵਿਚੋਂ ਕਢ ਲਿਆ। ਜਦੋਂ ਮੈਨੂੰ ਹੋਸ਼ ਆਈ ਤਾਂ ਏਥੇ ਮੇਰੇ ਸਰ੍ਹਾਣੇ ਵੀਰੋ ਤੇ ਮੇਰੀ ਪਤਨੀ ਸੇਕ ਦੇ ਰਹੀਆਂ ਸਨ- ਕਈਆਂ ਦੀਆਂ ਅੱਖਾਂ ਵਿਚੋਂ ਅੱਥਰੂ ਤ੍ਰਿਪ ਤ੍ਰਿਪ ਕਰ ਰਹੇ ਸਨ।

ਪਰ ਯਕੀਨ ਜਾਣੋ-ਮੈਂ ਇਕ ਪਲ ਲਈ ਵੀ ਤੁਹਾਡੇ ਨਾਲ ਗੁੱਸੇ ਨਹੀਂ ਹੋਇਆ। ਜੇ ਮੇਰੇ ਵਿਚ ਜ਼ਰਾ ਵੀ ਹਿੰਮਤ ਬਾਕੀ ਰਹੀ ਹੁੰਦੀ ਤੇ ਮੇਰੀ ਬੇੜੀ ਡੁੱਬੀ ਨਾ ਹੁੰਦੀ ਤਾਂ ਦੂਜੀ ਸ਼ਾਮ ਹੀ ਤੁਸੀਂ ਮੈਨੂੰ ਆਪਣੇ ਪਿੰਡ ਕੋਲੋਂ ਲੰਘਦਾ ਵੇਖਦੇ ਤੁਹਾਡੇ ਵੇਖੇ ਬਿਨਾਂ ਜੀਉ ਨਹੀਂ ਸਕਦਾ - ਤੁਸੀਂ ਹੁਣ ਮੇਰਾ ਜੀਵਨ ਬਣ ਗਏ ਹੋ, ਤੁਹਾਡੇ ਵਟਿਆਂ ਨਾਲ ਮੋਇਆਂ ਵੀ ਮੈਨੂੰ ਕਸ਼ਟ ਨਹੀਂ ਹੋਣ ਲਗਾ-ਪਰ ਮੇਰੇ ਜੀਵਨ ਦਾ ਕੰਮ ਤੁਸੀਂ ਹੀ ਹੋ। ਜਿੰਨਾ ਚਿਰ ਮੈਂ ਜੀਊ ਸਕਦਾ ਹਾਂ ਮੇਰੀ ਬੇੜੀ ਤੁਹਾਡੇ ਹੀ ਕੰਢਿਆਂ ਵਿਚਕਾਰ ਗੇੜੇ ਕਢਦੀ ਰਹੇਗੀ। ਤੁਹਾਡੇ ਵਟਿਆਂ ਨਾਲ ਡੁੱਬੇ ਜਾਂ ਤੁਹਾਡੀ ਸੇਵਾ ਵਿੱਚ ਖ਼ਸਤਾ ਹੋ ਕੇ ਮੁੱਕੇ, ਇਸ ਦਾ ਅੰਤ ਤੁਹਾਡੇ ਹੀ ਪਾਣੀਆਂ ਵਿੱਚ ਹੋਵੇਗਾ।

ਕੋਲ ਬੈਠਿਆਂ ਦੇ ਨਿਰੇ ਅਥਰੂ ਹੀ ਨਹੀਂ ਸਨ ਵਗ ਰਹੇ, ਉਭੇ ਸਾਹਾਂ ਦੀ ਆਵਾਜ਼ ਵੀ ਆ ਰਹੀ ਸੀ, ਪਰ ਪ੍ਰੇਮ-ਪੂੰਗਰੇ ਦਾ ਚਿਹਰਾ ਥਕਾਵਟ ਦੇ ਬਾਵਜੂਦ ਵੀ ਸਾਫ਼ ਹੁੰਦਾ ਜਾ ਰਿਹਾ ਸੀ।

ਹੁਣ ਮੈਂ ਛੇਤੀ ਰਾਜ਼ੀ ਹੋ ਜਾਵਾਂਗਾ ਬੇੜੀ ਨੂੰ ਕਢਾਵਾਂਗਾ, ਤੇ ਫੇਰ ਤੁਹਾਡੇ ਦਰਸ਼ਨ ਕਰਾਂਗਾ- ਤੁਸੀਂ ਤਸੱਲੀ ਰਖੋ ਪਰ ਅੱਜ ਮੈਨੂੰ ਜ਼ਰੂਰ ਮਾਫ਼ ਕਰ ਦੇਣਾ ਕਿ ਤੁਸੀਂ ਆਏ ਹੋ ਤੇ ਮੇਰੇ ਕੋਲ ਤੁਹਾਡੇ ਲਈ ਕੋਈ ਮੁਸਕ੍ਰਾਹਟ, ਨਹੀਂ--ਬਿਨਾਂ ਮੁਸਕਰਾਹਟ ਦੇ ਕਿਸੇ ਨੂੰ ਮਿਲਣਾ ਮੈਂ ਪਾਪ ਸਮਝਦਾ ਹਾਂ-ਪਰ ਅੱਜ ਮੇਰੇ ਬੁਲ ਪੀੜਤ ਹਨ ਮੇਰਾ ਸਾਰਾ ਅੰਦਰ ਦੁਖ ਰਿਹਾ ਹੈ-ਕੋਸ਼ਸ਼ ਕੀਤਿਆਂ ਵੀ ਮੈਂ। ਹੱਸ ਨਹੀਂ ਸਕਿਆ-ਮੈਨੂੰ ਖਿਮਾ ਕਰਨ, ਮੈਂ ਛੇਤੀ ਤੁਹਾਡੇ ਕੋਲ ਆ ਕੇ ਹੱਸਾਂਗਾ-ਮੈਂ ਤੁਹਾਨੂੰ ਹਸਾਵਾਂਗਾ, ਮੇਰਾ ਦੁਨੀਆਂ ਵਿੱਚ ਕੋਈ ਹੋਰ ਮਨੋਰਥ ਨਹੀਂ -ਮੈਂ ਦੁਨੀਆਂ ਦੀ ਮੁਸਕ੍ਰਾਹਟ ਵਧਾਣ ਲਈ ਆਪਣਾ ਸਭ ਕੁਝ ਅਰਪਨ ਕਰਨਾ ਚਾਹੁੰਦਾ ਹਾਂ-ਬਾਹਰਲੀ ਕੁਦਰਤੀ ਮੁਸਕਾਹਟ ਨੂੰ ਮੈਂ ਅੰਦਰਲੀ ਚੰਗਿਆਈ ਵਿਚੋਂ ਉਠਦੀ, ਭਾਅ ਸਮਝਦੇ ਹਾਂ, ਤੁਹਾਡੇ ਪਿਆਰ ਦਾ ਪਾਤਰ ਹੋਣ ਦਾ ਜਤਨ......

ਵੀਰਾਂ ਨੇ ਸਿਰ੍ਹਾਣਾ ਝਟ ਪਟ ਚੁਕ ਲਿਆ-ਰਜਨੀ ਨੇ ਲੱਕ ਦੁਆਲੇ ਬਾਹਾਂ ਪਾ ਲਈਆਂ। ਪ੍ਰੇਮ-ਪੂੰਗਰੇ ਦਾ ਰੰਗ ਇਕ ਦਮ ਪੀਲਾ ਹੋ ਗਿਆ ਸੀ, ਡਾਢੀ ਥਕਾਵਟ ਦੇ ਨਿਸ਼ਾਨ ਸਨ। ਜਾਪਦਾ ਸੀ ਬੇਹੋਸ਼ੀ ਦਾ ਫ਼ਿਟ ਆ ਰਿਹਾ ਸੀ। ਸਿਧਾ ਮੰਜੇ 'ਤੇ ਲਿਟਾ ਦਿਤਾ।

ਪਿੰਡ ਦੇ ਆਦਮੀ ਪਤਨੀ ਦੇ ਇਸ਼ਾਰੇ ਉਤੇ ਉਠ ਖਲੋਤੇ, ਤੇ ਕਿਸੇ ਨੇ ਹਥਾਂ ਨੂੰ, ਕਿਸੇ ਨੇ ਪੈਰਾਂ ਨੂੰ ਚੁੰਮਿਆ ਤੇ ਭਰੇ ਹੋਏ ਕਲੇਜਿਆਂ ਨੂੰ ਥੰਮਦੇ ਹੋਏ ਕਈ ਵਾਰੀ ਮੁੜ ਮੁੜ ਕੇ ਤਕਦੇ ਹੋਏ ਚਲੇ ਗਏ। ਖ਼ਾਤਰ ਜਮਾਂ ਰਖੋ, ਜਦ ਇਹ ਤਕੜੇ ਹੁੰਦੇ ਨੇ ਅਸੀਂ ਸਾਰੇ ਹੀ ਤੁਹਾਡੇ ਪਿੰਡ ਆਵਾਂਗੇ। ਰਜਨੀ ਨੇ ਉਹਨਾਂ ਨੂੰ ਆਸ ਦੁਆਈ।

***

## ਬੱਚਿਆਂ ਦਾ ਸਹੀ

ਬੱਚਿਆਂ ਲਈ ਘਰ ਵਿੱਚ ਉਸਾਰੂ ਮਾਹੌਲ ਹੋਣਾ ਚਾਹੀਦਾ ਹੈ ਅਤੇ ਬੱਚਿਆਂ ਦੀ ਪੜ੍ਹਾਈ ਦੇ ਨਾਲ ਉਹਨਾਂ ਦੇ ਮਨੋਰੰਜਨ ਦਾ ਵੀ ਖਿਆਲ ਰਖਣਾ ਚਾਹੀਦਾ ਹੈ। ਬੱਚਿਆਂ ਨੂੰ ਬਚਪਣ ਵਿੱਚ ਹੀ ਸੈਰ ਅਤੇ ਕਸਰਤ ਕਰਨ ਦੀ ਆਦਤ ਪਾ ਦੇਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਸੈਰ ਅਤੇ ਕਸਰਤ ਦੇ ਲਾਭ ਵੀ ਦਸੇ ਜਾਣੇ ਚਾਹੀਦੇ ਹਨ।

ਬੱਚਿਆਂ ਨੂੰ ਕਦੇ ਵੀ ਇਕਲਿਆ ਨਹੀਂ ਛੱਡਣਾ ਚਾਹੀਦਾ ਪਰ ਅੱਜ ਕੱਲ ਮਾਤਾ ਪਿਤਾ ਦੋਵਾਂ ਦੇ ਨੌਕਰੀ ਪੇਸ਼ਾ ਜਾਂ ਦੁਕਾਨਦਾਰ ਜਾਂ ਹੋਰ ਕੰਮ ਕਾਜ ਕਰਦੇ ਹੋਣ ਕਾਰਨ ਬੱਚਿਆਂ ਨੂੰ ਕਈ ਵਾਰ ਇੱਕਲੇ ਛੱਡਣਾ ਮਜਬੂਰੀ ਹੁੰਦੀ ਹੈ। ਇਸ ਲਈ ਅਜਿਹਾ ਪ੍ਰਬੰਧ ਕੀਤਾ ਜਾਣਾ ਜਰੂਰੀ ਹੈ ਕਿ ਬੱਚਿਆਂ ਨੂੰ ਇੱਕਲਾ ਪਣ ਨਾ ਮਹਿਸੂਸ ਹੋਵੇ। ਬੱਚਿਆਂ ਦੀ ਹਰ ਸਹੂਲਤ ਦਾ ਖਿਆਲ ਰਖਣਾ ਚਾਹੀਦਾ ਹੈ। ਇਸਦੇ ਨਾਲ ਬੱਚਿਆਂ ਨੂੰ ਵੀ ਆਪਣੇ ਮਾਪਿਆਂ ਦੀ ਆਰਥਿਕ ਸਥਿਤੀ ਨੂੰ ਸਮਝਣਾ ਚਾਹੀਦਾ ਹੈ ਅਤੇ ਫਾਲਤੂ ਦੀਆਂ ਚੀਜਾਂ ਲੈਣ ਲਈ ਜਿੱਦ ਨਹੀਂ ਕਰਨੀ ਚਾਹੀਦੀ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਹੀ ਗਲਤ ਦੀ ਜਾਣਕਾਰੀ ਜਰੂਰ ਦੇਣ ਤਾਂ ਕਿ ਬੱਚਿਆਂ ਨੂੰ ਆਪਣੇ ਭਲੇ ਅਤੇ ਬੁਰੇ ਬਾਰੇ ਵੀ ਜਾਣਕਾਰੀ ਹੋਵੇ। ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਮਾਪਿਆਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਇਹ ਬੱਚੇ ਦੇਸ਼ ਦਾ ਰੌਸ਼ਣ ਭਵਿੱਖ ਬਣ ਸਕਣ।

***

## ਕੀ ਭਾਰਤੀ ਆਰਥਿਕਤਾ ਨੂੰ ਨੁਕਸਾਨ

ਅਸਲੀਅਤ ਕੀ ਹੈ? ਭਾਰਤ ਦੀ 2021 'ਚ ਪ੍ਰਤੀ ਵਿਅਕਤੀ ਸਾਲਾਨਾ ਆਮਦਨ 2,250 ਡਾਲਰ ਸੀ, ਜਦਕਿ ਬਰਤਾਨੀਆ ਦੀ 46,115 ਡਾਲਰ ਸੀ ਅਤੇ 2025 ਤੱਕ ਬਰਤਾਨੀਆ ਦੇ ਅੰਕੜੇ ਵਧ ਕੇ 54,949 ਡਾਲਰ ਤੇ ਭਾਰਤ ਦੇ 2,879 ਡਾਲਰ ਹੋ ਗਏ। ਮਤਲਬ ਬਰਤਾਨੀਆ ਨੇ ਇਸ ਸਮੇਂ ਦੌਰਾਨ ਪ੍ਰਤੀ ਵਿਅਕਤੀ ਸਾਲਾਨਾ ਆਮਦਨ 8000 ਡਾਲਰ ਤੱਕ ਵਧਾ ਲਈ ਤੇ ਭਾਰਤ ਵਿੱਚ ਸਿਰਫ਼ 600 ਡਾਲਰ ਦਾ ਹੀ ਵਾਧਾ ਹੋ ਸਕਿਆ। ਭਾਰਤੀ ਅਰਥਵਿਵਸਥਾ 2011-12 ਤੋਂ ਪਹਿਲਾਂ (ਯੂ.ਪੀ.ਏ. ਦੇ ਸ਼ਾਸਨ ਦੌਰਾਨ) ਕਈ ਸਾਲਾਂ ਤੱਕ 8-9 ਫ਼ੀਸਦੀ ਦੀ ਬਿਹਤਰੀਨ ਦਰ ਨਾਲ ਵਧੀ ਸੀ। ਪਰ 2014 ਤੋਂ ਬਾਅਦ ਇਹ ਵਾਧਾ ਦਰ ਔਸਤਨ 6 ਕੁ ਫ਼ੀਸਦੀ ਦੇ ਨੇੜੇ-ਤੇੜੇ ਚੱਲ ਰਹੀ ਹੈ।

ਹੁਣ ਜ਼ਰਾ ਆਪਣੇ ਗੁਆਂਢੀ ਚੀਨ ਦੀ ਉੱਨਤੀ 'ਤੇ ਗੌਰ ਕਰੋ। 1987 ਵਿੱਚ ਭਾਰਤ ਤੇ ਚੀਨ ਦੀ 'ਨਾਮੀਨਲ ਜੀ.ਡੀ.ਪੀ.' ਤਕਰੀਬਨ ਬਰਾਬਰ ਸੀ। ਚੀਨ 1990 ਤੋਂ ਥੋੜ੍ਹਾ ਅੱਗੇ ਵਧਣ ਲੱਗਾ ਤੇ ਇਸ ਸਮੇਂ 2025 ਵਿੱਚ ਉਸ ਦੀ ਜੀ.ਡੀ.ਪੀ. ਭਾਰਤ ਨਾਲੋਂ 4.6 ਗੁਣਾ ਵਧੇਰੇ ਹੈ। ਉਹ ਇੱਕ ਉਤਪਾਦਕ ਦੈਂਤ ਬਣ ਚੁੱਕਾ ਹੈ। ਤਕਨਾਲੋਜੀ ਦੀ ਖੋਜ ਤੇ ਵਿਕਾਸ ਮਾਮਲੇ ਵਿੱਚ ਚੀਨ ਦੀ ਤੁਲਨਾ ਅੱਜ ਅਮਰੀਕਾ ਨਾਲ ਹੁੰਦੀ ਹੈ। ਭਾਰਤੀ ਅਰਥਵਿਵਸਥਾ ਦੀਆਂ ਸਮੱਸਿਆਵਾਂ ਬਹੁਤ ਪੁਰਾਣੀਆਂ ਹਨ, ਜਿਨ੍ਹਾਂ ਦਾ ਹੱਲ ਸਿਰਫ਼ 'ਅੰਮ੍ਰਿਤਕਾਲ' ਦਾ ਨੈਰੇਟਿਵ ਚਲਾਉਣ ਨਾਲ ਨਹੀਂ ਹੋ ਸਕਦਾ। ਇਸ ਲਈ ਠੋਸ ਨੀਤੀਆਂ ਤੇ ਅਮਲਾਂ ਦੀ ਲੋੜ ਹੈ।

***

## ਚੋਣ ਕਮਿਸ਼ਨ ਅਤੇ ਈ.ਡੀ. ਪ੍ਰਤੀ

ਹਥਿਆਉਣ ਦੇ ਹਥਿਆਰ ਵਜੋਂ ਜਦੋਂ ਤੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ, ਉਦੋਂ ਤੋਂ ਉਹਨਾਂ ਦੇ ਕੰਮ ਕਾਰ 'ਚ ਪਾਰਦਰਸ਼ਤਾ ਖ਼ਤਮ ਹੋਣੀ ਸ਼ੁਰੂ ਹੋ ਗਈ ਹੈ। ਜਦੋਂ ਤੋਂ ਉਹਨਾ ਵੱਲੋਂ ਆਪਣੇ ਅਧਿਕਾਰਾਂ ਅਤੇ ਸੀਮਾਵਾਂ ਦੀ ਹੱਦ ਤੋੜਨੀ ਆਰੰਭੀ ਹੈ ਸਿਆਸਤਦਾਨਾਂ ਦੇ ਇਸ਼ਾਰੇ ਉਤੇ, ਉਦੋਂ ਤੋਂ ਦੇਸ਼ 'ਚ ਲੋਕਤੰਤਰ ਦੀਆਂ ਜੜ੍ਹਾਂ ਖੋਖਲੀਆਂ ਹੋ ਰਹੀਆਂ ਹਨ।

ਭਾਵੇਂ ਕਿ ਪਿਛਲੀਆਂ ਕਾਂਗਰਸੀ ਅਤੇ ਹੋਰ ਸਰਕਾਰਾਂ ਨੇ ਸੀ.ਬੀ.ਆਈ. ਨੂੰ ਪਿੰਜਰੇ ਦਾ ਤੋਤਾ ਬਣਾਇਆ, ਈ.ਡੀ. ਦੀ ਕੁਝ ਹੱਦ ਤੱਕ ਦੁਰਵਰਤੋਂ ਕੀਤੀ, ਚੋਣ ਕਮਿਸ਼ਨ ਰਾਹੀਂ ਸੁਵਿਧਾਜਨਕ ਸਮੇਂ ਵੋਟਾਂ ਕਰਾਉਣਾ ਆਰੰਭਿਆਂ, ਪਰ ਪਿਛਲੇ ਗਿਆਰਾਂ ਸਾਲਾਂ ਤੋਂ ਦੇਸ਼ 'ਤੇ ਸਾਸ਼ਨ ਕਰਦੀ ਸਰਕਾਰ ਨੇ ਤਾਂ ਹੱਦਾਂ ਬੰਨੇ ਹੀ ਤੋੜ ਦਿੱਤੇ ਹਨ। ਚੋਣ ਕਮਿਸ਼ਨ ਰਾਹੀਂ ਚੋਣਾਂ ਦੀਆਂ ਤਾਰੀਖਾਂ ਦੋ-ਦੋ ਮਹੀਨਿਆਂ ਤੱਕ ਆਪਣੀ ਸੁਵਿਧਾ ਅਨੁਸਾਰ ਸੁਰੱਖਿਆ ਅਤੇ ਕਾਨੂੰਨ ਦੇ ਨਾਂਅ ਤੇ ਕਰਵਾਈਆਂ ਜਾ ਰਹੀਆਂ ਹਨ, ਈ.ਡੀ. ਰਾਹੀਂ ਵਿਰੋਧੀ ਨੇਤਾਵਾਂ ਦੇ ਸਿਰ ਭੰਨਣ, ਉਹਨਾ ਨੂੰ ਲੋੜੋਂ ਵੱਧ ਧੰਨ ਇਕੱਠਾ ਕਰਨ ਦੇ ਨਾਂਅ 'ਤੇ ਬਦਨਾਮ ਕਰਨ ਲਈ ਕੇਸ ਦਰਜ਼ ਹੋ ਰਹੇ ਹਨ, ਪਰ ਆਪਣਿਆਂ ਨੂੰ ਬਖ਼ਸ਼ਿਆ ਜਾ ਰਿਹਾ ਹੈ। ਪਿਛਲੇ ਗਿਆਰਾਂ ਸਾਲਾਂ 'ਚ ਕਿੰਨੇ ਭਾਜਪਾ ਨੇਤਾਵਾਂ ਜਾਂ ਉਹਨਾ ਦੀਆਂ ਸਮਰਥਕ ਪਾਰਟੀਆਂ 'ਤੇ ਈ.ਡੀ. ਦੇ ਛਾਪੇ ਪਏ ਜਾਂ ਕੇਸ ਦਰਜ਼ ਹੋਏ? ਇਹ ਵੀ ਵੇਖਣ ਯੋਗ ਹੈ।

ਖ਼ੁਦਮੁਖਤਾਰ ਸੰਸਥਾਵਾਂ ਉਤੇ ਕਬਜ਼ੇ ਦੀਆਂ ਵੱਡੇ ਹਾਕਮ ਦੀਆਂ ਕੋਸ਼ਿਸ਼ਾਂ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹਨ। ਜਦੋਂ ਸਾਡੇ ਹਾਕਮਾਂ ਨੂੰ ਦਿਸਦਾ ਹੈ ਕਿ ਉਹਨਾ ਦੇ ਅਨੁਸਾਰ ਅਤੇ ਉਹਨਾ ਦੇ ਨਿੱਜੀ ਲਾਭ ਲਈ ਕੰਮ ਨਹੀਂ ਹੋ ਰਹੇ, ਉਹ ਹਰ ਹੀਲੇ ਇਹਨਾ ਸੰਸਥਾਵਾਂ ਨੂੰ ਸਵਾਰਥੀ ਬਿਊਰੋਕ੍ਰੈਸੀ ਰਾਹੀਂ ਵਰਤਦੇ ਹਨ। ਸਿਆਸਤਦਾਨ ਇਹਨਾਂ ਅਫ਼ਸਰਾਂ ਉਤੇ 'ਨਜ਼ਰ-ਏ-ਇਨਾਇਤ' ਰੱਖਦੇ ਹਨ ਅਤੇ ਇਵਜ਼ ਇਹ ਅਫ਼ਸਰ ਇਸਦਾ ਮੁੱਲ ਤਾਰਨ ਲਈ ਆਪਣੇ ਅਧਿਕਾਰਾਂ ਅਤੇ ਸੀਮਾਵਾਂ ਨੂੰ ਲੰਘਕੇ ਕੰਮ ਕਰਨ ਲੱਗਦੇ ਹਨ।

ਅੱਜ ਚੋਣ ਕਮਿਸ਼ਨ ਅਤੇ ਈ.ਡੀ. ਦੀ ਭਰੋਸੇਯੋਗਤਾ ਦਾਅ 'ਤੇ ਲੱਗੀ ਹੋਈ ਹੈ। ਚੋਣ ਕਮਿਸ਼ਨ ਦੀ ਪਾਰਦਰਸ਼ਤਾ ਉਤੇ ਸ਼ੰਕਾਵਾਂ ਭਾਰਤੀ ਲੋਕਤੰਤਰ ਦੀ ਨੀਂਹ ਹਿਲਾ ਦੇਣਗੀਆਂ। ਜੇਕਰ ਵੋਟਰ ਦਾ ਵਿਸ਼ਵਾਸ਼ ਚੋਣ ਕਮਿਸ਼ਨ 'ਤੇ ਤਿੜਕਦਾ ਹੈ ਤਾਂ ਇਹ ਦੇਸ਼ ਲਈ ਘਾਤਕ ਸਿੱਧ ਹੋਏਗਾ। ਚੋਣ ਕਮਿਸ਼ਨ ਨੂੰ ਆਪਣੇ ਡਿੱਗਦੇ ਵਕਾਰ, ਉੱਠਦੇ ਸਵਾਲਾਂ ਪ੍ਰਤੀ ਸੁਚੇਤ ਹੋ ਕੇ ਲੋਕ ਹਿੱਤ ਵਿੱਚ ਕੰਮ ਕਰਨਾ ਹੋਏਗਾ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਵਿਸ਼ੇਸ਼ ਸਿਆਸੀ ਧਿਰ ਲਈ।

**

## ਟਰੰਪ ਟੈਰਿਫ਼ ਦੀ ਅਮਰੀਕੀ ਚੁਣੌਤੀ

ਸੱਚ ਤਾਂ ਇਹ ਹੈ ਕਿ ਸਾਡੀ ਖਰੀਦ ਸ਼ਕਤੀ ਭਾਵ ਖਰਚ ਕਰਨ ਦੀ ਸਮਰੱਥਾ ਬਹੁਤ ਘੱਟ ਹੈ, ਇਸ ਲਈ ਕੋਈ ਵੀ ਕਿਉਂ ਆਪਣੇ ਬਿਹਤਰੀਨ ਉਤਪਾਦ ਸਾਨੂੰ ਵੇਚਣ ਲਈ ਆਪਣੀ ਪੂੰਜੀ ਇਥੇ ਲਗਾਏਗਾ? ਅਸੀਂ ਆਪਣੇ ਦੇਸ਼ ਵਿਚ ਬਣੇ ਉਤਪਾਦਾਂ ਨੂੰ ਨਹੀਂ ਖਰੀਦਦੇ ਅਤੇ ਮਹਿੰਗੇ ਦੱਸ ਕੇ ਸਸਤੇ ਵੇਚੇ ਜਾਂਦੇ ਵਿਦੇਸ਼ੀ ਸਾਮਾਨ ਨੂੰ ਖਰੀਦ ਲੈਂਦੇ ਹਾਂ ਤਾਂ ਉਨ੍ਹਾਂ ਨਾਲ ਮੁਕਾਬਲਾ ਕਿਵੇਂ ਕਰ ਸਕਦੇ ਹਾਂ? ਮਹਿੰਗਾਈ ਘੱਟ ਹੋਣ ਦਾ ਦਾਅਵਾ ਇਸ ਲਈ ਖੋਖਲਾ ਸਾਬਤ ਹੁੰਦਾ ਹੈ, ਕਿਉਂਕਿ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਬਾਅਦ ਸਾਡੀ ਜੇਬ ਵਿਚ ਕੁਝ ਵੀ ਨਹੀਂ ਬਚਦਾ, ਕਿ ਅਸੀਂ ਕੁਝ ਨਵਾਂ ਖਰੀਦ ਸਕੀਏ। ਦੇਸ਼ ਨੂੰ ਵਿਦੇਸ਼ੀ ਕਬਾੜ ਜਮ੍ਹਾਂ ਕਰਨ ਦੀ ਮਨੋਸਥਿਤੀ 'ਚੋਂ ਨਿਕਲਣਾ ਹੋਵੇਗਾ ਤਾਂ ਹੀ ਦੂਜੇ ਦੇਸ਼ ਆਪਣਾ ਵਧੀਆ ਉਤਪਾਦਨ ਸਾਡੇ ਖਰੀਦਣ ਲਈ ਲੈ ਕੇ ਆਉਣਗੇ। ਯੁੱਧ ਕੋਈ ਵੀ ਹੋਵੇ, ਡਰ ਕੇ ਨਹੀਂ ਲੜਿਆ ਜਾ ਸਕਦਾ। ਜਿੱਤ ਲਈ 'ਸਾਮ, ਦਾਮ, ਦੰਡ ਤੇ ਭੇਦ' ਸਭ ਕੁਝ ਜ਼ਰੂਰੀ ਹੁੰਦਾ ਹੈ। ਪਰ ਧਿਆਨ ਰੱਖਣਾ ਹੋਵੇਗਾ ਕਿ ਸਾਡੀ ਲੜਾਈ 'ਚ ਕੋਈ ਦਲਾਲ ਨਾ ਆ ਸਕੇ ਜੋ ਸਾਡਾ ਹਿਤੈਸ਼ੀ ਹੋਣ ਦਾ ਢੋਂਗ ਕਰੇ ਪਰ ਫ਼ਾਇਦਾ ਦੁਸ਼ਮਣ ਧਿਰ ਦਾ ਕਰਨਾ ਚਾਹੁੰਦਾ ਹੋਵੇ। ਦੇਸ਼ ਵਿੱਚ ਅਜਿਹੇ ਨਕਲੀ ਮੁਖੌਟਿਆਂ ਨਾਲ ਸਾਹਮਣੇ ਆਉਣ ਵਾਲੇ ਲੋਕਾਂ ਦੀ ਪਹਿਚਾਣ ਕਰਨੀ ਜ਼ਰੂਰੀ ਹੈ।

***

## ਅਮਰੀਕੀ ਅਰਥਵਿਵਸਥਾ 'ਤੇ ਮਹਿੰਗਾਈ

ਐਂਟੋਨੀ ਬੀ.ਐਲ.ਐਸ. ਦੇ ਆਲੋਚਕ ਰਹੇ ਹਨ ਅਤੇ ਇੱਥੋਂ ਤੱਕ ਕਿ ਮਾਸਿਕ ਗ਼ੈਰ-ਖੇਤੀ ਤਨਖਾਹ ਰਿਪੋਰਟ ਨੂੰ ਮੁਅੱਤਲ ਕਰਨ ਦਾ ਵਿਚਾਰ ਵੀ ਪੇਸ਼ ਕੀਤਾ ਹੈ ਜਦੋਂ ਤੱਕ ਡੇਟਾ ਸ਼ੁੱਧਤਾ ਨੂੰ ਬਿਹਤਰ ਢੰਗ ਨਾਲ ਬੀਮਾ ਨਹੀਂ ਕੀਤਾ ਜਾ ਸਕਦਾ।

ਬੀ.ਐਲ.ਐਸ. ਬਜਟ ਵਿੱਚ ਕਟੌਤੀਆਂ ਅਤੇ ਛਾਂਟੀ ਕਾਰਨ ਅੜਿੱਕਾ ਬਣਿਆ ਹੋਇਆ ਹੈ, ਜਿਸਨੇ ਇਸਨੂੰ ਡੇਟਾ ਇਕੱਠਾ ਕਰਨ ਦੇ ਤਰੀਕੇ ਨੂੰ ਬਦਲਣ ਲਈ ਮਜਬੂਰ ਕੀਤਾ ਹੈ। ਜੁਲਾਈ ਦੀ ਪੀ.ਪੀ.ਆਈ. ਰਿਪੋਰਟ ਬਿਊਰੋ ਦੁਆਰਾ ਇਨਪੁਟ ਲਾਗਤਾਂ ਦੀ ਸੰਪੂਰਨ ਗਿਣਤੀ ਤੋਂ ਲਗਭਗ 350 ਸ਼੍ਰੇਣੀਆਂ ਨੂੰ ਖਤਮ ਕਰਨ ਤੋਂ ਬਾਅਦ ਪਹਿਲੀ ਸੀ।

***

## ਨੇਪਾਲ ਵਿੱਚ ਹਿੰਦੂਤਵ ਦੀ ਸਿਆਸਤ ਵਿੱਚ

ਜਨਕਪੁਰ ਵਿੱਚ ਜਾਨਕੀ ਮੰਦਰ ਅਤੇ ਮਸਜਿਦ ਦਰਮਿਆਨ ਵਧਦੀ ਦੂਰੀ ਵੀ ਇਸ ਸਮੱਸਿਆ ਨੂੰ ਦਰਸਾਉਂਦੀ ਹੈ। ਪਹਿਲਾਂ ਜਿੱਥੇ ਮੁਸਲਮਾਨ ਅਤੇ ਹਿੰਦੂ ਇਕੱਠੇ ਵਿਵਾਹ ਪੰਚਮੀ ਵਰਗੇ ਤਿਉਹਾਰਾਂ ਵਿੱਚ ਸ਼ਾਮਲ ਹੁੰਦੇ ਸਨ, ਹੁਣ ਸਥਿਤੀ ਬਦਲ ਗਈ ਹੈ। 2018 ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਜਨਕਪੁਰ ਯਾਤਰਾ ਅਤੇ ਮੋਦੀ ਦੇ ਦੌਰੇ ਨੇ ਸਥਾਨਕ ਸਿਆਸਤ 'ਤੇ ਡੂੰਘਾ ਅਸਰ ਪਾਇਆ।

ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਹਿੰਦੂਤਵ ਦੀ ਸਿਆਸਤ ਨੇਪਾਲ ਦੀ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਨੂੰ ਚੁਣੌਤੀ ਦੇ ਰਹੀ ਹੈ। ਨੇਪਾਲ ਦੀ 5% ਮੁਸਲਮਾਨ ਅਤੇ 8% ਬੋਧੀ ਆਬਾਦੀ ਦੇ ਨਾਲ-ਨਾਲ ਹੋਰ ਘੱਟ-ਗਿਣਤੀ ਕੌਮਾਂ ਨੂੰ ਇਸ ਦੇ ਪ੍ਰਭਾਵ ਦੀ ਚਿੰਤਾ ਹੈ। ਮੁਸਲਮਾਨਾਂ ਦੀ ਵਧਦੀ ਆਬਾਦੀ ਅਤੇ ਧਰਮ ਪਰਿਵਰਤਨ ਦੇ ਮੁੱਦਿਆਂ ਨੇ ਵੀ ਹਿੰਦੂਤਵ ਸੰਗਠਨਾਂ ਨੂੰ ਹੋਰ ਸਰਗਰਮ ਕੀਤਾ ਹੈ।

ਨੇਪਾਲ ਦੀ ਸਰਕਾਰ ਅਤੇ ਸਮਾਜ ਨੂੰ ਇਸ ਸਥਿਤੀ ਨਾਲ ਨਜਿੱਠਣ ਲਈ ਸੁਚੇਤ ਅਤੇ ਸੰਤੁਲਿਤ ਪਹੁੰਚ ਦੀ ਲੋੜ ਹੈ, ਤਾਂ ਜੋ ਵਿਭਿੰਨਤਾ ਅਤੇ ਏਕਤਾ ਨੂੰ ਕਾਇਮ ਰੱਖਿਆ ਜਾ ਸਕੇ।

***

## ਅਮਰੀਕਾ ਨਾਲ ਵਪਾਰਕ ਗੱਲਬਾਤ

ਬਿਲੀਅਨ ਅਮਰੀਕੀ ਡਾਲਰ) ਕਿਫਾਇਤੀ ਕਰਜ਼ੇ, ਟੈਕਸ ਬਰੇਕਾਂ ਅਤੇ ਹੋਰ ਉਪਾਅ ਪ੍ਰਦਾਨ ਕਰੇਗੀ, ਜਿਸ ਵਿੱਚ ਛੋਟੇ ਕਾਰੋਬਾਰਾਂ ਅਤੇ ਨਾਸ਼ਵਾਨ ਭੋਜਨ ਦਾ ਵਪਾਰ ਕਰਨ ਵਾਲਿਆਂ ਨੂੰ ਤਰਜੀਹ ਦਿੱਤੀ ਜਾਵੇਗੀ।

ਇਹ ਪ੍ਰਭਾਵਿਤ ਪੇਂਡੂ ਅਤੇ ਖੇਤੀਬਾੜੀ-ਉਦਯੋਗਿਕ ਖੇਤਰਾਂ ਤੋਂ ਜਨਤਕ ਖਰੀਦ ਦੀ ਸਹੂਲਤ ਵੀ ਦਿੰਦਾ ਹੈ, ਨਿਰਯਾਤ ਗਾਰੰਟੀ ਪ੍ਰਣਾਲੀ ਨੂੰ ਆਧੁਨਿਕ ਬਣਾਉਂਦਾ ਹੈ ਅਤੇ ਉਤਪਾਦਨ ਲੜੀ ਵਿੱਚ ਟੈਕਸ ਰਿਫੰਡ ਪ੍ਰੋਗਰਾਮ ਨੂੰ ਮੁੜ ਸਰਗਰਮ ਕਰਦਾ ਹੈ। ਘੋਸ਼ਣਾ ਦੌਰਾਨ ਦਿੱਤੇ ਗਏ ਇੱਕ ਭਾਸ਼ਣ ਵਿੱਚ ਲੂਲਾ ਨੇ ਅਮਰੀਕੀ ਸਰਕਾਰ ਦੀ ਬ੍ਰਾਜ਼ੀਲੀ ਉਤਪਾਦਾਂ 'ਤੇ ਟੈਰਿਫ ਲਗਾਉਣ ਦੀ ਚੁਣੌਤੀ ਨੂੰ ਰੱਦ ਕਰ ਦਿੱਤਾ। ਟੈਰਿਫਾਂ ਨੂੰ ਅਨੁਚਿਤ ਦੱਸਦੇ ਹੋਏ ਬ੍ਰਾਜ਼ੀਲੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਫਿਲਹਾਲ ਕੋਈ ਵੀ ਪਰਸਪਰ ਉਪਾਅ ਨਹੀਂ ਲਗਾਉਣਗੇ।

ਗੌਰਤਲਬ ਹੈ ਕਿ 30 ਜੁਲਾਈ ਨੂੰ ਰਾਸ਼ਟਰਪਤੀ ਟਰੰਪ ਨੇ ਬ੍ਰਾਜ਼ੀਲੀ ਉਤਪਾਦਾਂ 'ਤੇ ਟੈਰਿਫ 50% ਤੱਕ ਵਧਾਉਣ ਵਾਲੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ, ਜਦੋਂ ਕਿ ਹਵਾਬਾਜ਼ੀ, ਊਰਜਾ ਅਤੇ ਖੇਤੀਬਾੜੀ ਵਰਗੇ ਰਣਨੀਤਕ ਖੇਤਰਾਂ ਵਿੱਚ 700 ਅਪਵਾਦਾਂ ਦੀ ਸੂਚੀ ਵੀ ਪੇਸ਼ ਕੀਤੀ। ਜਵਾਬ ਵਿੱਚ ਬ੍ਰਾਜ਼ੀਲੀ ਅਧਿਕਾਰੀਆਂ ਨੇ ਅਮਰੀਕਾ ਦੁਆਰਾ ਲਗਾਏ ਗਏ ਟੈਰਿਫਾਂ 'ਤੇ ਵਿਸ਼ਵ ਵਪਾਰ ਸੰਗਠਨ ਵਿੱਚ ਸਲਾਹ-ਮਸ਼ਵਰੇ ਲਈ ਬੇਨਤੀ ਪੇਸ਼ ਕੀਤੀ। ਇਸ ਕਦਮ ਨਾਲ ਕੌਫੀ, ਬੀਫ, ਸਮੁੰਦਰੀ ਭੋਜਨ, ਕੱਪੜਾ, ਜੁੱਤੀਆਂ ਅਤੇ ਫਲ ਵਰਗੇ ਉਦਯੋਗਾਂ ਨੂੰ ਨੁਕਸਾਨ ਹੋਣ ਦੀ ਉਮੀਦ ਹੈ।

***

## ਕੀ ਮਨੀਸ਼ ਸਿਸੋਦੀਆ ਵੱਲੋਂ ਪੰਜਾਬੀਆਂ ਨੂੰ

### ਪੰਜਾਬੀ ਵੋਟਰਾਂ ਅਤੇ ਸਿਆਸਤ 'ਤੇ ਕੀ ਅਸਰ ਹੋਵੇਗਾ?

ਇਸ ਵਿਵਾਦ ਨੇ 2027 ਚੋਣਾਂ ਤੋਂ ਪਹਿਲਾਂ ਆਪ ਦੀ ਰਣਨੀਤੀ ਅਤੇ ਨੈਤਿਕਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪੰਜਾਬੀ ਵੋਟਰ, ਜੋ ਕਿ ਆਪ ਨੂੰ 2022 ਵਿੱਚ ਅਥਾਹ ਭਰੋਸੇ ਨਾਲ ਚੁਣਿਆ ਸੀ, ਹੁਣ ਨਿਰਾਸ਼ ਹਨ। ਲੋਕਾਂ ਨੂੰ ਲੱਗ ਰਿਹਾ ਹੈ ਕਿ ਆਪ ਨੇ ਉਹਨਾਂ ਨਾਲ ਧੋਖਾ ਕੀਤਾ ਹੈ ਅਤੇ ਚੋਣਾਂ ਜਿੱਤਣ ਲਈ ਹਿੰਸਾ ਅਤੇ ਝੂਠ ਨੂੰ ਵਰਤੇਗੀ। ਸੋਸ਼ਲ ਮੀਡੀਆ ਤੇ ਲੋਕ ਕਹਿ ਰਹੇ ਹਨ ਕਿ ਆਪ ਪੰਜਾਬ ਵਿੱਚ ਖਤਮ ਹੋ ਜਾਵੇਗੀ ਅਤੇ ਇਹ ਪਾਰਟੀ ਦੇ ਅੰਤ ਦੀ ਸ਼ੁਰੂਆਤ ਹੈ।

ਵਿਰੋਧੀ ਪਾਰਟੀਆਂ ਇਸ ਨੂੰ ਵੱਡਾ ਮੁੱਦਾ ਬਣਾ ਕੇ ਆਪ ਨੂੰ ਘੇਰਨਗੀਆਂ। ਭਾਜਪਾ ਅਤੇ ਅਕਾਲੀ ਦਲ ਨੂੰ ਫਾਇਦਾ ਹੋ ਸਕਦਾ ਹੈ, ਜਦਕਿ ਕਾਂਗਰਸ ਵੀ ਆਪ ਨੂੰ ਫਿਰਕੂ ਕਹਿ ਕੇ ਵੋਟ ਖਿੱਚ ਸਕਦੀ ਹੈ। ਪੰਜਾਬ ਵਿੱਚ ਨੌਜਵਾਨ ਅਤੇ ਕਿਸਾਨ ਵੋਟਰ ਵੱਧ ਨਿਰਾਸ਼ ਹਨ, ਕਿਉਂਕਿ ਆਪ ਨੇ ਵਾਅਦੇ ਪੂਰੇ ਨਹੀਂ ਕੀਤੇ। ਇੱਕ ਪੋਸਟ ਵਿੱਚ ਕਿਹਾ ਗਿਆ ਕਿ ਜੇਕਰ ਆਪ ਪੰਜਾਬ ਹਾਰ ਗਈ ਤਾਂ ਪਾਰਟੀ ਖਤਮ ਹੋ ਜਾਵੇਗੀ। ਇਸ ਨੇ ਪੰਜਾਬੀਆਂ ਦੀ ਅਣਖ ਨੂੰ ਜਗਾ ਦਿੱਤਾ ਹੈ। ਪੰਜਾਬੀ ਇਤਿਹਾਸ ਤੋਂ ਸਿੱਖਦੇ ਹਨ ਅਤੇ ਚੰਗੇ-ਮਾੜੇ ਨੂੰ ਯਾਦ ਰੱਖਦੇ ਹਨ। ਇਹ ਵਿਵਾਦ ਆਪ ਲਈ ਇੱਕ ਵੱਡੀ ਚੁਣੌਤੀ ਹੈ ਅਤੇ ਜੇਕਰ ਉਹ ਨੇ ਨੁਕਸਾਨ ਨੂੰ ਨਹੀਂ ਸੰਭਾਲਿਆ ਤਾਂ 2027 ਵਿੱਚ ਉਹਨਾਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ।




ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AAJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com